ਐਮ.ਏ. (ਇਤਿਹਾਸ) ਭਾਗ ਪਹਿਲਾ (ਸਮੈਸਟਰ- ਪਹਿਲਾ) ਪਰਚਾ ਦੂਜਾ

# ਵਿਸ਼ਵ ਦਾ ਇਤਿਹਾਸ (1500-1815)

ਯੂਨਿਟ ਨੰ : 2 ਸੈਕਸ਼ਨ : ਬੀ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰਬਰ :

2.1 : ਕੌਮੀ ਸਭਾ : ਉਦੇਸ਼ ਅਤੇ ਪ੍ਰਾਪਤੀਆਂ

2.2 : ਨੈਪੋਲੀਅਨ ਦਾ ਉੱਥਾਨ : ਕੌਂਸੂਲੇਟ ਅਤੇ ਸਾਮਰਾਜ

2.3 : ਕਾਂਟੀਨੈਂਟਲ ਸਿਸਟਮ

2.4 : ਨੈਪੋਲੀਅਨ ਦੇ ਪਤਨ ਦੇ ਕਾਰਨ

2.5 : ਵਿਆਨਾ ਸਮਝੌਤਾ, 1815

ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।

**ਪਾਠ ਨੰ: 2.1**

# ਕੌਮੀ ਸਭਾ : ਉਦੇਸ਼ ਅਤੇ ਪ੍ਰਾਪਤੀਆਂ

**ਭੂਮਿਕਾ :** ਫ੍ਰਾਂਸ ਦੇ ਬਾਦਸ਼ਾਹ ਲੂਈ ਸੋਲ੍ਹਵੇਂ ਨੂੰ ਐਸਟੇਟਸ ਜਨਰਲ ਦਾ ਇਜਲਾਸ ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਹ ਸੋਚਿਆ ਗਿਆ ਕਿ ਇਹ ਰਾਜ ਦੀ ਵਿੱਤੀ ਸੰਕਟ ਹੱਲ ਕਰਨ ਵਿੱਚ ਮੱਦਦ ਦੇਵੇਗੀ। ਇਸ ਦਾ ਇਜਲਾਸ 5 ਮਈ, 1789 ਨੂੰ ਵਰਸੇਲਜ਼ ਵਿੱਚ ਹੋਇਆ। ਗ੍ਰਾਂਟ ਅਤੇ ਟੈਂਪਰਲੇ ਦੇ ਅਨੁਸਾਰ, ''ਤਿੰਨ ਸੂਬਿਆਂ ਵਿੱਚੋਂ ਆਏ ਪ੍ਰਤਿਨਿਧਾਂ ਦੀ ਗਿਣਤੀ 200 ਦੱਸਦੇ ਹਨ। ਤੀਜੀ ਅਸਟੇਟ ਜੋ ਕਿ ਆਮ ਲੋਕਾਂ ਦੀ ਪ੍ਰਤਿਨਿਧਤਾ ਕਰਦੀ ਸੀ, ਨੂੰ ਬਾਦਸ਼ਾਹ ਵੱਲੋਂ ਅੱਧ ਤੋਂ ਜ਼ਿਆਦਾ ਮੈਂਬਰ ਭੇਜਣ ਦੀ ਆਗਿਆ ਦਿੱਤੀ ਗਈ।'' ਪਹਿਲੀ ਐਸਟੇਟ ਜੋ ਕਿ ਪਾਦਰੀਆਂ ਦੀ ਪ੍ਰਤੀਨਿਧਤਾ ਕਰਦੀ ਸੀ ਉਸ ਦੇ ਲਗਭਗ 308 ਮੈਂਬਰ ਸਨ। ਜਦੋਂ ਕਿ ਦੂਜੀ ਐਸਟੇਟ ਜੋ ਕਿ ਕੁਲੀਨਾਂ ਦੀ ਸੀ, ਦੇ ਲਗਭਗ 300 ਮੈਂਬਰ ਸਨ। ਪਾਦਰੀਆਂ ਦਾ ਦੋ ਤਿਹਾਈ ਭਾਗ ਗਰੀਬ ਪਾਦਰੀਆਂ ਦਾ ਸੀ ਜਿਨ੍ਹਾਂ ਦੀ ਹੈਸੀਅਤ ਆਮ ਲੋਕਾਂ ਤੋਂ ਕੋਈ ਵਧੀਆ ਨਹੀਂ ਸੀ। ਇਸ ਲਈ ਜ਼ਰੂਰੀ ਸੀ ਕਿ ਉਹ ਤੀਜੀ ਐਸਟੇਟ ਦੇ ਪੱਖ ਵਿੱਚ ਜਾਣਗੇ ਨਾ ਕਿ ਵਿਸ਼ੇਸ਼ ਅਧਿਕਾਰਾਂ ਵਾਲੀ ਕੁਲੀਨ ਸ਼੍ਰੇਣੀ ਤੇ ਉੱਚੀ ਸ਼੍ਰੇਣੀ ਦੇ ਪਾਦਰੀਆਂ ਵੱਲ।

ਤੀਸਰੀ ਐਸਟੇਟ ਦੇ ਬਹੁਤ ਮੈਂਬਰ ਵਕੀਲ ਸਨ। ਉਹ ਵੀ ਦੂਜਿਆਂ ਮੈਂਬਰਾਂ ਦੀ ਤਰ੍ਹਾਂ ਰੂਸੋ ਅਤੇ ਉਸ ਦੇ ਸਾਥੀ ਦਾਰਸ਼ਨਿਕਾਂ ਦੇ ਕ੍ਰਾਂਤੀਕਾਰੀ ਸਿੱਧਾਂਤ ਤੋਂ ਪ੍ਰਭਾਵਿਤ ਹੋਏ ਸਨ। ਉਨ੍ਹਾਂ ਨੇ ਬਾਦਸ਼ਾਹ ਤੋਂ ਲੋੜੀਂਦੇ ਸੁਧਾਰਾਂ ਦੀ ਮੰਗ ਕੀਤੀ ਅਤੇ ਖਾਸ ਅਧਿਕਾਰ ਖਤਮ ਕਰਨ ਦੀ ਮੰਗ ਕੀਤੀ। ਚੋਣਾਂ ਤੋਂ ਥੋੜ੍ਹੀ ਦੇਰ ਪਹਿਲਾਂ ਪਾਦਰੀ ਪ੍ਰਤੀਨਿਧ ਸੀਏਜ (Sieyes) ਦੁਆਰਾ ਵੰਡਿਆ ਪੈਂਫਲਟ ਤੀਸਰੀ ਐਸਟੇਟ ਦੇ ਰੁਖ ਦੀ ਪ੍ਰਤੀਨਿਧਤਾ ਕਰਦਾ ਹੈ। ਉਹ ਕਹਿੰਦਾ ਹੈ, ''ਤਿੰਨ ਐਸਟੇਟਾਂ ਕੀ ਹਨ ? ਹਰ ਚੀਜ਼, ਰਾਜਨੀਤਿਕ ਖੇਤਰ ਵਿੱਚ ਹੁਣ ਕੀ ਸੀ ? ਕੁੱਝ ਵੀ ਨਹੀਂ ? ਇਸ ਨੇ ਕੀ ਮੰਗਿਆ ? ਜਿਸ ਦੀ ਕੋਈ ਗਿਣਤੀ ਹੋ ਸਕੇ।'' ਉਸ ਅਨੁਸਾਰ ਨਵੀਂ ਸਭਾ (ਅਸੈਂਬਲੀ) ਪਹਿਲੀਆਂ ਵਰਗੀ ਨਹੀਂ ਹੋਵੇਗੀ ਅਤੇ ਅਧਿਕਾਰ ਵਾਲੀਆਂ ਜਮਾਤਾਂ ਤੇ ਹਮਲਾ ਕਰੇਗੀ ਇਸ ਨੂੰ ਫ੍ਰਾਂਸ ਲਈ ਨਵਾਂ ਸੰਵਿਧਾਨ ਬਣਾਉਣਾ ਚਾਹੀਦਾ ਹੈ। ਪਰੰਤੂ ਕਿਸੇ ਨੂੰ ਇਸ ਤੋਂ ਇਹ ਨਤੀਜਾ ਨਹੀਂ ਕੱਢਣਾ ਚਾਹੀਦਾ ਕਿ ਸਭਾ ਦੇ ਮੈਂਬਰਾਂ ਵਿਚਲੇ ਸੁਧਾਰਕ ਲੋਕ ਰਾਜੇ ਸ਼ਾਹੀ ਦੇ ਖਿਲਾਫ ਜਾਣਗੇ। ਨੇਤਾਵਾਂ ਵਿੱਚ ਪੈਰਿਸ ਦਾ ਮੇਅਰ, ਕਾਊਂਟ ਮਿਰਾਬੋ ਐਡਵੋਕੇਟ ਬਰਨਵੇ, ਸੀਏਜ਼ ਤੇ ਗਰੈਗਰੀ (Gregorie) ਵਰਗੇ ਪਾਦਰੀ, ਟੈਲੀਚਾਂ ਡਿਉਪੋਰਟ (Talleyrand Duport) ਵਰਗੇ ਪਾਰਲੀਮੈਂਟ ਦੇ ਪੁਰਾਣੇ ਮੈਂਬਰ ਅਤੇ ਜਨਰਲ ਲਿਫਾਇਤੇ ਸ਼ਾਮਲ ਸਨ। ਉਨ੍ਹਾਂ ਵਿੱਚ ਕ੍ਰਾਂਤੀ ਦੀ ਭਾਵਨਾ ਭਰੀ ਹੋਈ ਸੀ ਤੇ ਇਕ ਤਰ੍ਹਾਂ ਨਾਲ ਉਹ ਵਿਸ਼ੇਸ਼ਾਧਿਕਾਰਾਂ ਦੇ ਖਾਤਮੇ ਦੀ ਮੰਗ ਦਾ

ਸਮੱਰਥਨ ਕਰਨਗੇ ਅਤੇ ਸਮਾਜਿਕ ਤੇ ਰਾਜਨੀਤਿਕ ਸਮਾਨਤਾ ਦੀ ਬਹਾਲੀ ਚਾਹੁਣਗੇ।

**ਕਹੀਰਜ਼ (Cahiers) :** ਐਸਟੇਟ ਜਨਰਲ ਦੇ ਮੈਂਬਰਾਂ ਕੋਲ ਇਕ ਤਰ੍ਹਾਂ ਦੇ ਮੰਗ ਪੱਤਰ ਸਨ ਜਿਨ੍ਹਾਂ ਨੂੰ ਕਹੀਰਜ਼ ਕਿਹਾ ਜਾਂਦਾ ਸੀ ਤੇ ਇਨ੍ਹਾਂ ਵਿਚ ਲੋਕਾਂ ਦੇ ਦੁਖਾਂ ਨੂੰ ਦੱਸਿਆ ਗਿਆ ਸੀ। ਇਨ੍ਹਾਂ ਗਿਣਤੀ 5000 ਤੋਂ 6000 ਤੱਕ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਹਿਲੀ ਅਤੇ ਦੂਜੀ ਐਸਟੇਟ ਦੇ ਕਹੀਰ ਇਕ ਦੂਜੇ ਨੂੰ ਹੀ ਪ੍ਰਭਾਵਿਤ ਕਰਦੇ ਸਨ। ਤੀਜੀ ਐਸਟੇਟ ਦੇ ਕਹੀਰਾਂ ਵਿੱਚ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਦੀ ਮੰਗ ਅਤੇ ਉੱਚੀਆਂ ਸ਼੍ਰੇਣੀਆਂ ਦੇ ਵਿਸ਼ੇਸ਼ਾਧਿਕਾਰਾਂ ਦੇ ਖਾਤਮੇ ਦੀ ਮੰਗ ਰੱਖੀ ਗਈ ਸੀ। ਪਰ ਇਨ੍ਹਾਂ ਵਿਰੋਧਤਾਈਆਂ ਦੇ ਬਾਵਜੂਦ ਕੁੱਝ ਨੁਕਤਿਆਂ ਤੇ ਤਿੰਨਾਂ ਐਸਟੇਟਾਂ ਦੇ ਕਹੀਰ ਸਹਿਮਤ ਸਨ। ਉਦਾਹਰਣ ਲਈ ਸੰਮਤੀ ਤੇ ਸ਼ਮਸੀ ਆਜ਼ਾਦੀ ਨੂੰ ਨਾ ਛੇੜਿਆ ਜਾਵੇ ਅਤੇ ਐਸਟੇਟ ਜਨਰਲ ਸਭਾਵਾਂ ਦੇ ਵਿਚਲੇ ਸਮੇਂ ਕਰਾਂ ਅਤੇ ਖਰਚਿਆਂ ਤੇ ਕੰਟਰੋਲ ਅਤੇ ਕਾਨੂੰਨ ਘੜਨਾ। ਉਹਨਾਂ ਨੇ ਖਰਚਿਆਂ ਵਿੱਚ ਕਟੌਤੀ ਤੇ ਜ਼ੋਰ ਦਿੱਤਾ ਅਤੇ ਸੰਵਿਧਾਨ ਬਣਾਉਣ ਅਤੇ ਮੰਤਰੀਆਂ ਨੂੰ ਜ਼ਿੰਮੇਵਾਰ ਬਣਾਉਣ ਦੀ ਮੰਗ ਕੀਤੀ। ਤੀਜੀ ਐਸਟੇਟ ਦੇ ਮੈਂਬਰ (ਜੋ ਕਿ 90 ਪ੍ਰਤੀਸ਼ਤ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ) ਉਹ ਆਪਣੇ ਕਹੀਰਾਂ ਨਾਲ ਰਾਜ ਦੇ ਮਾਮਲਿਆਂ ਵਿੱਚ ਆਪਣੀ ਮਰਜ਼ੀ ਪੁਗਾਣ ਲਈ ਜ਼ੋਰ ਪਾ ਸਕਦੇ ਸਨ। ਇਹ ਸ਼ਕਤੀ ਨਾਲ ਜਾਂ ਸੱਤਾ ਦੀ ਦੁਰਵਰਤੋਂ ਨਾਲ ਦਬਾਏ ਜਾਣ ਦੇ ਰੌਂ ਵਿੱਚ ਨਹੀਂ ਸਨ। ਉਹ ਕਰਾਂ ਦੇ ਮਾਮਲੇ ਤੇ ਵੋਟਾਂ ਪਾਉਣ ਦੀ ਬਜਾਏ ਨਿਆਂ ਤੇ ਸਮਾਨਤਾ ਪ੍ਰਾਪਤ ਕਰਨ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਸਨ।

ਬਦਕਿਸਮਤੀ ਨਾਲ ਐਸਟੇਟਸ ਜਨਰਲ ਦੇ ਮੈਂਬਰ ਸੰਸਦੀ ਮਾਮਲਿਆਂ ਵਿੱਚ ਅਨਾੜੀ ਸਨ ਅਤੇ ਰਾਜਾ ਵੀ ਅਜਿਹੀ ਮਹਾਂ ਅਸੈਂਬਲੀ (ਸਭਾ) ਨੂੰ ਅਗਵਾਈ ਦੇਣ ਜਾਂ ਕਾਬੂ ਵਿੱਚ ਰੱਖਣ ਦਾ ਗਿਆਨ ਨਹੀਂ ਰੱਖਦਾ ਸੀ। ਨਾਂ ਹੀ ਉਸ ਨੇ ਤੇ ਨਾ ਹੀ ਉਸ ਦੇ ਮੰਤਰੀ ਨੈਕਰ ਨੇ ਕੋਈ ਯੋਜਨਾ ਜਾਂ ਏਜੰਡਾਂ ਅਸੈਂਬਲੀ ਦੇ ਸਾਹਮਣੇ ਰੱਖਣ ਲਈ ਤਿਆਰ ਕੀਤਾ ਸੀ। ਇੱਥੋਂ ਤੱਕ ਕਿ ਮੀਟਿੰਗ ਦੀ ਕਾਰਵਾਈ ਚਲਾਉਣ ਲਈ ਵੀ ਕੋਈ ਦਸਤਾਵੇਜ਼ ਤਿਆਰ ਨਾ ਕੀਤਾ ਗਿਆ। ਨਾਂ ਹੀ ਉਸ ਦੀ ਮੀਟਿੰਗ ਦੇ ਚਲਾਉਣ ਬਾਰੇ ਕੋਈ ਫੈਸਲਾ ਕੀਤਾ ਗਿਆ। ਤਿੰਨੋ ਐਸਟੇਟਾਂ ਇਕੋ ਥਾਂ ਬੈਠਣਗੀਆਂ ਜਾਂ ਅਲੱਗ-ਅਲੱਗ, ਇਸ ਦਾ ਫੈਸਲਾ ਵੀ ਨਾ ਕੀਤਾ ਗਿਆ। ਤੀਜੀ ਐਸਟੇਟ ਦੇ ਮੈਂਬਰਾਂ ਨੇ ਮੰਗ ਕੀਤੀ ਕਿ ਤਿੰਨ ਐਸਟੇਟਾਂ ਦੇ ਮੈਂਬਰ ਇਕੋ ਥਾਂ ਬੈਠ ਦੇ ਸਾਰਿਆਂ ਮੁੱਦਿਆਂ ਤੇ ਇਜਲਾਸ ਵਿੱਚ ਫੈਸਲਾ ਕਰਨ।

ਜਦੋਂ ਮਈ, 1789 ਨੂੰ ਐਸਟੇਟਸ ਜਨਰਲ ਦੀ ਮੀਟਿੰਗ ਹੋਈ ਤਾਂ ਰਾਜੇ ਨੇ ਆਮ ਜਿਹਾ ਭਾਸ਼ਣ ਦਿੱਤਾ ਤੇ ਸਭਾ ਵਿੱਚੋਂ ਚਲਾ ਗਿਆ ਤੇ ਉਸ ਦੇ ਪਿੱਛੇ ਪਹਿਲੀਆਂ ਦੋ ਐਸਟੇਟਾਂ ਦੇ ਮੈਂਬਰ ਵੀ ਚਲੇ ਗਏ। ਪਰੰਤੂ ਤੀਸਰੀ ਐਸਟੇਟਸ ਵਾਲਿਆਂ ਨੇ ਬੈਠ ਕੇ ਸੋਚ ਵਿਚਾਰ ਜਾਰੀ ਰੱਖੀ। ਉੱਚੇ ਪਾਦਰੀਆਂ ਤੇ ਕੁਲੀਨਾਂ ਦੀ ਇੱਛਾ ਇਹੋ ਸੀ ਕਿ ਤਿੰਨੇ ਐਸਟੇਟਾਂ ਅਲੱਗ-ਅਲੱਗ ਮਿਲਣ ਕਿਉਂਕਿ ਉਹ ਸ਼ਕਤੀਸ਼ਾਲੀ ਤੀਸਰੀ ਐਸਟੇਟ ਦੇ ਫੈਸਲਿਆਂ ਨੂੰ ਰੱਦ ਕਰ ਸਕਦੇ ਸਨ। ਪਰੰਤੂ ਇਹ ਲੋਕ ਉਨ੍ਹਾਂ ਦੀ

ਗੱਲ ਸੁਨਣ ਲਈ ਵੀ ਤਿਆਰ ਨਹੀਂ ਸਨ। ਪੈਰਿਸ ਅਤੇ ਸੂਬਿਆਂ ਵਿੱਚ ਲੋਕ ਉਨ੍ਹਾਂ ਦੇ ਪਿੱਛੇ ਸਨ ਤੇ ਹਿੰਸਾ ਦੀ ਤਿਆਰੀ ਕਰ ਰਹੇ ਸਨ।

ਤੀਸਰੇ ਐਸਟੇਟ ਵਾਲੇ ਦੂਜਿਆਂ ਨੂੰ ਵੀ ਆਪਣੇ ਨਾਲ ਬੈਠਣ ਅਤ ਇਕੋ ਥਾਂ ਸਭਾ ਕਰਨ ਦੀ ਸਿਫਾਰਿਸ਼ ਕਰ ਰਹੇ ਸਨ। ਉਹ ਦੂਜੀਆਂ ਐਸਟੇਟਾਂ ਦੇ ਉਨ੍ਹਾਂ ਨਾਲ ਮਿਲ ਬੈਠਣ ਦੀ ਪੰਜ ਹਫ਼ਤੇ ਉਡੀਕ ਕਰਦੇ ਰਹੇ। 28 ਮਈ, 1789 ਨੂੰ ਪੈਰਿਸ ਦੇ ਨਾਇਬ ਜਿਨ੍ਹਾਂ ਵਿੱਚ ਬੋਲੀ (Baille) ਅਤੇ ਸੀਏਜ ਸ਼ਾਮਲ ਸਨ, ਉਨ੍ਹਾਂ ਨਾਲ ਮਿਲ ਗਏ। ਇਸ ਨਾਲ ਉਨ੍ਹਾਂ ਦੀ ਸਥਿਤੀ ਵਿਚ ਸੁਧਾਰ ਆਇਆ। ਤੀਜੀ ਐਸਟੇਟ ਨੇ ਕੁਲੀਨਾਂ ਤੇ ਬਿਸ਼ਪਾਂ ਨੂੰ ਸੁਨੇਹਾ ਭੇਜਿਆ ਕਿ ਉਹ ਵੀ ਆਣ ਪਰ ਇਸ ਦਾ ਕੋਈ ਵੀ ਅਸਰ ਨਾ ਹੋਇਆ, ਪਰ ਪਹਿਲੀ ਐਸਟੇਟ ਦੇ ਕੁੱਝ ਡਿਪਟੀ ਅਤੇ ਕੁਲੀਨ ਉਨ੍ਹਾਂ ਨਾਲ ਆ ਮਿਲੇ।

### ਐਸਟੇਟ ਜਨਰਲ ਨੇ ਆਪਣੇ ਆਪ ਨੂੰ ਕੌਮੀ ਸਭਾ (ਨੈਸ਼ਨਲ ਅਸੈਂਬਲੀ) ਵਿੱਚ ਬਦਲ ਲਿਆ:–

20 ਜੂਨ, 1789, ਦੂਜੀਆਂ ਐਸਟੇਟਾਂ ਦੇ ਮੈਂਬਰਾਂ ਦੀ ਉਡੀਕ ਵਿੰਚ ਥੱਕ ਚੁੱਕੇ ਤੇ ਦੂਜੀਆਂ ਐਸਟੇਟਾਂ ਤੇ ਕੁੱਝ ਮੈਂਬਰ ਆਉਣ ਕਰਕੇ ਅੱਧੀ ਤਾਕਤ ਨੇ, ਤੀਜੀ ਐਸਟੇਟਸ ਜੋ ਹੁਣ ਅਸਲ ਵਿੱਚ ਐਸਟੇਟਸ ਜਨਰਲ ਸੀ, ਆਪਣੇ ਆਪ ਨੂੰ (ਨੈਸ਼ਨਲ ਅਸੈਂਬਲੀ) ਕੌਮੀ ਸਭਾ ਘੋਸ਼ਿਤ ਕਰ ਦਿੱਤਾ। ਜਿਵੇਂ ਕਿ ਇਕ ਲੇਖਕ ਲਿਖਦਾ ਹੈ ਕਿ ਤਰਕ ਅਤੇ ਨਿਆ ਨੇ ਰਵਾਇਤ ਦੀ ਥਾਂ ਲੈ ਲਈ ਸੀ। ਉਨ੍ਹਾਂ ਨੇ ਅੱਗੇ ਘੋਸ਼ਣਾ ਕੀਤੀ ਕਿ ਉਨ੍ਹਾਂ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਟੈਕਸ ਨਹੀਂ ਲਗਾਇਆ ਜਾ ਸਕੇਗਾ। ਇਹ ਸੱਤਾ ਨੂੰ ਖੁੱਲ੍ਹੀ ਧਮਕੀ ਸੀ। 19 ਜੂਨ ਨੂੰ ਪਹਿਲੀ ਐਸਟੇਟ ਨੇ ਬਹੁਮਤ ਨਾਲ ਨੈਸ਼ਨਲ ਅਸੈਂਬਲੀ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ। ਕੁੱਝ ਇਕ ਨੂੰ ਛੱਡ ਕੇ ਕੁਲੀਨਾਂ ਨੇ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ। ਉਹ ਕੋਰਟ-ਪਾਰਟੀ ਨੂੰ ਅਮਲ ਵਿੱਚ ਲਿਆਉਣ ਲਈ ਜ਼ੋਰ ਪਾ ਸਕਦੇ ਹਨ। ਕੋਰਟ-ਪਾਰਟੀ ਨੇ (ਜਿਸ ਦਾ ਨੇਤਾ ਉਸ ਦਾ ਭਰਾ ਆਰਟੋਇਸ਼ਿਸ਼ ਸੀ) ਨੇ ਰਾਜੇ ਨੂੰ ਉਸ ਦੀ ਨੀਂਦ ਤੋਂ ਜਗਾਇਆ ਅਤੇ ਉਸ ਦੇ ਦਖਲ ਦੇਣ ਲਈ ਜ਼ੋਰ ਪਾਇਆ। 20 ਜੂਨ ਨੂੰ ਬਾਦਸ਼ਾਹ ਦੇ ਹੁਕਮ ਨਾਲ ਅਸੈਂਬਲੀ ਹਾਲ ਮੁਰੰਮਤ ਲਈ ਬੰਦ ਕਰਵਾ ਦਿੱਤਾ ਗਿਆ ਤਾਂ ਕਿ 23 ਜੂਨ ਨੂੰ ਸ਼ਾਹੀ ਸਮਾਗਮ ਕੀਤਾ ਜਾ ਸਕੇ। ਅਸੈਂਬਲੀ ਦੇ ਮੈਂਬਰ ਟੈਨਿਸ-ਕੋਰਟ ਵਿੱਚ ਚਲੇ ਗਏ ਤੇ ਆਪਣੀ ਸੋਚ ਵਿਚਾਰ ਉੱਥੇ ਜਾਰੀ ਰੱਖੀ।

**20 ਜੂਨ 1799 ਨੂੰ ਟੈਨਿਸ-ਕੋਰਟ ਸਹੁੰ :** ਅਸੈਂਬਲੀ ਬਾਦਸ਼ਾਹ ਵੱਲੋਂ ਕੀਤੀ ਕਾਰਵਾਈ ਨੂੰ ਅੱਖੋਂ-ਪਰੋਖੇ ਕਰਕੇ ਆਪਣਾ ਕੰਮ ਜਾਰੀ ਰੱਖਣ ਲਈ ਦ੍ਰਿੜ ਸੀ। ਇਸ ਵਿੱਚ ਕੁੱਝ ਨਾ ਕੁੱਝ ਠੋਸ ਕਰ-ਗੁਜ਼ਰਨ ਦਾ ਜੋਸ਼ ਅਤੇ ਭਾਵਨਾਵਾਂ ਸਨ ਤੇ ਮੋਨੀਰ (Monier) ਦੇ ਇਕ ਪ੍ਰਸਤਾਵ ਤੇ ਮੈਂਬਰਾਂ ਨੇ ਪ੍ਰਸਿੱਧ 'ਟੈਨਿਸ-ਕੋਰਟ ਸਹੁੰ' ਚੁੱਕੀ ਕਿ ਉਹ ਉਨੀ ਦੇਰੀ ਨਹੀਂ ਖਿੰਡਣਗੇ ਜਿੰਨੀ ਦੇਰ ਕਿ ਸੰਵਿਧਾਨ ਨਹੀਂ ਬਣਾ ਲੈਣਗੇ। ਜੂਨ 22 ਨੂੰ ਕੁੱਝ ਪਾਦਰੀ ਅਤੇ ਕੁਲੀਨ ਵੀ ਉਨ੍ਹਾਂ ਨਾਲ ਮਿਲ ਗਏ।

**23 ਜੂਨ 1789 ਦਾ ਸ਼ਾਹੀ ਸਮਾਗਮ :** 23 ਜੂਨ ਨੂੰ ਬਾਦਸ਼ਾਹ ਨੇ ਅਸੈਂਬਲੀ ਨੂੰ ਸੰਬੋਧਨ ਕੀਤਾ।ਉਸ ਨੇ ਤਿੰਨਾ ਐਸਟੇਟਾਂ ਨੂੰ ਸਮਝਾਇਆ ਤੇ ਉਨ੍ਹਾਂ ਨੂੰ ਆਪਣੇ

ਵੱਲੋਂ ਸੁਧਾਰ ਕਰਨ ਦੀ ਆਪਣੇ ਭਾਸ਼ਣ ਵਿੱਚ ਹੇਠਲਿਆਂ ਨੂੰ ਉਸ ਨੇ ਛਿਪੀ ਹੋਈ ਧਮਕੀ ਵੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਹੁਕਮਾਂ ਦੀ ਉਲੰਘਣਾ ਕੀਤੀ ਤਾਂ ਤਾਕਤ ਦੀ ਵਰਤੋਂ ਹੋਵੇਗੀ। ਫੇਰ ਬਾਦਸ਼ਾਹ ਚਲਾ ਗਿਆ, ਉਸ ਦੇ ਪਿੱਛੇ ਕੁੱਝ ਪਾਦਰੀ ਅਤੇ ਕੁਲੀਨ ਵੀ ਚਲੇ ਗਏ। ਹੇਠਲੇ ਫੇਰ ਵੀ ਬੈਠੇ ਰਹੇ। ਉਸ ਵੇਲੇ ਬਾਦਸ਼ਾਹ ਦਾ ਪਿੱਠੂ ਬਰੀਜ਼ (Breeze) ਸਾਹਮਣੇ ਆਇਆ ਤੇ ਕਿਹਾ ਕਿ ਬਾਦਸ਼ਾਹ ਚਾਹੁੰਦਾ ਹੈ ਕਿ ਤੁਸੀਂ ਇੱਥੋਂ ਚਲੇ ਜਾਵੋ। ਪਰੰਤੂ ਉਨ੍ਹਾਂ ਨੇ ਉਸ ਨੂੰ ਨਾ ਸੁਣਿਆ ਤੇ ਉਨ੍ਹਾਂ ਦੇ ਨੇਤਾ ਕਾਉਂਟ ਮਿਰਾਬੋ ਨੇ ਉਸ ਨੂੰ ਦੱਸ ਦਿੱਤਾ, ''ਸ੍ਰੀ ਮਾਨ, ਜਾਓ ਤੇ ਆਪਣੇ ਮਾਲਕ ਨੂੰ, ਦੱਸ ਦਿਉ ਕਿ ਅਸੀਂ ਲੋਕਾਂ ਦੀ ਮਰਜ਼ੀ ਨਾਲ ਇੱਥੇ ਹਾਂ ਤੇ ਸੰਗੀਨਾਂ ਤੋਂ ਬਿਨਾਂ ਹੁਣ ਹੋਰ ਕੋਈ ਸਾਨੂੰ ਇੱਥੋਂ ਨਹੀਂ ਕੱਢ ਸਕਦਾ।'' ਜਦੋਂ ਬਾਦਸ਼ਾਹ ਨੂੰ ਇਸ ਖੁੱਲ੍ਹੀ ਧਮਕੀ ਦਾ ਪਤਾ ਲੱਗਾ ਤਾਂ ਉਸ ਨੇ ਕੋਈ ਠੋਸ ਕਦਮ ਚੁੱਕਣ ਦੀ ਥਾਂ ਕਿਹਾ, ਜੇ ਉਹ ਨਹੀਂ ਜਾਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਉੱਥੇ ਠਹਿਰਣ ਦਿਓ।

**ਬਾਦਸ਼ਾਹ ਦਾ ਪਤਨ :** ਹੇਠਲਿਆਂ ਨੂੰ ਦ੍ਰਿੜ੍ਹ ਇਰਾਦੇ ਨੂੰ ਨਾ ਨੁਕਣ ਸਕਣ ਕਾਰਣ, ਰਾਜੇ ਨੇ ਉਨ੍ਹਾਂ ਦੀਆਂ ਮੰਗਾਂ ਮੰਨ ਲਈਆਂ। 27 ਜੂਨ, 1789 ਨੂੰ ਪਾਦਰੀਆਂ ਤੇ ਕੁਲੀਨਾਂ ਨੂੰ ਨੈਸ਼ਨਲ ਅਸੈਂਬਲੀ ਵਿੱਚ ਸ਼ਾਮਲ ਹੋਣ ਦਾ ਹੁਕਮ ਦਿੱਤਾ ਗਿਆ। ਇਹ ਲੋਕਾਂ ਦੀ ਜਿੱਤ ਸੀ। ਹੁਣ ਆਰਥਰ ਯੰਗ ਨੇ ਐਲਾਨ ਕੀਤਾ ਕਿ ਕ੍ਰਾਂਤੀ ਪੂਰੀ ਹੋ ਗਈ ਹੈ ਅਤੇ ਰਾਜਾ ਸਿਰਫ ਦਰਸ਼ਕ ਬਣ ਕੇ ਰਹਿ ਗਿਆ। ਹੇਠਲੀਆਂ ਦੀ ਸਫ਼ਲਤਾ ਨੇ ਉਨ੍ਹਾਂ ਨੂੰ ਕੁਲੀਨਾਂ ਤੇ ਪਾਦਰੀਆਂ ਦੇ ਵਿਸ਼ੇਸ਼ਾਧਿਕਾਰ ਖਤਮ ਕਰਨ ਤੇ ਸੰਵਿਧਾਨ ਦੇ ਬਣਾਉਣ ਦੇ ਅਮਲਾਂ ਲਈ ਹੌਂਸਲਾ ਪ੍ਰਦਾਨ ਕੀਤਾ।

ਬਾਦਸ਼ਾਹ ਆਪਣੇ ਆਪ ਜੋਗਾ ਰਹਿ ਗਿਆ ਸੀ। ਠੀਕ ਨੀਯਤ ਨਾਲ ਤੇ ਜੇਕਰ ਉਸ ਵਿੱਚ ਬੁੱਧੀ ਤੇ ਦੂਰਦਰਸ਼ਿਤਾ ਹੁੰਦੀ ਤਾਂ ਬਾਦਸ਼ਾਹ ਅਜੇ ਵੀ ਅਸੈਂਬਲੀ ਦਾ ਨੇਤਾ ਬਣ ਸਕਦਾ ਸੀ ਕਿਉਂਕਿ ਲੋਕ ਹਾਲੀ ਵੀ ਉਸ ਲਈ ਵਫਾਦਾਰ ਸਨ। ਪਰ ਉਹ ਡਾਵਾਂਡੋਲ ਆਦਮੀ ਸੀ ਤੇ ਆਪਣੀ ਮਹਾਰਾਣੀ ਐਂਤੇਇਨੇਤ ਅਤੇ ਉਸ ਦੀ ਕੋਰਟ ਪਾਰਟੀ ਦੇ ਅਤੇ ਕ੍ਰਾਂਤੀ ਵਿਰੋਧੀ ਆਪਣੇ ਭਰਾ ਐਟਰੋਸਿਸ (Count of Artois) ਦੇ ਦਬਾਅ ਅੰਦਰ ਸੀ। ਉਨ੍ਹਾਂ ਦੇ ਦਬਾਅ ਥੱਲੇ ਉਸ ਨੇ ਅਸੈਂਬਲੀ ਹਾਲ ਵਿੱਚ ਸੈਨਿਕ ਟੁਕੜੀ ਭੇਜ ਕੇ ਕਬਜ਼ਾ ਕਰਨ ਲਈ ਸਹਿਮਤੀ ਦੇ ਦਿੱਤੀ। ਅਸੈਂਬਲੀ ਨੇ ਸਮਝ ਲਿਆ ਕਿ ਰਾਜਾ ਉਨ੍ਹਾਂ ਨੂੰ ਵਿਰੋਧੀ ਮੈਂਬਰਾਂ ਦੇ ਵਿਰੁੱਧ ਵਰਤਣਾ ਚਾਹੁੰਦਾ ਹੈ। ਇਸ ਲਈ ਉਨ੍ਹਾਂ ਨੇ ਵਿਰੋਧ ਕੀਤਾ। ਬਾਦਸ਼ਾਹ ਨੇ 17 ਜੁਲਾਈ 1789 ਨੂੰ ਨੈਕਰ ਤੇ ਉਸ ਦੇ ਸਾਥੀਆਂ ਨੂੰ ਬਰਖਾਸਤ ਕਰਕੇ ਉਨ੍ਹਾਂ ਦੀ ਥਾਂ ਰਾਣੀ ਦੇ ਚਹੇਤਿਆਂ ਨੂੰ ਲਗਾ ਕੇ ਇਕ ਹੋਰ ਗਲਤੀ ਕੀਤੀ। ਇਸ ਨੇ ਵਾਤਾਵਰਣ ਵਿੱਚ ਅੱਗ ਲਾ ਦਿੱਤੀ ਤੇ ਪੈਰਿਸ ਵਿਚ ਵਿਦਰੋਹ ਦਾ ਜੋਸ਼ ਨਜ਼ਰ ਆਉਣ ਲੱਗਾ ਔਰਲੀਅਨਜ਼ ਦਾ ਡਿਊਕ (ਬਾਦਸ਼ਾਹ ਦਾ ਚਚੇਰਾ ਭਰਾ) ਜੋ ਉਸ ਨੂੰ ਹਟਾ ਕੇ ਫ੍ਰਾਂਸ ਦਾ ਬਾਦਸ਼ਾਹ ਬਣਨ ਦੇ ਸੁਪਨੇ ਦੇਖ ਰਿਹਾ ਸੀ, ਵਿਦਰੋਹੀਆਂ ਨੂੰ ਸ਼ਹਿ ਦੇਣ ਲੱਗਾ। ਇਨ੍ਹਾਂ ਲੋਕਾਂ ਵਿੱਚ ਗੁੰਡੇ ਵੀ ਸ਼ਾਮਲ ਹੋਏ ਜੋ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣਾ ਚਾਹੁੰਦੇ ਸਨ। ਡੈਸਮੋਲਿਨ (Desmoulin's) ਦੀ ਭੜਕਾਹਟ ਨੇ ਪੈਰਿਸ ਦੀ ਭੀੜ ਨੂੰ ਹਥਿਆਰ ਪ੍ਰਾਪਤ ਕਰਨ ਲਈ ਬੇਸਤੀਲ ਦੀ ਜੇਲ੍ਹ ਤੇ ਹਮਲਾ ਕਰਨ ਲਈ ਉਤਸ਼ਾਹਿਤ ਕੀਤਾ।

**14 ਜੁਲਾਈ, 1789 ਨੂੰ ਬੇਸਤੀਲ ਦਾ ਪਤਨ :** ਡੈਸਮੋਲਿਨਜ਼ ਦੀ ਅਗਵਾਈ ਵਿੱਚ ਹਥਿਆਰਬੰਦ ਭੀੜ ਨੇ 14 ਜੁਲਾਈ, 1789 ਨੂੰ ਬੈਸਤੀਲ ਤੇ ਹਮਲਾ ਕੀਤਾ।

ਗਾਰਡਾਂ ਨੂੰ ਮਾਰ ਕੇ ਉਨ੍ਹਾਂ ਨੇ ਆਸਾਨੀ ਨਾਲ ਉਸ ਤੇ ਕਬਜ਼ਾ ਕਰ ਲਿਆ ਉਨ੍ਹਾਂ ਨੇ ਮੁੱਠੀ ਭਰ ਕੈਦੀਆਂ ਨੂੰ ਜੋ ਉੱਥੇ ਬੰਦ ਸਨ, ਛੁਡਾ ਲਿਆ ਤੇ ਉੱਥੋਂ ਦੇ ਗਵਰਨਰ ਨੂੰ ਮਾਰ ਦਿੱਤਾ ਭਾਵੇਂ ਉਸ ਨੂੰ ਜਾਨ ਬਖਸ਼ੀ ਦਾ ਵਚਨ ਦਿੱਤਾ ਗਿਆ ਸੀ। ਰਾਜਾ ਤਾਕਤ ਵਰਤ ਸਕਦਾ ਸੀ ਪਰ ਉਹ ਇਸ ਵਾਰ ਵੀ ਝੁੱਕ ਗਿਆ। ਜੋ ਕੁੱਝ ਹੋਇਆ ਸੀ ਉਸ ਨੇ ਉਸ ਲਈ ਆਪਣੀ ਪ੍ਰਵਾਨਗੀ ਦੇ ਦਿੱਤੀ। ਅਸੈਂਬਲੀ ਨੇ ਵੀ ਇਸ ਨੂੰ ਪ੍ਰਵਾਨ ਕਰ ਲਿਆ।

**ਬੇਸਤੀਲ ਦੇ ਪਤਨ ਦੀ ਮਹੱਤਤਾ :** ਬੈਸਤੀਲ ਦੇ ਪਤਨ ਦੀ ਕੋਈ ਸੈਨਿਕ ਮਹੱਤਤਾ ਨਹੀਂ ਹੈ। ਪਰੰਤੂ ਇਸ ਦੀ ਰਾਜਨੀਤਿਕ ਮਹੱਤਤਾ ਬਹੁਤ ਜ਼ਿਆਦਾ ਸੀ।

**ਪਹਿਲਾ,** ਬੈਸਤੀਲ ਤੇ ਹਮਲਾ, ਫ੍ਰਾਂਸ ਦੀ ਕ੍ਰਾਂਤੀ ਦੇ ਸਮੇਂ ਦਾ ਸਭ ਤੋਂ ਪਹਿਲਾ ਹਿੰਸਕ ਕਦਮ ਸੀ। ਇਹ ਵਿਸ਼ੇਸ਼ਾਧਿਕਾਰ ਵਾਲੀਆਂ ਜਮਾਤਾਂ ਤੇ ਕੁਲੀਨਾਂ ਲਈ ਹਿੰਸਾ ਲਈ ਸੰਕੇਤ ਸੀ। ਸਾਰੇ ਦੇਸ਼ ਵਿੱਚ ਦੰਗੇ ਸ਼ੁਰੂ ਹੋ ਗਏ। ਵਿਸ਼ੇਸ਼ਾਧਿਕਾਰ ਵਾਲੀਆਂ ਜਮਾਤਾਂ ਦੇ ਘਰ ਤੇ ਕਿਲ੍ਹੇ ਜਲਾ ਦਿੱਤੇ ਗਏ, ਕਿਸਾਨਾਂ ਨੇ ਲਗਾਨ ਦੇਣ ਤੋਂ ਜਵਾਬ ਦੇ ਦਿੱਤਾ ਤੇ ਸਾਰੇ ਦੇਸ਼ ਵਿੱਚ ਸੱਤਾ ਤੇ ਕਾਨੂੰਨ ਨੂੰ ਵਗਾਰਿਆ ਗਿਆ।

**ਦੂਜੇ,** ਇਸ ਘਟਨਾ ਨੇ ਇਹ ਦਿਖਾ ਦਿੱਤਾ ਕਿ ਲੋਕ ਨੈਸ਼ਨਲ ਅਸੈਂਬਲੀ ਦੇ ਨਾਲ ਹਨ ਨਾ ਕਿ ਬਾਦਸ਼ਾਹ ਦੇ ਅਤੇ ਬਾਦਸ਼ਾਹ ਨੂੰ ਆਪਣੇ ਬਚਾਅ ਲਈ ਉਨ੍ਹਾਂ ਦੀ ਸਲਾਹ ਮੰਨਣੀ ਚਾਹੀਦੀ ਹੈ।

**ਤੀਜੇ,** ਅਸੈਂਬਲੀ ਨੇ ਇਹ ਸਮਝ ਲਿਆ ਕਿ ਉਨ੍ਹਾਂ ਨੂੰ ਜਲਦੀ ਹੀ ਸਮਾਜਿਕ ਤੇ ਆਰਥਿਕ ਸੁਧਾਰ ਕਰਨੇ ਚਾਹੀਦੇ ਹਨ ਕਿਉਂਕਿ ਭੀੜ ਨੇ ਬਹੁਤੀ ਦੇਰ ਵਿਸ਼ੇਸ਼ਾਧਿਕਾਰ ਤੇ ਅਸਮਾਨਤਾ ਤੋਂ ਸਹਿਣ ਨਹੀਂ ਕਰਨਾ।

**ਚੌਥੇ,** ਇਸ ਘਟਨਾ ਨੇ ਰਾਸ਼ਟਰੀ ਫੌਜ ਦੀ ਸਥਾਪਨਾ ਕਰਵਾ ਦਿੱਤੀ ਤੇ ਜਨਰਲ ਲਿਫਾਇਤੇ ਇਸ ਦੇ ਕਮਾਂਡਰ ਸਨ। ਇਨ੍ਹਾਂ ਗਾਰਡਾਂ ਨੇ ਆਉਣ ਵਾਲੇ ਦਿਨਾਂ ਵਿੱਚ ਬਹੁਤ ਹੀ ਮਹੱਤਵਪੂਰਣ ਕਿਰਦਾਰ ਅਦਾ ਕਰਨਾ ਸੀ। ਲਾਰਗ ਐਕਟਰ ਅਨੁਸਾਰ ''ਇਸ ਨੇ ਰਾਜੇ ਤੋਂ ਸੁਤੰਤਰਤਾ ਨੂੰ ਬਚਾਇਆ ਅਤੇ ਸੰਪਤੀ ਦੀ ਗਰੀਬਾਂ ਤੋਂ ਰਖਿਆ ਕੀਤੀ।''

**ਪੰਜਵੇਂ,** ਨੇਕਰ ਨੂੰ ਉਸ ਦੀ ਬਰਤਰਫੀ ਦੇ ਪੰਜ ਦਿਨਾਂ ਦੇ ਅੰਦਰ-ਅੰਦਰ ਫੇਰ ਮੰਤਰੀ ਨਿਯੁਕਤ ਕਰ ਦਿੱਤਾ ਗਿਆ।

**ਛੇਵੇਂ,** ਅਰਟੋਇਸ ਅਤੇ ਬਹੁ-ਗਿਣਤੀ ਵਿੱਚ ਕ੍ਰਾਂਤੀ ਵਿਰੋਧੀ ਕੁਲੀਨ ਜਾਨ ਨੂੰ ਖਤਰਾ ਸਮਝ ਕੇ ਫਰਾਂਸ ਵਿੱਚੋਂ ਦੌੜ ਗਏ। ਉਹ ਫ੍ਰਾਂਸ ਵਿੱਚੋਂ ਭੱਜਣ ਵਾਲੇ ਵਿਅਕਤੀ ਸਨ।

**ਆਖਰੀ,** ਪੈਰਿਸ ਦੀ ਮਿਊਂਸਪਲ ਸਰਕਾਰ ਨੂੰ ਮਾਨਤਾ ਦਿੱਤੀ ਗਈ ਤੇ ਬੈਲੀ ਇਸ ਦਾ ਪਹਿਲਾ ਨਗਰ ਪਿਤਾ (ਮੇਅਰ) ਨਿਯੁਕਤ ਕੀਤਾ ਗਿਆ।

ਇਹ ਪਹਿਲਾ ਹੀ ਦੱਸਿਆ ਜਾ ਚੁੱਕਾ ਹੈ ਕਿ ਨੇ 14 ਜੁਲਾਈ ਦੀਆਂ ਘਟਨਾਵਾਂ ਨੂੰ ਮਾਨਤਾ ਦੇ ਦਿੱਤੀ ਸੀ ਅਤੇ ਤਿਰੰਗੇ ਝੰਡੇ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਚਾਰ ਅਗਸਤ ਨੂੰ ਅਸੈਂਬਲੀ ਨੇ ਜ਼ਿੰਮੀਂਦਾਰਾਂ ਦੇ ਵਿਸ਼ੇਸ਼ਾਧਿਕਾਰ ਖਤਮ ਕਰ ਦਿੱਤੇ ਤੇ 26 ਅਗਸਤ ਨੂੰ ਨਾਗਰਿਕਾਂ ਦੇ ਅਧਿਕਾਰ ਦੀ ਘੋਸ਼ਣਾ ਕਰ ਦਿੱਤੀ। ਪਰ ਉਨ੍ਹਾਂ ਤੇ ਵਿਚਾਰ ਕਰਨ ਤੋਂ ਪਹਿਲਾਂ ਕ੍ਰਾਂਤੀ ਦੀਆਂ ਕੁੱਝ ਹੋਰ ਘਟਨਾਵਾਂ ਦੀ ਵਿਆਖਿਆ ਜ਼ਰੂਰੀ ਹੈ।

ਜਦੋਂ ਨੈਸ਼ਨਲ ਅਸੈਂਬਲੀ ਰਾਜ ਪ੍ਰਬੰਧ ਵਿੱਚ ਕਈ ਤਰ੍ਹਾਂ ਦੇ ਸੁਧਾਰ ਮਨਜ਼ੂਰ ਕਰ ਰਹੀ ਸੀ ਤਾਂ ਕੋਰਟ ਪਾਰਟੀ ਦੂਜੇ ਪਾਸੇ, ਬਾਦਸ਼ਾਹ ਤੇ ਸਖਤ ਕਦਮ ਉਠਾਉਣ ਲਈ ਜ਼ੋਰ ਪਾ ਰਹੀ ਸੀ। ਵਿਦੇਸ਼ੀ ਸਿਪਾਹੀਆਂ ਦੀ ਇਕ ਟੁਕੜੀ ਵਰਸੇਲਜ਼ ਲਿਆਂਦੀ ਗਈ। 1 ਅਕਤੂਬਰ, 1789 ਨੂੰ ਸੈਨਿਕ ਅਫ਼ਸਰਾਂ ਨੂੰ ਸ਼ਾਨਦਾਰ ਦਾਅਵਤ ਦਿੱਤੀ ਗਈ। ਇਹ ਅਫਵਾਹ ਫੈਲ ਗਈ ਕਿ ਦਾਅਵਤ ਸਮੇਂ ਕ੍ਰਾਂਤੀ ਨੂੰ ਕੁਚਲਣ ਦੀਆਂ ਗੱਲਾਂ ਹੋਈਆਂ ਸਨ ਅਤੇ ਤਿਰੰਗੇ (ਕ੍ਰਾਂਤੀ ਦਾ ਝੰਡਾ) ਦਾ ਨਿਰਾਦਰ ਕੀਤਾ ਗਿਆ।

**ਅਕਤੂਬਰ, 1789 ਨੂੰ ਔਰਤਾਂ ਦਾ ਪੈਰਿਸ ਵਲ ਕੂਚ (Women March to Paris) :** ਇਨ੍ਹਾਂ ਅਫ਼ਵਾਹਾਂ ਨੇ ਪੈਰਿਸ ਵਿੱਚ ਅਸੰਤੁਸ਼ਟਤਾ ਪੈਦਾ ਕੀਤੀ ਜਿੱਥੇ ਲੋਕ ਪਹਿਲਾਂ ਹੀ ਭੁੱਖ ਨਾਲ ਲੜ ਰਹੇ ਸਨ। ਪੈਰਿਸ ਦੀਆਂ ਔਰਤਾਂ (ਜਿਨ੍ਹਾਂ ਦੇ ਪਿੱਛੇ ਭੀੜ ਸੀ) ਨੇ ਬਾਦਸ਼ਾਹ ਨੂੰ ਮਿਲਣ ਲਈ ਵਰਸੇਲਜ਼ ਵੱਲ ਕੂਚ ਕੀਤਾ। ਲਿਫਾਇਤੇ ਵੀ ਆਪਣੀ ਕੌਮੀ ਫ਼ੌਜ਼ ਲੈ ਕੇ ਉਨ੍ਹਾਂ ਨਾਲ ਗਿਆ। ਉਹ ਵਰਸੇਲਜ਼ ਵਿਖੇ ਰਾਜ ਮਹਿਲ ਪਹੁੰਚ ਗਏ ਅਤੇ ਉਸ ਦੇ ਬਾਗ ਨਸ਼ਟ ਕਰ ਦਿੱਤੇ। ਉਹ ਰੋਟੀ ਮੰਗ ਰਹੇ ਸਨ। ਸ਼ਾਹੀ ਜੋੜਾ ਅਸਲੀਅਤ ਤੋਂ ਕਿੰਨਾ ਬੇਖਬਰ ਸੀ, ਇਸ ਦਾ ਅੰਦਾਜ਼ਾ ਉਨ੍ਹਾਂ ਦੇ ਕਥਨਾਂ ਤੋਂ ਲਗਾਇਆ ਜਾ ਸਕਦਾ ਹੈ। ਜਦੋਂ ਰਾਣੀ ਨੂੰ ਦੱਸਿਆ ਗਿਆ ਕਿ ਲੋਕ ਰੋਟੀ ਮੰਗ ਰਹੇ ਹਨ ਜੋ ਉਨ੍ਹਾਂ ਕੋਲ ਨਹੀਂ ਹੈ ਤਾਂ ਰਾਣੀ ਨੇ ਕਿਹਾ ''ਫਿਰ ਉਹ ਕੇਕ ਕਿਉਂ ਨਹੀਂ ਖਾ ਲੈਂਦੇ।'' ਬਾਦਸ਼ਾਹ ਦੀ ਨਾਸਮਝੀ ਦੀ ਹੱਦ ਦਾ ਪਤਾ ਉਸ ਜਵਾਬ ਤੋਂ ਲਗਦਾ ਹੈ ਜੋ ਉਸ ਨੇ ਮਿਲਣ ਆਏ ਇਕ ਪ੍ਰਤਿਨਿਧ ਨੂੰ ਦਿੱਤਾ ''ਰੋਟੀ ਮੇਰੀ ਜੇਬ ਵਿੱਚ ਨਹੀਂ ਹੈ ਪਰੰਤੂ ਇਹਦੇ ਲਈ ਤੁਹਾਨੂੰ ਮੋਦੀਖਾਨੇ ਜਾਣਾ ਚਾਹੀਦਾ ਹੈ।'' ਲਿਫਾਇਤੇ ਦੇ ਦਖਲ ਨਾਲ ਸ਼ਾਹੀ ਪ੍ਰਵਾਰ ਨੂੰ ਭੀੜ ਵੱਲੋਂ ਮਾਰੇ ਜਾਣ ਤੋਂ ਬਚਾ ਲਿਆ ਗਿਆ ਪਰੰਤੂ ਭੀੜ ਨੇ ਸ਼ਾਹੀ ਪਰਿਵਾਰ ਨੂੰ ਪੈਰਿਸ ਚਲਣ ਲਈ ਮਜ਼ਬੂਰ ਕਰ ਦਿੱਤਾ ਤੇ ਉਹ ਉੱਚੀ-ਉੱਚੀ ਇਹ ਕਹਿੰਦੇ ਜਾ ਰਹੇ ਸਨ ਕਿ ਰਸੋਈਆ, ਰਸੋਈਏ ਦੀ ਪਤਨੀ ਤੇ ਉਸ ਦਾ ਲੜਕਾ ਸਾਡੇ ਨਾਲ ਰਹਿਣਗੇ ਜਿਨ੍ਹਾਂ ਚਿਰ ਸਾਨੂੰ ਰੋਟੀ ਨਹੀਂ ਮਿਲਦੀ। ਮਿਰਾਬੋ, ਜੋ ਕ੍ਰਾਂਤੀ ਦੀ ਪਹਿਲੀ ਚਿੰਗਾਰੀ ਵਿੱਚ ਸ਼ਾਮਲ ਸੀ ਪਰ ਬਾਦਸ਼ਾਹ ਪ੍ਰਤੀ ਵੀ ਵਫਾਦਾਰ ਸੀ, ਉਸ ਨੇ ਬਾਦਸ਼ਾਹ ਨੂੰ ਪੈਰਿਸ ਛੱਡ ਜਾਣ ਦੀ ਸਲਾਹ ਦਿੱਤੀ। ਉਸ ਨੇ ਬਾਦਸ਼ਾਹ ਦੇ ਮਿੱਤਰ ਲਮਾਰਕ (Lamarck) ਨੂੰ ਚੇਤਾਵਨੀ ਦਿੱਤੀ ਕਿ ਜੇ ਬਾਦਸ਼ਾਹ ਤੇ ਮਹਾਰਾਣੀ ਪੈਰਿਸ ਵਿੱਚੋਂ ਨਾ ਗਏ ਤਾਂ ਉਹ ਖਤਮ ਹੋ ਜਾਣਗੇ ਉਸ ਨੇ 7 ਅਕਤੂਬਰ, 1789 ਨੂੰ ਦੁਬਾਰਾ ਲਿਖਿਆ ਕਿ ਜੇਕਰ ਸ਼ਾਹੀ ਪਰਿਵਾਰ ਨੇ ਪੈਰਿਸ ਨਾ ਛੱਡਿਆ ਤਾਂ ਉਨ੍ਹਾਂ ਨੂੰ ਅਜਿਹਾ ਕਰਨ ਦਾ ਹੁਕਮ ਦਿੱਤਾ ਜਾਵੇਗਾ ਤੇ ਉਨ੍ਹਾਂ ਨੂੰ ਪੈਰਿਸ ਹੀ ਨਹੀਂ ਫ੍ਰਾਂਸ ਵੀ ਛੱਡਣਾ ਪਵੇਗਾ। ਪਰ ਬਾਦਸ਼ਾਹ ਨੇ ਇਹ ਗੱਲ ਨਾ ਸੁਣੀ ਤੇ ਉਸ ਲਈ ਇਹ ਘਾਤਕ ਸਿੱਧ ਹੋਈ। ਇਸ ਤੋਂ ਬਾਅਦ ਉਹ ਨੈਸ਼ਨਲ ਅਸੈਂਬਲੀ ਦਾ ਕੈਦੀ ਮਾਤਰ ਬਣ ਗਿਆ ਤੇ ਨੈਸ਼ਨਲ ਅਸੈਂਬਲੀ ਪੈਰਿਸ ਦੀ ਭੀੜ ਦੇ ਦਬਾਅ ਥੱਲੇ ਸੀ ਜੋ ਉਸ ਨੂੰ ਲਗਾਤਾਰ ਆਪਣੇ ਇਸ਼ਾਰਿਆਂ ਤੇ ਨੱਚਣ ਲਈ ਮਜ਼ਬੂਰ ਕਰ ਰਹੀ ਸੀ। ਸ਼ਾਹੀ ਪਰਿਵਾਰ ਦਾ 6 ਅਕਤੂਬਰ, 1789 ਨੂੰ ਪੈਰਿਸ ਆ ਜਾਣਾ (ਲੋਕਾਂ ਦੇ ਦਬਾਅ ਥੱਲੇ) ਇਕ ਬਹੁਤ ਵੱਡੀ ਘਟਨਾ ਸੀ।

---

1. L.J.H. Hay, Modern Europe upto 1870, p.495.
2. Leo Gershoy: The French Revolution and Napoleon, pp. 122-234.

ਔਰਤਾਂ ਵੱਲੋਂ ਪੈਰਿਸ ਦੇ ਕੂਚ ਬਾਰੇ ਹੇਜ਼ ਲਿਖਦਾ ਹੈ, ''ਬਸਤੀਲ ਦਾ ਪਤਨ ਤੇ ਔਰਤਾਂ ਦਾ ਪੈਰਿਸ ਕੂਚ ਦੋ ਅਜਿਹੀਆਂ ਮਹੱਤਵਪੂਰਣ ਘਟਨਾਵਾਂ ਹਨ ਜਿਨ੍ਹਾਂ ਨੇ 1789 ਵਿੱਚ ਨੈਸ਼ਨਲ ਅਸੈਂਬਲੀ ਨੂੰ ਬਾਦਸ਼ਾਹ ਦੇ ਨਿਯੰਤਰਣ ਤੋਂ ਆਜ਼ਾਦ ਕਰਵਾ ਦਿੱਤਾ ਅਤੇ ਪੈਰਿਸ ਦੇ ਲੋਕਾਂ ਦੇ ਅਧੀਨ ਕਰ ਦਿੱਤਾ। ਬਾਦਸ਼ਾਹ ਅਤੇ ਉਸ ਦੇ ਪਰਿਵਾਰ ਦੀ ਅਕਸਰ ਬੇ-ਇਜ਼ਤੀ ਕੀਤੀ ਜਾਂਦੀ ਪਰ ਮਜ਼ਬੂਰ ਸਨ। ਆਉ ਹੁਣ ਨੈਸ਼ਨਲ ਅਸੈਂਬਲੀ ਦੇ ਕੰਮ ਅਤੇ ਪ੍ਰਾਪਤੀਆਂ ਦਾ ਲੇਖਾ ਜੋਖਾ ਕਰੀਏ।

## ਨੈਸ਼ਨਲ ਅਸੈਂਬਲੀ (ਸੰਵਿਧਾਨ ਸਭਾ) ਦਾ ਕੰਮ

ਹੇਠਾਂ, ਨੈਸ਼ਨਲ ਅਸੈਂਬਲੀ, ਜਿਸ ਨੇ ਆਪਣੇ ਆਪ ਨੂੰ ਸੰਵਿਧਾਨ ਸਭਾ ਵੀ ਬਣਾ ਲਿਆ ਸੀ, ਉਸ ਦੀਆਂ ਕੁੱਝ ਪ੍ਰਾਪਤੀਆਂ ਦਿੱਤੀਆਂ ਜਾਂਦੀਆਂ ਹਨ। ਇਸ ਅਸੈਂਬਲੀ ਨੇ ਸੁਧਾਰਾਂ ਦੇ ਨਾਲ-ਨਾਲ 1789 ਵਿੱਚ ਸੰਵਿਧਾਨ ਬਣਾਉਣਾ ਵੀ ਸ਼ੁਰੂ ਕਰ ਦਿੱਤਾ ਸੀ।

### (1) ਸਾਮੰਤ ਪ੍ਰਣਾਲੀ ਅਤੇ ਦਾਸ ਪ੍ਰਥਾ ਦਾ ਕਾਨੂੰਨੀ ਤੌਰ ਤੇ ਖਾਤਮਾ (4 ਅਗਸਤ, 1789)

ਨੈਸ਼ਨਲ ਅਸੈਂਬਲੀ ਦੀ ਮਹਾਨਤਾ ਪ੍ਰਾਪਤੀ ਹੇਜ਼ ਦੇ ਸ਼ਬਦਾਂ ਵਿੱਚ, ''ਸਾਮੰਤ ਪ੍ਰਣਾਲੀ (ਵਿਸ਼ੇਸ਼ਾਧਿਕਾਰ ਸ਼੍ਰੇਣੀ) ਅਤੇ ਦਾਸ ਪ੍ਰਥਾ ਦਾ ਬਿਲਕੁਲ ਸਫਾਇਆ ਕਰਨਾ, ਸਮਾਨਤਾ ਦੀ ਦਿਸ਼ਾ ਵਿੱਚ ਇਕ ਬਹੁਤ ਵੱਡਾ ਕਦਮ ਸੀ।''[1] ਪਿਛਲੇ ਕੁੱਝ ਹਫ਼ਤਿਆਂ ਦੇ ਦੌਰਾਨ ਵਿਸ਼ੇਸ਼ਾਧਿਕਾਰ ਰੱਖਣ ਵਾਲੀਆਂ ਜਮਾਤਾਂ ਤੇ ਹੋਏ ਹਮਲਿਆਂ ਦੀ ਜਾਂਚ ਕਰਨ ਵਾਲੀ ਕਮੇਟੀ ਨੇ ਨੈਸ਼ਨਲ ਅਸੈਂਬਲੀ ਨੂੰ ਅਜਿਹਾ ਕਰਨ ਤੇ ਮਜ਼ਬੂਰ ਕਰ ਦਿੱਤਾ ਸੀ। ਵਿਸਕਾਊਂਟ ਡੀ ਨੂਇਲਜ਼ ਦੇ ਮਤੇ ਤੇ ਜਿਸ ਦੀ ਹਮਾਇਤ ਐਗਿਉਲਨ ਦੇ ਡਿਊਕ ਵੱਲੋਂ ਕੀਤੀ ਗਈ ਸੀ, ਅਸੈਂਬਲੀ ਨੇ ਸਾਮੰਤ ਪ੍ਰਣਾਲੀ ਤੇ ਦਾਸ ਪ੍ਰਥਾ ਖਾਤਮਾ ਕਰਨ ਦਾ ਬਿਲ ਪਾਸ ਕਰ ਦਿੱਤਾ। ਚਾਰ ਅਗਸਤ ਦੀ ਰਾਤ ਨੂੰ ਇਕ ਤੋਂ ਬਾਅਦ ਇਕ ਕੁਲੀਨ ਉਜੜ ਗਿਆ ਅਤੇ ਆਪਣੇ ਹੱਕ ਛੱਡਣ ਦਾ ਐਲਾਨ ਕਰਦੇ ਰਹੇ। ਇਸ ਬਾਰੇ ਲਿਖਦੇ ਹੋਏ ਲਿਉ ਗੁਰਸਾਏ ਲਿਖਦਾ ਹੈ, ''ਦੇਸ਼ ਦੀ ਮੰਗ ਇਕ ਤੋਂ ਬਾਅਦ ਇਕ ਡਿਪਟੀ ਉਠਦਾ ਗਿਆ ਅਤੇ ਆਪਣੇ ਵਿਸ਼ੇਸ਼ਾਧਿਕਾਰ ਛੱਡਦਾ ਗਿਆ ਅਤੇ ਕੁਲੀਨਾਂ ਨੇ ਸ਼ਿਕਾਰ, ਮੱਛੀ ਫੜਨਾ, ਕਬੂਤਰਬਾਜ਼ੀ ਆਪਣੇ ਘ੍ਰਿਣਿਤ ਨਿਆਇਕ ਅਧਿਕਾਰ ਜੋ ਉਨ੍ਹਾਂ ਦੇ ਅਹੁਦੇ ਨਾਲ ਜੁੜੇ ਹੋਏ ਸਨ, ਧਨਵਾਨ ਬੂਰਜਵਾਂ ਨੇ ਆਪਣੀਆਂ ਨਿੱਜੀ ਛੋਟੇ ਆਪਣੇ ਸ਼ਹਿਰ ਅਤੇ ਸੂਬੇ ਜੱਦੀ ਰਿਵਾਜ ਤੇ ਅਧਿਕਾਰ ਛੱਡ ਦਿੱਤੇ। ਚਾਰ ਅਗਸਤ ਦੀ ਲੰਮੀ ਰਾਤ ਨੂੰ ਫ੍ਰਾਂਸ ਦਾ ਪੁਰਾਣਾ ਰਾਜ ਖਤਮ ਹੋ ਗਿਆ ਅਤੇ ਦਿਨ ਚੜਨ ਨਾਲ ਇਕ ਨਵੇਂ ਫ੍ਰਾਂਸ ਦਾ ਜਨਮ ਹੋਇਆ।''

ਫ੍ਰਾਂਸ ਨੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਤੇ ਸਾਰਿਆਂ ਲਈ ਇੱਕੋ ਜਿਹੇ ਕਾਨੂੰਨਾਂ ਦੀ ਵਿਵਸਥਾ ਕੀਤੀ ਗਈ। ਸਭ ਨੂੰ ਆਪਣੀ ਪਦਵੀ ਜਾਂ ਹੈਸੀਅਤ ਛੱਡ ਕੇ (ਟੈਕਸ) ਕਰ ਦੇਣੇ ਪੈਂਦੇ ਸਨ। ਬਾਦਸ਼ਾਹ ਨੇ ਸਭ ਕਾਸੇ ਨੂੰ ਸਹਿਮਤੀ ਦੇ ਦਿੱਤੀ ਇਸ ਲਈ ਉਸ ਨੂੰ ਫ੍ਰਾਂਸ ਦੀ ਆਜ਼ਾਦੀ ਬਹਾਲ ਕਰਨ ਵਾਲਾ ਘੋਸ਼ਿਤ ਕੀਤਾ ਗਿਆ। ਪਰ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ 30 ਘੋਸ਼ਣਾਵਾਂ ਪਾਸ ਕਰਨ ਦੇ ਬਾਵਜੂਦ ਕੁੱਝ ਨਾ ਕੁੱਝ ਸਾਮੰਤ ਸ਼ਾਹੀ ਪ੍ਰਭਾਵ ਬਾਕੀ ਰਹਿ ਹੀ ਗਏ। ਉਨ੍ਹਾਂ ਨੂੰ 1793 ਦੀ ਕਨਵੈਨਸ਼ਨ ਵਿੱਚ ਖਤਮ ਕੀਤਾ ਗਿਆ।

## (2) ਮਾਨਵਤਾ ਦੇ ਅਧਿਕਾਰਾਂ ਦੀ ਘੋਸ਼ਣਾ

ਅਸੈਂਬਲੀ ਦਾ ਅਗਲਾ ਮਹੱਤਵਪੂਰਣ ਕਦਮ 26 ਅਗਸਤ, 1789 ਨੂੰ ਮਾਨਵਤਾ ਦੇ ਅਧਿਕਾਰਾਂ ਦਾ ਘੋਸ਼ਣਾ-ਪੱਤਰ ਤਿਆਰ ਕਰਨਾ ਸੀ। ਇਸ ਵਿੱਚ ਲਿਫਾਇਤੇ, ਮੁਨੀਰ, ਸੇਈਸ਼ ਤੇ ਕਈ ਦੂਜਿਆਂ ਦੇ ਮਤੇ ਸ਼ਾਮਲ ਸਨ। ਇਸ ਦੇ ਖਰੜੇ ਨੂੰ ਹਿਫਾਜ਼ਤ ਨਾਲ (ਬਹੁਮਤ ਵੋਟਾਂ ਨਾਲ) ਪਾਸ ਕੀਤਾ ਗਿਆ। ਇਨ੍ਹਾਂ ਵਿੱਚੋਂ ਕੁੱਝ ਪ੍ਰਸਿੱਧ ਅਧਿਕਾਰ ਹੇਠਾਂ ਦਿੱਤੇ ਜਾਂਦੇ ਹਨ :

(i) 'ਸਭ ਬਰਾਬਰ ਪੈਦਾ ਹੋਏ ਹਨ ਅਤੇ ਸਭ ਆਪਣੇ ਅਧਿਕਾਰਾਂ ਲਈ ਸਮਾਨ ਤੇ ਆਜ਼ਾਦ ਹਨ।' ਇਹ ਸਮਾਨਤਾ ਦਾ ਅਧਿਕਾਰ ਦੇਣ ਲਈ ਕੀਤਾ ਗਿਆ।

(ii) ਦੂਜੇ ਆਰਟੀਕਲ ਵਿੱਚ ਮਨੁੱਖ ਦੇ ਕੁਦਰਤੀ ਅਧਿਕਾਰਾਂ ਦਾ ਉਲੇਖ ਹੈ : ਸੰਪਤੀ ਦਾ ਆਜ਼ਾਦੀ ਨਿੱਜੀ ਸੁਰੱਖਿਆ ਤੇ ਜਬਰ ਦੇ ਸਾਹਮਣੇ ਬਚਾਉ ਲਈ ਅਧਿਕਾਰ ਸ਼ਾਮਿਲ ਸਨ।

(iii) ਪ੍ਰਭੂਸੱਤਾ ਪੂਰੀ ਕੌਮ ਕੋਲ ਹੋਵੇਗੀ। ਕਿਸੇ ਤਰ੍ਹਾਂ ਦੇ ਸਮੂਹਿਕ ਬਲ ਜਾਂ ਕੋਈ ਸਖਸ਼ ਅਜਿਹੀ ਸੱਤਾ ਦੀ ਵਰਤੋਂ ਨਹੀਂ ਕਰੇਗਾ ਜੋ ਕੌਮ ਵੱਲੋਂ ਉਸ ਨੂੰ ਦਿੱਤੀ ਗਈ ਹੋਵੇ।

(iv) ਆਜ਼ਾਦੀ ਦਾ ਅਰਥ ਸੀ ਮਨੁੱਖ ਦਾ ਖੁਸ਼ੀ ਮੁਤਾਬਿਕ ਕੰਮ ਕਰਨ ਦਾ ਅਧਿਕਾਰ ਜਿੰਨਾ ਚਿਰ ਕਿ ਦੂਜੇ ਹੱਕਾਂ ਦੀ ਉਲੰਘਣਾ ਨਾ ਹੋਵੇ।

(v) ਕਿਸੇ ਮਨੁੱਖ ਨੂੰ ਗੈਰ-ਕਾਨੂੰਨੀ ਕੰਮ ਕਰਨ ਲਈ ਮਜ਼ਬੂਰ ਨਹੀਂ ਕੀਤਾ ਜਾ ਸਕੇਗਾ।

(vi) ਕਾਨੂੰਨ ਆਮ ਸਹਿਮਤੀ ਨਾਲ ਬਣਨਗੇ। ਇਸ ਲਈ ਸਾਰੇ ਲੋਕਾਂ ਨੂੰ ਸਮਾਨ ਰੂਪ ਵਿੱਚ ਕਾਨੂੰਨ ਬਣਾਉਣ ਦੀ ਪ੍ਰਕ੍ਰਿਆ ਵਿੱਚ ਭਾਗ ਲੈਣ ਦਾ ਅਧਿਕਾਰ ਹੋਵੇਗਾ।

(vii) ਕਿਸੇ ਤੇ ਵੀ ਕਾਨੂੰਨੀ ਫੈਸਲੇ ਤੋਂ ਬਿਨਾਂ ਦੋਸ਼ ਨਹੀਂ ਲਗਾਇਆ ਜਾ ਸਕਦਾ, ਜੇਲ੍ਹ ਵਿੱਚ ਨਹੀਂ ਡੱਕਿਆ ਜਾ ਸਕਦਾ ਤੇ ਨਾ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

(viii) 10ਵੀਂ ਧਾਰਾ ਅਨੁਸਾਰ ਕਿਸੇ ਨੂੰ ਵੀ ਉਸ ਦੇ ਧਾਰਮਿਕ ਜਾਂ ਹੋਰ ਵਿਚਾਰਾਂ ਕਰਕੇ ਤੰਗ ਨਹੀਂ ਕੀਤਾ ਜਾ ਸਕਦਾ ਜਿੰਨਾ ਚਿਰ ਉਹ ਲੋਕ ਜੀਵਨ ਵਿੱਚ ਕੋਈ ਦਖਲ ਅੰਦਾਜ਼ੀ ਨਹੀਂ ਕਰ ਸਕਦਾ।

(ix) ਸ੍ਵੈ-ਪ੍ਰਗਟਾਵੇ, ਰਾਏ ਦੇਣ ਤੇ ਵਿਚਾਰ ਰੱਖਣ ਦੀ ਆਜ਼ਾਦੀ ਦੀ ਗਾਰੰਟੀ ਦਿੱਤੀ ਗਈ ਪਰੰਤੂ ਜਿੰਨਾ ਚਿਰ ਕਿ ਇਸ ਦੀ ਦੁਰਵਰਤੋਂ ਨਾ ਕੀਤੀ ਜਾਵੇ।

(x) ਧਾਰਾ 15 ਵਿੱਚ ਪ੍ਰਾਵਧਾਨ ਸੀ ਕਿ ਸਮਾਜ ਨੂੰ ਸਰਕਾਰੀ ਨੌਕਰਾਂ ਕੋਲੋਂ ਉਨ੍ਹਾਂ ਦੇ ਕੰਮਾਂ ਦੇ ਹਿਸਾਬ ਮੰਗਣ ਦਾ ਅਧਿਕਾਰ ਹੈ।

(xi) ਇਕ ਹੋਰ ਧਾਰਾ ਅਨੁਸਾਰ, ਸਮਾਜ ਵਿੱਚ ਉਹ ਸੰਵਿਧਾਨ ਲਾਗੂ ਨਹੀਂ ਹੋਵੇਗਾ ਜਿਸ ਵਿੱਚ ਸ਼ਕਤੀਆਂ ਦੀ ਵੰਡ ਨਾ ਹੋਵੇ।

(xii) ਧਾਰਾ 17 ਨੇ ਘੋਸ਼ਣਾ ਕੀਤੀ ਕਿ ''ਸੰਪਤੀ ਇਕ ਪਵਿੱਤਰ ਤੇ ਨਾ ਖੋਹਿਆ ਜਾਣ ਵਾਲਾ ਅਧਿਕਾਰ ਹੈ।'' ਅਤੇ ਇਸ ਤੋਂ ਵੀ ਉਸ ਦੀ ਸੰਪਤੀ ਕਾਨੂੰਨ ਦੀ ਮਨਜ਼ੂਰੀ ਤੋਂ ਬਿਨਾਂ ਯੋਗ ਤੋਂ ਮੁਆਵਜ਼ਾ ਦਿੱਤੇ ਬਿਨਾਂ ਨਹੀਂ ਲਈ ਜਾ ਸਕਦੀ ਸੀ।

**ਘੋਸ਼ਣਾ ਦਾ ਮੁਲਾਂਕਣ :** ਬਹੁਤ ਗਿਣਤੀ ਵਿੱਚ ਇਤਿਹਾਸਕਾਰਾਂ ਨੇ ਘੋਸ਼ਣਾ ਤੇ ਆਪਣਾ-ਆਪਣਾ ਫੈਸਲਾ ਦਿੱਤਾ ਹੈ। ਰਾਈਟ (Wright) ਅਨੁਸਾਰ, ''ਅੰਗਰੇਜ਼ੀ ਬਿਲ ਆਫ਼ ਰਾਈਟਸ ਅਤੇ ਅਮਰੀਕਨ ਆਜ਼ਾਦੀ ਦੀ ਘੋਸ਼ਣਾ ਨੂੰ ਮੱਧਮ ਪਾਉਣ ਦਾ ਯਤਨ ਹੀ ਨਹੀਂ ਸਗੋਂ ਵਿਰੋਧੀ-ਕ੍ਰਾਂਤੀ ਨੂੰ ਹੀ ਕੁਚਲਣਾ ਸੀ ਅਤੇ ਅਸੈਂਬਲੀ ਦੀ ਸੰਵਿਧਾਨ ਬਣਾਉਣ ਦੇ ਕੰਮ ਵਿੱਚ ਅਗਵਾਈ ਕਰਨਾ ਵੀ ਸੀ।''[1] ਇਹ ਅਸਲ ਵਿੱਚ ਮੱਧ ਸ਼੍ਰੇਣਿਕ ਦਸਤਾਵੇਜ਼ ਸੀ। ਰੋਵੇਨ (Rowen) ਦਾ ਕਥਨ ਹੈ ਕਿ ''ਅਧਿਕਾਰਾਂ ਦਾ ਘੋਸ਼ਣਾ ਪੱਤਰ ਫ੍ਰਾਂਸ ਦੀ ਆਜ਼ਾਦੀ ਦਾ ਚਾਰਟਰ ਬਣ ਗਿਆ।''

ਹੇਜ਼ ਲਿਖਦਾ ਹੈ, 'ਇਹ ਦਸਤਾਵੇਜ਼ ਜਿਸ ਵਿੱਚੋਂ ਰੂਸੋ ਦੇ ਦਰਸ਼ਨ ਦੀ ਆਤਮਾ ਝਲਕਦੀ ਹੈ ਅਤੇ ਜਿਸ ਵਿੱਚ ਬ੍ਰਿਟਿਸ਼ ਤੇ ਅਮਰੀਕਨ ਧਾਰਾਵਾਂ (ਕੁੱਝ) ਸ਼ਾਮਲ ਹਨ ਫ੍ਰਾਂਸ ਦੀ ਕ੍ਰਾਂਤੀ ਦਾ ਪਲੇਟਫ਼ਾਰਮ ਬਣ ਗਿਆ ਅਤੇ ਬਾਅਦ ਦੀ ਰਾਜਨੀਤਕ ਵਿਚਾਰਧਾਰਾ ਤੇ ਇਸ ਦਾ ਬਹੁਤ ਲੰਬਾ-ਚੌੜਾ ਪ੍ਰਭਾਵ ਪਿਆ।'' ਆਓ ਇਸ ਦੀ ਮਹਾਨਤਾ ਤੇ ਵਿਚਾਰ ਕਰੀਏ :

(i) ਲਾਰਡ ਐਕਟਨ (Lord Acton) ਲਿਖਦਾ ਹੈ ਕਿ ''ਅਸੈਂਬਲੀ ਨੇ ਪਹਿਲੇ ਹੀ ਮੌਕੇ ਤੇ ਘੋਸ਼ਣਾ ਜਾਰੀ ਕਰਕੇ ਭਵਿੱਖ ਬਣਾਉਣ ਤੇ ਨਿਯਮਤ ਕਰਨ ਦਾ ਯਤਨ ਕੀਤਾ। ਇਹ ਉਸ ਦੇ ਵੱਡੇ ਕੰਮ ਅਤੇ ਕ੍ਰਾਂਤੀ ਦੀ ਸਥਾਈ ਵਿਰਾਸਤ ਹਨ। ਇਸ ਨਾਲ ਮਨੁੱਖਤਾ ਦਾ ਇਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ।'' ਵੱਖ-ਵੱਖ ਦੇਸ਼ਾਂ ਦੇ ਸੰਵਿਧਾਨ ਨਿਰਮਾਤਾਵਾਂ ਨੇ ਬਾਅਦ ਵਿੱਚ, ਇਸ ਦਸਤਾਵੇਜ਼ ਤੋਂ ਪ੍ਰਭਾਵ ਤੇ ਅਗਵਾਈ ਪ੍ਰਾਪਤ ਕੀਤੀ।

(ii) ਇਸ ਨੇ ਕੇਵਲ ਲੋਕਾਂ ਦੇ ਅਧਿਕਾਰਾਂ ਦੀ ਗਿਣਤੀ ਤਾਂ ਦਿੱਤੀ ਪਰ ਫ਼ਰਜ਼ਾਂ ਦੀ ਨਹੀਂ। ਸੋ ਦਸਤਾਵੇਜ਼ ਵਿੱਚ ਕਮੀਆਂ ਸਨ।

(iii) ਇਸ ਵਿੱਚ ਕੋਈ ਸ਼ੱਕ ਨਹੀਂ ਕਿ ''ਇਸ ਦਸਤਾਵੇਜ਼ ਨੇ ਗੈਰ-ਕੈਥੋਲਿਕਾਂ ਨੂੰ ਧਾਰਮਿਕ ਸਹਿਨਸ਼ੀਲਤਾ ਦੀ ਗਰੰਟੀ ਤਾਂ ਦਿੱਤੀ ਪਰ ਅੰਤਰ ਆਤਮਾ ਦੀ ਪੂਰੀ ਆਜ਼ ਾਦੀ ਨਹੀਂ।''[3] ਇਹ ਦੇਰ ਨਾਲ ਆਈ। ਉਹ ਲਿਖਦਾ ਹੈ, ਪ੍ਰੋਟੈਸਟੈਂਟ ਜਿਨ੍ਹਾਂ ਨੇ 1789 ਵਿੱਚ ਆਪਣੇ ਅਧਿਕਾਰ ਜਿੱਤ ਲਏ ਸਨ, ਉਨ੍ਹਾਂ ਨੂੰ ਪੂਰੀ ਧਾਰਮਿਕ ਖੁਲ੍ਹ ਤੇ ਰਾਜਨੀਤਕ ਅਧਿਕਾਰ ਦਸੰਬਰ 1789 ਨੂੰ ਮਿਲੇ। ਯਹੂਦੀਆਂ ਨੂੰ ਆਪਣੇ ਅਧਿਕਾਰ ਜਨਵਰੀ 1790 ਤੋਂ ਸਤੰਬਰ 1791 ਦੇ ਵਿਚਕਾਰ ਮਿਲੇ।

(iv) ਘੋਸ਼ਣਾ ਪੱਤਰ ਨੇ ਆਜ਼ਾਦ ਐਸੋਸੀਏਸ਼ਨ ਦਾ ਅਧਿਕਾਰ ਨਾ ਦਿੱਤਾ ਇਸ ਲਈ ਵਿਚਲੀਆਂ ਸ਼੍ਰੇਣੀਆਂ ਘਾਟੇ ਵਿੱਚ ਰਹੀਆਂ।

(v) ਸਾਰਿਆਂ ਨੂੰ ਪਵਿੱਤਰ ਸਮਾਨਤਾ ਦਾ ਅਧਿਕਾਰ ਦੇਣ ਦੇ ਬਾਵਜੂਦ, ਸੰਵਿਧਾਨ ਨੇ ਸਭ ਨੂੰ ਵੋਟ ਦੇਣ ਦਾ ਅਧਿਕਾਰ ਨਾ ਦਿੱਤਾ ਸਿਰਫ ਕਹੇ ਜਾਂਦੇ ਸਰਗਰਮ ਨਾਗਰਿਕਾਂ ਨੂੰ ਵੋਟ ਦਾ ਹੱਕ ਦਿੱਤਾ ਗਿਆ। ਇਹ ਗੱਲ ਘੋਸ਼ਣਾ-ਪੱਤਰ ਦੇ ਐਨ ਉਲਟ ਸੀ। ਕੈਟਲਬੀ ਨੇ ਠੀਕ ਹੀ ਕਿਹਾ ਹੈ, ਅਸੈਂਬਲੀ ਨੇ ਘੋਸ਼ਣਾ ਪੱਤਰ ਨਹੀਂ ਆਜ਼ਾਦੀ ਤੋਂ ਜੋ ਪਰਦਾ ਚੁੱਕਿਆ ਸੀ ਉਹ ਸੰਵਿਧਾਨ ਨੇ ਇਸ ਤੇ ਦੁਬਾਰਾ ਦੇ ਦਿੱਤਾ।''[4] ਪਰੰਤੂ ਫਿਰ ਵੀ ਇਹ ਆਮ ਲੋਕਾਂ ਦੇ ਭਲੇ ਲਈ ਸੀ। ਸਭ ਕਾਸੇ ਦੇ ਬਾਵਜੂਦ ਅਸੀਂ ਕਹਿ ਸਕਦੇ ਹਾਂ ਕਿ ਘੋਸ਼ਣਾ ਪੱਤਰ ਬਹੁਤ ਹੀ ਮਹੱਤਵਪੂਰਣ ਸੀ ਅਤੇ ਉਸ ਵਿੱਚੋਂ ਕ੍ਰਾਂਤੀ ਦੀ ਆਤਮਾ ਦੀ ਝਲਕ ਮਿਲਦੀ ਹੈ।

(vi) **ਨਵਾਂ ਸੰਵਿਧਾਨ :** ਅਸੈਂਬਲੀ ਦਾ ਇਕ ਹੋਰ ਮਹੱਤਵਪੂਰਣ ਕੰਮ ਸੰਵਿਧਾਨ ਬਣਾਉਣਾ ਸੀ ਜਿਸ ਨੂੰ ਕਿ 1791 ਵਿੱਚ ਲਾਗੂ ਕੀਤਾ ਗਿਆ। ਘੋਸ਼ਣਾ ਪੱਤਰ ਦੀ ਹਦਾਇਤ ਦੇ ਅਨੁਸਾਰ ਸੰਵਿਧਾਨ ਸ਼ਕਤੀਆਂ ਦੀ ਵੰਡ ਦੇ ਆਧਾਰ ਤੇ ਬਣਾਇਆ ਗਿਆ। ਸਰਕਾਰ ਦੀਆਂ ਵੱਖ-ਵੱਖ ਸ਼ਾਖਾਵਾਂ ਇਕ ਦੂਜੇ ਤੋਂ ਅਲੱਗ ਰੱਖੀਆਂ ਗਈਆਂ।

**ਕਾਰਜਕਾਰਣੀ :** ਬਾਦਸ਼ਾਹ ਸਰਕਾਰ ਦਾ ਕਾਰਜਕਾਰੀ ਮੁਖੀ ਹੋਣਾ ਸੀ ਅਤੇ ਉਸ ਨੂੰ ਫ੍ਰਾਂਸ ਦਾ ਬਾਦਸ਼ਾਹ ਕਿਹਾ ਜਾਣਾ ਸੀ। ਉਸ ਨੇ ਸੰਵਿਧਾਨਕ ਸ਼ਾਸਕ ਹੋਣਾ ਸੀ। ਕਹਿਣ ਨੂੰ ਤਾਂ ਰਾਜੇ ਨੂੰ, ਸੰਵਿਧਾਨ ਨੇ ਬਹੁਤ ਜ਼ਿਆਦਾ ਸ਼ਕਤੀ ਦਿੱਤੀ ਪਰ ਅਮਲੀ ਤੌਰ ਤੇ ਉਨ੍ਹਾਂ ਦੀ ਵਰਤੋਂ ਕਰਨ ਵੇਲੇ ਉਸ ਤੇ ਅਨੇਕਾਂ ਪਾਬੰਦੀਆਂ ਸਨ, ਜਿਵੇਂ ਕਿ ਗਰਸਾਏ ਨੇ ਕਿਹਾ ਹੈ ''ਰਾਜਾ ਥਲ ਤੇ ਜਲ ਫ਼ੌਜ ਦਾ ਮੁਖੀ ਸੀ। ਉਸ ਨੂੰ ਮੰਤਰੀ ਅਤੇ ਰਾਜਦੂਤਾਂ ਸਮੇਤ ਉੱਚ ਅਧਿਕਾਰੀਆਂ ਦੀ ਨਿਯੁਕਤੀ ਦਾ ਅਧਿਕਾਰ ਸੀ ਪਰ ਵਿਦੇਸ਼ ਨੀਤੀ ਦੇ ਡਾਇਰੈਕਟਰਜ਼ ਵਿਧਾਨ ਪਾਲਿਕਾ ਦੇ ਅਧੀਨ ਸਨ।'' ਮੰਤਰੀ ਵਿਧਾਨ ਪਾਲਿਕਾ ਵਿੱਚੋਂ ਨਹੀਂ ਚੁਣੇ ਜਾਂਦੇ ਸਨ ਪਰ ਉਹ ਇਨ੍ਹਾਂ ਤੇ ਕਰੜੀ ਨਜ਼ ਰ ਰੱਖਦੇ ਸੀ। ਰਾਜੇ ਦਾ ਕੋਈ ਵੀ ਕੰਮ ਉਨ੍ਹਾਂ ਚਿਰ ਜਾਇਜ਼ ਨਹੀਂ ਹੋ ਸਕਦਾ ਸੀ ਜਿੰਨਾ ਚਿਰ ਉਸ ਤੇ ਇਕ ਮੰਤਰੀ ਦੇ ਦਸਤਖ਼ਤ ਨਾ ਹੋਏ ਹੋਣ। ਮੰਤਰੀਆਂ ਨੂੰ ਅਸਿੱਧੇ ਤੌਰ ਤੇ ਵਿਧਾਨ ਪਾਲਿਕਾ ਸਾਹਮਣੇ ਉਤਰਦਾਈ ਬਣਾਇਆ ਗਿਆ ਕਿਉਂਕਿ ਉਨ੍ਹਾਂ ਤੇ ਵਿਧਾਨ ਪਾਲਿਕਾ ਮਹਾਂਅਭਿਯੋਗ ਚਲਾ ਸਕਦੀ ਸੀ ਤੇ ਉਨ੍ਹਾਂ ਦੇ ਵਿਭਾਗਾਂ ਦੇ ਖ਼ਰਚੇ ਦਾ ਹਿਸਾਬ ਵੀ ਉਸ ਨੂੰ ਦੇਣਾ ਪੈਂਦਾ ਸੀ।

ਰਾਜੇ ਤੇ ਇਕ ਹੋਰ ਪਾਬੰਦੀ ਇਹ ਲਗਾਈ ਗਈ ਕਿ ਉਹ ਆਪਣੀਆਂ ਸ਼ਕਤੀਆਂ ਦੀ ਵਰਤੋਂ ਸਥਾਨਿਕ ਸੰਗਠਨਾਂ ਰਾਹੀਂ ਹੀ ਕਰੇਗਾ ਜਿੱਥੇ ਕਿ ਵਿਧਾਨ ਪਾਲਿਕਾ ਦੀਆਂ ਮੀਟਿੰਗਾਂ ਹੋਣ। ਰਾਜਾ ਉਸ ਦੇ ਤੀਹ ਮੀਲ ਦੇ ਘੇਰੇ ਵਿੱਚ ਫੌਜ ਤੈਨਾਤ ਨਹੀਂ ਕਰੇਗਾ। ਅਜਿਹਾ, ਅਸੈਂਬਲੀ ਦੁਆਰਾ ਰਾਜੇ ਵੱਲੋਂ ਸੰਭਾਵਿਤ ਸ਼ਕਤੀ ਦੀ ਵਰਤੋਂ ਨੂੰ ਰੋਕਣ ਲਈ ਕੀਤਾ ਗਿਆ ਸੀ।

ਬਾਦਸ਼ਾਹ ਨੂੰ ਵਿਧਾਨ ਪਾਲਿਕਾ ਵੱਲੋਂ ਪਾਸ ਕੀਤੇ ਕੁੱਝ ਕਾਨੂੰਨਾਂ ਨੂੰ ਕੁੱਝ ਸਮਾਂ ਜਾਂ ਸਾਲਾਂ ਲਈ ਮੁਅੱਤਲ ਕਰਨ ਲਈ ਵੀਟੋ ਦਾ ਅਧਿਕਾਰ ਦਿੱਤਾ ਗਿਆ। ਪਰ ਬਾਦਸ਼ਾਹ ਦੇ ਇਸ ਅਧਿਕਾਰ ਦੀ ਵਰਤੋਂ ਨੇ ਉਸ ਲਈ ਕਈ ਵਾਰ ਸਮੱਸਿਆ ਖੜੀ ਕੀਤੀ ਜਿਵੇਂ ਕਿ ਕੈਟਲਬੀ ਲਿਖਦਾ ਹੈ, ''ਵੀਟੋ ਦਾ ਸਾਰਾ ਪ੍ਰਸ਼ਨ ਅਤੇ ਉਸ ਦੇ ਵਿਚਾਰ ਨੂੰ ਲੋਕਾਂ ਨੇ ਪੂਰੇ ਤੌਰ ਤੇ ਡਰਦੇ ਰੂਪ ਵਿੱਚ ਲਿਆ ਤੇ ਜਿਹੜੇ ਦੁਬਾਰਾ ਹਿੰਸਾ ਦਾ ਪ੍ਰਗਟਾਵਾ ਕਰਨਾ ਚਾਹੁੰਦੇ ਸਨ, ਇਸ ਵੀਟੋ ਦੇ ਪ੍ਰਸ਼ਨ ਨੂੰ ਆਪਣੇ ਹਿੱਤਾਂ ਲਈ ਵਰਤਿਆ।

**ਵਿਧਾਨ ਪਾਲਿਕਾ :** ਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ 745 ਰੱਖੀ ਗਈ ਜਿਨ੍ਹਾਂ ਨੂੰ ਸਰਗਰਮ ਨਾਗਰਿਕਾਂ ਦੁਆਰਾ ਚੁਣੇ ਚੋਣ ਮੰਡਲ ਨੇ ਚੁਣਨਾ ਸੀ। ਇਹ ਸਰਗਰਮ ਮੈਂਬਰ 25 ਸਾਲ ਤੋਂ ਵੱਧ ਉਮਰ ਦੇ ਉਹ ਮਰਦ ਸਨ ਜੋ ਆਮ ਮਜ਼ਦੂਰ ਦੀ ਸਥਾਨਕ ਦੈਨਿਕ ਜਮ੍ਹਦੂਰੀ ਤੋਂ ਤਿੰਨ ਗੁਣਾਂ ਟੈਕਸ ਦਿੰਦੇ ਸਨ। ਇਸ ਤਰ੍ਹਾਂ 4 ਲੱਖ ਤੋਂ ਕੁੱਝ ਵੱਧ ਲੋਕਾਂ ਨੂੰ ਵੋਟ ਦਾ ਅਧਿਕਾਰ ਦਿੱਤਾ ਗਿਆ ਤੇ ਲਗਭਗ 3 ਲੱਖ ਲੋਕ ਇਸ ਤੋਂ ਵਾਂਝੇ ਰਹੇ। ਇਹ ਸਰਗਰਮ ਮੈਂਬਰ ਮੁੱਢਲੀਆਂ ਅਸੈਂਬਲੀਆਂ ਵਿੱਚ ਡਿਵੀਜ਼ਨ ਦੇ ਮੁਖਆਲਿਆਂ ਤੇ ਇਕੱਠੇ ਹੋ ਕੇ ਬਹੁਤਾ ਟੈਕਸ ਅਦਾ ਕਰਨ ਵਾਲੇ ਲੋਕਾਂ ਨੂੰ ਚੋਣ ਕਰਤਾ ਵੱਜੋਂ ਚੁਣਨਗੇ ਜਿਹੜੇ ਅੱਗੋਂ ਅਸੈਂਬਲੀ ਲਈ ਡਿਪਟੀਆਂ ਦੀ ਚੋਣ ਕਰਨਗੇ।

ਅਸੈਂਬਲੀ ਦੀ ਮਿਆਦ ਦੋ ਸਾਲ ਰੱਖੀ ਗਈ। ਇਸ ਨੂੰ ਬੇਅੰਤ ਸ਼ਕਤੀਆਂ ਦਿੱਤੀਆਂ ਗਈਆਂ:

(i) ਮੈਂਬਰਾਂ ਨੂੰ ਅਸੈਂਬਲੀ ਵਿੱਚ ਬੋਲਣ ਦੀ ਪੂਰੀ ਆਜ਼ਾਦੀ।

(ii) ਅਸੈਂਬਲੀ ਹੀ ਬਿਲ ਪੇਸ਼ ਕਰ ਸਕਦੀ ਤੇ ਕਾਨੂੰਨ ਬਣਾ ਸਕਦੀ ਸੀ।

(iii) ਇਹ ਕਰ ਲਗਾਉਂਦੀ ਅਤੇ ਖਰਚੇ ਤੇ ਨਿਯੰਤਰਣ ਰੱਖਦੀ ਸੀ।

(iv) ਇਹ ਮੰਤਰੀ ਮੰਡਲ ਦਾਂ ਨਰੀਖਣ ਕਰਦੀ ਸੀ।

(v) ਇਹ ਰਾਜ ਦੇ ਵਿਦੇਸ਼ੀ ਤੇ ਰਾਜਦੂਤ ਦੇ ਮਾਮਲਿਆਂ ਵਿੱਚ ਹਿਦਾਇਤ ਦਿੰਦੀ ਸੀ।

(vi) ਬਾਦਸ਼ਾਹ ਅਸੈਂਬਲੀ ਦੀ ਮਰਜ਼ੀ ਤੋਂ ਬਿਨਾਂ ਲੜਾਈ ਜਾਂ ਸ਼ਾਂਤੀ ਦੀ ਘੋਸ਼ਣਾ ਨਹੀਂ ਸੀ ਕਰ ਸਕਦਾ।

ਇਸ ਤਰ੍ਹਾਂ ਅਸੈਂਬਲੀ ਕੋਲ ਅਣਗਿਣਤ ਸ਼ਕਤੀਆਂ ਸਨ ਅਤੇ ਰਾਜ ਦਾ ਸਭ ਤੋਂ ਮਹੱਤਵਪੂਰਣ ਤੇ ਸ਼ਕੀਤਸ਼ਾਲੀ ਸੰਗਠਨ ਸੀ। ਇਸ ਵਿੱਚ ਇਕੋ ਕਮੀ ਸੀ। ਰਾਜੇ ਨੂੰ ਜੋ ਕਾਨੂੰਨ ਬਣਾਉਣ ਦੇ ਕੰਮ ਨੂੰ ਵੀਟੋ ਕਰਕੇ ਮੁਅੱਤਲ ਕਰਨ ਦਾ ਅਧਿਕਾਰ ਸੀ, ਉਸ ਦੀ ਵਰਤੋਂ ਨਾਲ 6 ਸਾਲਾਂ ਲਈ ਕਾਨੂੰਨ ਬਣਨ ਤੋਂ ਰੋਕ ਸਕਦਾ ਸੀ।

**ਨਿਆਂ ਪਾਲਿਕਾ :** ਸ਼ਕਤੀਆਂ ਦੇ ਵੱਖਰੇਪਣ ਦੇ ਸਿੱਧਾਂਤ ਦੇ ਅਸਰ ਵਿੱਚ ਅਸੈਂਬਲੀ ਨੇ ਆਜ਼ਾਦ ਨਿਆਂ ਪਾਲਿਕਾ ਦੀ ਸਥਾਪਨਾ ਕੀਤੀ। ਜੱਜਾਂ ਦੀ ਚੋਣ ਸਰਗਰਮ ਮੈਂਬਰਾਂ ਨੇ ਕਰਨੀ ਸੀ। ਤਸੀਹਿਆਂ ਨੂੰ ਖਤਮ ਕਰ ਦਿੱਤਾ ਗਿਆ। ਮੁਕੱਦਮਿਆਂ ਦੀ ਸੁਣਵਾਈ ਦੇ ਸਮੇਂ ਜਿਉਰੀ ਪ੍ਰਥਾ ਦਾ ਆਰੰਭ ਹੋਇਆ। ਅਪੀਲਾਂ ਸੁਣਨ ਲਈ ਸੁਪਰੀਮ ਕੋਰਟ ਦੀ ਸਥਾਪਨਾ ਕੀਤੀ ਗਈ ਸੰਵਿਧਾਨ ਦੀਆਂ ਕੁੱਝ ਧਾਰਾਵਾਂ 1791 ਵਿੱਚ ਲਾਗੂ ਕੀਤੀਆਂ ਗਈਆਂ।

**ਸੰਵਿਧਾਨ ਦੀ ਆਲੋਚਨਾ :** ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਕਾਰੀ ਪ੍ਰਬੰਧ ਵਿੱਚ 1771 ਦੇ ਸਮੇਂ ਤੋਂ ਪਹਿਲਾ ਨਾਲੋਂ ਬਹੁਤ ਜ਼ਿਆਦਾ ਸੁਧਾਰ ਹੋਇਆ ਸੀ। ਇਸ ਨੇ ਸੰਵਿਧਾਨਕ ਢਾਂਚੇ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਬਾਦਸ਼ਾਹ ਦੀਆਂ ਹੱਦੋਂ-ਰਹਿਤ ਸ਼ਕਤੀਆਂ ਤੇ ਰੋਕ ਲਾਈ ਅਤੇ ਲੋਕਾਂ ਨੂੰ ਸਰਕਾਰ ਦੇ ਕੰਮਾਂ ਵਿੱਚ ਭਾਗ ਲੈਣ ਦਾ ਮੌਕਾ ਦਿੱਤਾ। ਪਰ ਇਹ ਮੱਧ ਵਰਗੀ ਜਮਾਤਾਂ ਦਾ ਦਸਤਾਵੇਜ਼ ਸੀ ਤੇ ਇਸ ਨੇ ਮੱਧ ਵਰਗੀਆਂ ਨੂੰ ਹੀ ਸ਼ਕਤੀ ਦਿੱਤੀ। ਇਸ ਵਿੱਚ ਕੁੱਝ ਉਖੜਵੇਂ ਨੁਕਸ ਸਨ :

**ਪਹਿਲਾ,** ਘੋਸ਼ਣਾ ਪੱਤਰ ਦੀ ਇਸ ਧਾਰਾ ਦੀ ਉਲੰਘਣਾ ਕੀਤੀ ਗਈ ਕਿ ਸਭ ਨੂੰ ਬਰਾਬਰਤਾ ਦਿੱਤੀ ਜਾਵੇਗੀ। ਇਸ ਦੀ ਥਾਂ ਵੋਟ ਦਾ ਅਧਿਕਾਰ ਕੇਵਲ ਸਰਗਰਮ ਨਾਗਰਿਕਾਂ ਨੂੰ ਦਿੱਤਾ ਗਿਆ ਜੋ ਆਪਣੇ ਤੋਂ ਅਮੀਰਾਂ ਨੂੰ ਚੋਣ ਕਰਤਾ ਚੁਣਨਗੇ ਤੇ ਇਹ ਚੋਣ ਕਰਤਾ ਅੱਗੇ ਡਿਪਟੀਆਂ ਦੀ (ਅਸੈਂਬਲੀ ਦੇ ਮੈਂਬਰਾਂ) ਚੋਣ ਕਰਨਗੇ।

**ਦੂਜਾ,** ਅਸੈਂਬਲੀ ਨੇ ਇਹ ਨਿਯਮ ਬਣਾ ਕੇ ਮੰਤਰੀ ਵਿਧਾਨ ਸਭਾ ਦੇ ਮੈਂਬਰ ਨਹੀਂ ਹੋਣਗੇ, ਇਕ ਬਹੁਤ ਭਾਰੀ ਭੁੱਲ ਕੀਤੀ। ਇਸ ਨੇ ਭਾਰੀ ਸਮੱਸਿਆ ਪੈਦਾ ਕੀਤੀ ਕਿਉਂਕਿ ਇਸ ਤਰ੍ਹਾਂ ਨਾਲ ਸਰਕਾਰ ਦੇ ਠੀਕ ਕੰਮ ਕਰਨ ਲਈ ਕਾਰਜ-ਕਾਰਣੀ ਤੇ ਵਿਧਾਨ ਪਾਲਿਕਾ ਦੇ ਵਿੱਚ ਲੋੜੀਂਦੇ ਤਾਲਮੇਲ ਦੀ ਕਮੀ ਰਹਿ ਗਈ।

**ਤੀਜੇ,** ਬਾਦਸ਼ਾਹ ਨੂੰ ਵੀਟੋ ਰਾਹੀਂ ਮੁਅੱਤਲੀ ਦਾ ਅਧਿਕਾਰ ਵੀ ਸੰਵਿਧਾਨ ਦਾ ਚੰਗਾ ਗੁਣ ਨਹੀਂ। ਇਸ ਨੇ ਬਾਦਸ਼ਾਹ ਤੇ ਅਸੈਂਬਲੀ ਦੇ ਵਿਚਕਾਰ ਈਰਖਾ ਪੈਦਾ ਕਰ ਦਿੱਤੀ ਜੋ ਅੰਤ ਵਿੱਚ ਉਸ ਨੂੰ ਖਾਤਮੇ ਤੀਕ (ਫਾਂਸੀ) ਲੈ ਗਈ।

**ਚੌਥੇ,** ਜੱਜਾਂ ਦੀ ਚੋਣ ਕਰਨ ਦੀ ਗੱਲ ਸੰਵਿਧਾਨ ਦਾ ਇਕ ਹੋਰ ਔਗੁਣ ਸੀ। ਇਕ ਚੁਣਿਆ ਹੋਇਆ, ਜੱਜ ਨਿਰਪੱਖ ਨਿਆਂਪੂਰਣ ਨਹੀਂ ਹੋ ਸਕਦਾ ਸੀ।

**ਪੰਜਵੇਂ,** ਸੰਵਿਧਾਨ ਨੇ ਬਾਦਸ਼ਾਹ ਦੀ ਕਾਰਜਕਾਰੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਕਿਉਂਕਿ ਉਸ ਦੀ ਸੱਤਾ ਵਰਤੋਂ ਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਇਹ ਸਰਕਾਰ ਦੇ ਠੀਕ ਤਰ੍ਹਾਂ ਚਲਾਉਣ ਵਿੱਚ ਸਹਾਈ ਨਹੀਂ ਸੀ।

**ਆਖਰੀ,** ਅਸੈਂਬਲੀ ਦੇ ਮੈਂਬਰਾਂ ਤੇ ਵਿਧਾਨ ਪਾਲਿਕਾ ਦੇ ਮੈਂਬਰ ਬਣਨ ਤੇ ਰੋਕ ਲਾ ਕੇ ਇਸ ਨੇ ਸਭ ਤੋਂ ਭਾਰੀ ਗਲਤੀ ਕੀਤੀ। ਇਸ ਦੇ ਨਤੀਜੇ ਵੱਜੋਂ ਅਸੈਂਬਲੀ ਕਈ ਤਜ਼ਰਬੇਕਾਰ ਵਿਧਾਨਕਾਰਾਂ ਦੀਆਂ ਸੇਵਾਵਾਂ ਤੋਂ ਵਾਂਝੀ ਰਹਿ ਗਈ।

## (4) ਪ੍ਰਬੰਧਕੀ ਸੁਧਾਰ

ਸਲਵੇਮਿਨੀ ਅਨੁਸਾਰ ਬਾਸਤੀਲ ਦੇ ਪਤਨ ਤੋਂ ਬਾਅਦ ਸਾਰਾ ਪ੍ਰਬੰਧਕੀ ਢਾਂਚਾ ਨਸ਼ਟ ਹੋ ਗਿਆ। ਪੁਰਾਣੀ ਹਕੂਮਤ ਦੇ ਇਰਾਦੇ ਖਤਮ ਹੋ ਗਏ ਸਨ। ਉਹ ਲਿਖਦਾ ਹੈ, ''ਫ੍ਰਾਂਸ ਛੋਟੇ-ਛੋਟੇ ਆਜ਼ਾਦ ਸੰਪਰਦਾਇਕ ਗਣਤੰਤਰਾਂ ਦਾ ਦੇਸ਼ ਬਣ ਗਿਆ ਸੀ ਜਿਨ੍ਹਾਂ ਵਿੱਚ ਫ੍ਰਾਂਸ ਦੀ ਕੌਮੀ ਭਾਵਨਾ ਨਜ਼ਰ ਨਹੀਂ ਆਉਂਦੀ।'' ਇਸ ਲਈ ਨੈਸ਼ਨਲ ਅਸੈਂਬਲੀ (ਸੰਵਿਧਾਨ ਸਭਾ) ਲਈ ਪ੍ਰਬੰਧਕੀ ਸੁਧਾਰ ਕਰਨੇ ਜ਼ਰੂਰੀ ਸੀ।

ਪੁਰਾਣੇ ਸੂਬਿਆਂ ਦੀ ਸੰਸਥਾ ਖ਼ਤਮ ਕਰ ਦਿੱਤੀ ਗਈ। ਇਸ ਦੀ ਥਾਂ ਫ੍ਰਾਂਸ ਨੂੰ 83 ਵਿਭਾਗਾਂ ਵਿੱਚ ਵੰਡ ਦਿੱਤਾ ਗਿਆ ਤੇ ਇਨ੍ਹਾਂ ਵਿਭਾਗਾਂ ਦੇ ਨਾਂ ਇਨ੍ਹਾਂ ਨੇ ਕੁਦਰਤੀ ਗੁਣਾਂ ਦੇ ਆਧਾਰ ਤੇ ਰੱਖੇ ਗਏ। ਇਹ ਵਿਭਾਗ ਨੂੰ ਡਿਪਾਰਟਮੈਂਟ (Department) ਕਹਿੰਦੇ ਸਨ। ਰਵਾਇਤ ਜਾਂ ਸਥਾਨਕ ਭਾਵਨਾਵਾਂ ਨੂੰ ਨਹੀਂ ਲਿਆ ਗਿਆ। ਕ੍ਰਾਂਤੀ, ਸਥਾਨ ਤੇ ਰਵਾਇਤਾਂ ਨੂੰ ਖਤਮ ਕਰਨ ਲਈ ਵਚਨਬੱਧ ਸੀ। ਕਿਉਂਕਿ ਇਨ੍ਹਾਂ ਦਾ ਸੰਬੰਧ ਭੂਤਕਾਲ ਨਾਲ ਸੀ। ਗ੍ਰਾਂਟ ਤੇ ਟੈਂਪਰਲੇ ਇਸ ਬਾਰੇ ਲਿਖਦੇ ਹਨ, ''ਉਨ੍ਹਾਂ ਨੇ ਕੌਮੀ ਏਕਤਾ ਦਾ ਉਦੇਸ਼ ਸਾਹਮਣੇ ਰੱਖਿਆ ਜਿਸ ਨੂੰ ਪ੍ਰਾਪਤ ਕਰਨਾ ਕ੍ਰਾਂਤੀ ਦਾ ਨਿਸ਼ਾਨਾ ਸੀ ਤੇ ਇਹ ਮੋਟੇ ''ਇਕ ਤੇ ਅਵੰਡ ਗਣਰਾਜ'' ਇਸ ਗੱਲ ਤੇ ਹੀ ਰੌਸ਼ਨੀ ਪਾਉਂਦਾ ਹੈ।'' ਹਰ ਵਿਭਾਗ ਨੂੰ ਅੱਗੋਂ ਜ਼ਿਲ੍ਹਿਆਂ ਵਿੱਚ ਵੰਡਿਆ ਗਿਆ ਜਿਨ੍ਹਾਂ ਨੂੰ ਐਰੋਂਡਿਸਮੈਂਟ ਕਿਹਾ ਜਾਂਦਾ ਸੀ ਤੇ ਜ਼ਿਲ੍ਹਿਆਂ ਨੂੰ ਅੱਗੋਂ ਕੈਂਟਨਾਂ ਵਿੱਚ ਵੰਡਿਆ ਗਿਆ

ਤੇ ਹੋਰ ਕੈਂਟਨ ਵਿੱਚ ਕਮਿਊਨ (ਪਿੰਡ, ਸ਼ਹਿਰ ਜਾਂ ਕਸਬੇ) ਹੁੰਦੇ ਸਨ। ਫ੍ਰਾਂਸ ਵਿੱਚ ਲਗਭਗ 44000 ਕਮਿਊਨ ਸਨ। ਇਨ੍ਹਾਂ ਵਿੱਚੋਂ ਹਰ ਇਕ ਦਾ ਚੁਣਿਆ ਹੋਇਆ ਨਗਰ ਪਿਤਾ, ਨਗਰ ਪਾਲਿਕਾ ਅਤੇ ਚੁਣੇ ਹੋਏ ਅਧਿਕਾਰੀ ਹੁੰਦੇ ਸਨ।''[2]

**ਪੈਰਿਸ ਦਾ ਆਪਣਾ ਖਾਸ ਮਿਊਂਸਪਲ ਸੰਗਠਨ :** ਬੇਇਲੀ ਜਾਣਿਆ ਪਛਾਣਿਆ ਨਗਰ ਪਿਤਾ ਮੇਅਰ ਸੀ। ਪੈਰਿਸ ਕਮਿਊਨ ਨੇ ਕ੍ਰਾਂਤੀ ਵਿੱਚ ਮਹੱਤਵਪੂਰਣ ਕਿਰਦਾਰ ਅਦਾ ਕੀਤਾ ਸੀ। ਸਾਰੀਆਂ ਸਭਾਵਾਂ (ਪਰਿਸ਼ਦਾਂ) ਕੈਂਟਨਾਂ ਤੇ ਵਿਭਾਗਾਂ ਦੇ ਅਫਸਰ ਦੋ ਸਾਲ ਦੇ ਸਮੇਂ ਲਈ ਚੁਣੇ ਜਾਂਦੇ ਸਨ।

ਜਿਉਂ-ਜਿਉਂ ਕ੍ਰਾਂਤੀ ਹੁੰਦੀ ਗਈ, ਕਮਿਊਨ ਲਗਭਗ ਆਜ਼ਾਦ ਗਣਰਾਜ ਬਣ ਗਏ ਕਿਉਂਕਿ ਉਨ੍ਹਾਂ ਵਿੱਚੋਂ ਹਰ ਇਕ ਰਾਜਨੀਤਿਕ ਅਸਲੀਅਤਾਂ ਤੇ ਗਣਰਾਜੀ ਰੁਚੀਆਂ ਨਾਲ ਜੁੜੇ ਹੋਏ ਸਨ। (ਲਿਉ ਗਰਸਾਏ) ਇਸ ਸਭ ਕਾਸ ਨਾਲ ਸਰਕਾਰ ਤੰਤਰ ਕਮਜ਼ੋਰ ਹੋਇਆ ਅਤੇ ਘਬਰਾਹਟ ਤੇ ਅਰਾਜਕਤਾ ਵਧੀ। ਮਿਰਾਬੋ ਜੋ ਮਜ਼ਬੂਤ ਸਰਕਾਰ ਦਾ ਹਾਮੀ ਸੀ ਇਸ ਬਾਰੇ ਪ੍ਰਬੰਧਕੀ ਸੁਧਾਰ ਬੋਲਦਾ ਹੋਇਆ ਕਹਿੰਦਾ ਹੈ, ਰਾਜੇ ਦੇ ਵਿਗੜੇ ਹੋਏ ਪ੍ਰਬੰਧ ਨੂੰ ਇਸ ਤੋਂ ਵਧੀਆ ਯੋਜਨਾਬੱਧ ਨਹੀਂ ਸੀ ਕੀਤਾ ਜਾ ਸਕਦਾ।''

ਕੁੱਲ ਮਿਲਾ ਕੇ ਇਨ੍ਹਾਂ ਸੁਧਾਰਾਂ ਦੇ ਨਤੀਜੇ ਕੋਈ ਬਹੁਤੇ ਚੰਗੇ ਨਹੀਂ ਨਿਕਲੇ। ਇਕ ਤਾਂ ਇਨ੍ਹਾਂ ਸੁਧਾਰਾਂ ਦੇ ਨਤੀਜੇ ਵੱਜੋਂ ਕਾਰਜਕਾਰਣੀ ਬਹੁਤ ਕਮਜ਼ੋਰ ਹੋ ਗਈ। ਦੂਜੇ ਇਸ ਨੇ ਕਮਿਊਨਾਂ ਤੇ ਨੈਸ਼ਨਲ ਗਾਰਡਾਂ ਦੇ ਕੀਤੇ ਜ਼ੁਲਮਾਂ ਵਿੱਚ ਵਾਧਾ ਕੀਤਾ ਜੋ ਕਿ ਉਨ੍ਹਾਂ ਦੇ ਸਹਿਯੋਗ ਨਾਲ ਕੰਮ ਕਰਦੇ ਸਨ। ਤੀਜੇ, ਜਿਵੇਂ ਕਿ ਕੋਟਲਬੀ ਕਹਿੰਦਾ ਹੈ ਕਿ ਇਸ ਨੇ 1793 ਦੇ ਭੈਅ ਦੇ ਰਾਜ ਲਈ ਰਸਤਾ ਤਿਆਰ ਕੀਤਾ। ਆਖਰੀ, ਇਸ ਨੇ ਨੈਪੋਲੀਅਨ ਦੀ ਤਾਨਾਸ਼ਾਹੀ ਨੂੰ ਜਨਮ ਦਿੱਤਾ।

## (5) ਆਰਥਿਕ ਸੁਧਾਰ

ਫ੍ਰਾਂਸ ਦੀ ਆਰਥਿਕ ਹਾਲਤ ਸੰਤੋਸ਼ਜਨਕ ਨਹੀਂ ਸੀ। ਸਰਕਾਰ ਕੋਲ ਪ੍ਰਬੰਧ ਚਲਾਉਣ ਲਈ ਲੋੜੀਂਦੀ ਆਮਦਨ ਨਹੀਂ ਸੀ। ਇਸ ਦੇ ਕਰਜ਼ ਚੁੱਕਣ ਦੀ ਕੋਸ਼ਿਸ਼ ਨੂੰ ਲੋਕਾਂ ਵੱਲੋਂ ਠੀਕ ਹੁੰਗਾਰਾ ਨਾ ਮਿਲਿਆ। ਇਸ ਲਈ ਬਿਸ਼ਪ ਟੈਲੀਰਾਂ ਨੇ ਸਲਾਹ ਦਿੱਤੀ ਕਿ ਗਿਰਜੇ ਦੀ ਜਾਇਦਾਦ ਅਤੇ ਜੰਗਲਾਂ ਦਾ ਕੌਮੀਕਰਣ ਕਰ ਦਿੱਤਾ ਜਾਵੇ। ਇਸ ਲਈ ਅਸੈਂਬਲੀ ਨੇ ਗਿਰਜੇ ਦੀ ਜਾਇਦਾਦ ਰਾਜ ਦੇ ਨਾਂ ਤਬਦੀਲ ਕਰਨ ਦਾ ਫੈਸਲਾ ਕੀਤਾ।

**ਅਸਿਗਨੇਟ (ਕਾਗਜ਼ੀ ਨੋਟ) :** ਇਹ ਫੈਸਲਾ ਕੀਤਾ ਗਿਆ ਕਿ ਗਿਰਜੇ ਦੀ ਜਾਇਦਾਦ ਤੇ ਕਾਗਜ਼ੀ ਨੋਟ ਵੇਚ ਕੇ ਸਰਕਾਰੀ ਖਰਚਿਆਂ ਲਈ ਧਨ ਜੁਟਾਇਆ ਜਾਵੇ। ਇਹ ਇਕ ਕਿਸਮ ਦੀ ਕਾਗਜ਼ ਕਰੰਸੀ ਸੀ ਜਿਸਨਾਲ ਮੁਦਰਾ ਦਾ ਫਲਾਅ ਹੋ ਗਿਆ। ਕੁੱਝ ਦੇਰ ਬਾਅਦ ਰਾਜੇ ਦੀਆਂ ਜ਼ਮੀਨਾਂ ਵੀ ਲੈ ਲਈਆਂ ਗਈਆਂ ਤੇ ਉਸ ਤੇ ਵੀ ਅਜਿਹੇ ਬਾਂਡ ਜਾਰੀ ਕਰ ਦਿੱਤੇ ਗਏ। ਪਹਿਲਾਂ ਅੱਧੀ ਜਾਇਦਾਦ ਤੇ ਹੀ ਇਹ ਨੋਟ ਜਾਰੀ ਕੀਤੇ ਗਏ। ਪਰ ਜਦੋਂ ਇਕ ਵਾਰੀ ਕਾਗਜ਼ ਕਰੰਸੀ ਦਾ ਫੈਸਲਾ ਹੋ ਗਿਆ, ਹੁਣ ਇਸ ਦਾ ਕੋਈ ਅੰਤ ਨਹੀਂ ਸੀ। 1790 ਵਿੱਚ ਇਹ 400 ਲੱਖ ਤੀਕ ਸੀਮਿਤ ਸੀ ਪਰੰਤੂ 1796 ਵਿੱਚ ਇਹ 45000 ਲੱਖ ਦੀ ਭਾਰੀ ਗਿਣਤੀ ਤੀਕ

ਪਹੁੰਚ ਗਏ। ਇਸ ਨਾਲ ਕੀਮਤਾਂ ਵੱਧ ਗਈਆਂ ਅਤੇ ਲੋੜੀਂਦੀ ਵਸਤਾਂ ਦੀਆਂ ਕੀਮਤਾਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈਆਂ।

**ਨਵੇਂ ਟੈਕਸ :** ਇਸ ਉਪਰੋਕਤ ਤੋਂ ਇਲਾਵਾ ਅਸੈਂਬਲੀ ਨੇ ਨਵੇਂ ਟੈਕਸਾਂ ਦੀ ਯੋਜਨਾ ਬਣਾਈ। (1) ਜ਼ਮੀਨਾਂ ਤੇ ਘਰਾਂ ਤੇ ਟੈਕਸ ਲਗਾ ਦਿੱਤਾ ਗਿਆ। (2) ਨਿੱਜੀ ਆਮਦਨ ਤੇ ਟੈਕਸ ਲਗਾ ਦਿੱਤਾ ਗਿਆ। (3) ਉਦਯੋਗ ਅਤੇ ਵਪਾਰ ਤੇ ਲਾਇੰਸੈਂਸ ਫ਼ੀਸ ਲਾ ਦਿੱਤੀ ਗਈ। ਇਸ ਨਾਲ ਰਾਜ ਦੀ ਆਮਦਨ ਵਿੱਚ ਵਾਧਾ ਹੋਇਆ। ਅਸੈਂਬਲੀ ਨੇ ਨਮਕ ਟੈਕਸ ਖ਼ਤਮ ਕਰ ਦਿੱਤਾ।

**ਧਾਰਮਿਕ ਸੁਧਾਰ ਤੇ ਸੰਵਿਧਾਨ (ਪਾਦਰੀ ਜਮਾਤ) :** ਅਸੈਂਬਲੀ ਨੇ ਧਾਰਮਿਕ ਸੁਧਾਰ ਵੀ ਕੀਤੇ। ਲਿਊ ਗਰਸਾਏ ਅਨੁਸਾਰ, ''ਸੰਵਿਧਾਨ ਸਭਾ ਵੱਲੋਂ ਪਹਿਲਾਂ ਸੁਧਾਰ ਇਹ ਕੀਤਾ ਗਿਆ ਕਿ ਧਾਰਮਿਕ ਸਮਾਜ ਲਈ ਇਹ ਲਾਜ਼ਮੀ ਕਰ ਦਿੱਤਾ ਗਿਆ ਕਿ ਉਹ ਆਪਣੇ ਆਪ ਨੂੰ ਨਵੀਂ ਸਮਾਜਿਕ ਵਿਵਸਥਾ ਅਨੁਸਾਰ ਢਾਲੇ।'' 12 ਜੁਲਾਈ, 1790 ਨੂੰ ਚਰਚ (ਗਿਰਜੇ) ਨੂੰ ਸਰਕਾਰ ਦਾ ਇਕ ਵਿਭਾਗ ਬਣਾਉਣ ਦਾ ਫੈਸਲਾ ਕੀਤਾ ਗਿਆ।

(i) ਇਸ ਮੰਤਵ ਲਈ ਅਸੈਂਬਲੀ ਨੇ ਪਾਦਰੀ ਜਮਾਤ ਲਈ ਨਵਾਂ ਸੰਵਿਧਾਨ ਬਣਾਇਆ। (ii) ਜੋ ਗਿਰਜੇ ਨੂੰ ਰੋਮ ਦੇ ਪੋਪ ਅਤੇ ਬਿਦੇਸ਼ੀ ਆਰਕਬਿਸ਼ਪਾਂ ਦੇ ਨਿਯੰਤਰਣ ਤੋਂ ਬਿਲਕੁਲ ਆਜ਼ਾਦ ਕਰ ਦਿੱਤਾ ਗਿਆ (iii) ਗਿਰਜੇ ਨੂੰ ਦੇਸ਼ ਦੇ 83 ਵਿਭਾਗਾਂ ਦੇ ਮੁਤਾਬਿਕ 83 ਬਿਸ਼ਪਰੀਆ ਵਿੱਚ ਵੰਡ ਲਿਆ ਗਿਆ। (iv) ਸਾਰੇ ਬਿਸ਼ਪਾਂ ਅਤੇ ਪਾਦਰੀਆਂ ਦੀ ਚੋਣ ਸਰਗਰਮ ਨਾਗਰਿਕਾਂ ਵੱਲੋਂ ਕੀਤੀ ਜਾਣੀ ਸੀ ਅਤੇ ਉਨ੍ਹਾਂ ਨੂੰ ਤਨਖਾਹ ਰਾਜ ਵੱਲੋਂ ਮਿਲਣੀ ਸੀ। ਸੋ ਗਿਰਜੇ ਦੇ ਅਧਿਕਾਰੀ ਸਰਕਾਰੀ ਨੌਕਰ ਬਣ ਗਏ। (v) ਅੰਤਿਮ, ਬਿਸ਼ਪਾਂ ਤੇ ਪਾਦਰੀਆਂ ਨੂੰ ਰਾਜ ਪ੍ਰਤੀ ਵਫ਼ਾਦਾਰੀ ਦੀ ਸਹੁੰ ਚੁੱਕਣੀ ਪੈਂਦੀ ਸੀ। ਇਹ ਸਭ ਕੁੱਝ ਪੋਪ ਨਾਲ ਸਲਾਹ ਤੋਂ ਬਿਨਾਂ ਹੀ ਕੀਤਾ ਗਿਆ। ਪੋਪ ਨੇ ਫ਼੍ਰਾਂਸ ਦੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਅਤੇ ਪਾਦਰੀਆਂ ਨੂੰ ਸਹੁੰ ਨਾ ਚੁੱਕਣ ਦਾ ਨਿਰਦੇਸ਼ ਦਿੱਤਾ। ਚਾਰ ਨੂੰ ਛੱਡ ਕੇ ਬਿਸ਼ਪਾਂ ਅਤੇ ਪਾਦਰੀਆਂ ਨੇ ਸਹੁੰ ਚੁੱਕਣ ਅਤੇ ਸੰਵਿਧਾਨ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਨੂੰ ਗੈਰ ਸੰਵਿਧਾਨਿਕ ਪਾਦਰੀ ਕਿਹਾ ਜਾਣ ਲੱਗਾ। ਬਾਅਦ ਵਿੱਚ ਜਦੋਂ ਵਿਧਾਨ ਸਭਾ ਨੇ ਉਨ੍ਹਾਂ ਵਿਰੁੱਧ ਕਦਮ ਚੁੱਕਿਆ ਤਾਂ ਬਾਦਸ਼ਾਹ ਨੇ ਉਸ ਵੀਟੋ ਕਰ ਦਿੱਤਾ ਅਤੇ ਇਹ ਬਾਅਦ ਵਿੱਚ ਬਾਦਸ਼ਾਹ ਦੇ ਅੰਤ ਦਾ ਨਿਰਣੇਜਨਕ ਕਾਰਣ ਬਣ ਗਿਆ।

**ਬਾਦਸ਼ਾਹ ਦਾ ਵਾਰਨਜ ਵੱਲ ਦੌੜਨਾ ਤੇ ਪੈਰਿਸ ਵਾਪਸੀ :** ਬਾਦਸ਼ਾਹ ਲੂਈ ਸੋਲਵਾਂ ਇਕ ਭਲਾ ਆਦਮੀ ਸੀ ਪਰੰਤੂ ਉਹ ਮਾਨਸਿਕ ਤੌਰ ਤੇ ਠੀਕ ਹਾਲਤ ਵਿੱਚ ਨਹੀਂ ਸੀ। ਉਹ ਆਪਣੇ ਆਪ ਨੂੰ ਪੈਰਿਸ ਦੀ ਭੀੜ ਦਾ ਕੈਦੀ ਸਮਝਦਾ ਸੀ ਉਸ ਨੇ ਅਸੈਂਬਲੀ ਦੇ ਕਈ ਫੈਸਲਿਆਂ ਨੂੰ ਨਾ ਚਾਹੁੰਦੇ ਹੋਏ ਦਸਤਖਤ ਕੀਤੇ। ਉਸ ਨੂੰ ਪਾਦਰੀਆਂ ਦੇ ਸਿਵਿਲ ਸੰਵਿਧਾਨ ਤੇ ਦਸਤਖਤ ਕਰਨੇ ਪਏ ਪਰ ਬਹੁਤ ਭਰੇ ਦਿਲ ਨਾਲ, ਕਿਉਂਕਿ ਉਸ ਨੂੰ ਹਿੰਸਾ ਦਾ ਡਰ ਸੀ। ਪਰੰਤੂ ਜਦੋਂ ਪੋਪ ਨੇ ਇਸ ਦੀ ਨਿਖੇਧੀ ਕੀਤੀ ਤਾਂ ਉਸ ਦੀ ਆਤਮਾ ਨੂੰ ਇਹ ਚੁਭਿਆ। ਉਸ ਨੇ ਕਿਹਾ, ''ਆਪਣੇ ਦਸਤਖਤ ਕਰਨ ਲਈ ਮੈਂ ਪਰਮਾਤਮਾ ਤੋਂ ਆਪਣਾ ਪ੍ਰਾਸ਼ਚਿਤ (ਪਛਤਾਵਾ), ਕਬੂਲ ਕਰਨ ਲਈ ਪ੍ਰਾਥਨਾ ਕਰਦਾ ਹਾਂ ਤੇ ਉਹ ਅਸਲ ਜੋ ਕੈਥੋਲਿਕ ਗਿਰਜੇ ਦੇ ਵਿਰੋਧ ਵਿੱਚ

ਜਾਂਦੇ ਹਨ। ਭਾਵੇਂ ਅਜਿਹਾ ਮੇਰੀ ਮਰਜ਼ੀ ਦੇ ਖਿਲਾਫ ਹੋਇਆ।'' ਇਸ ਲਈ ਉਸ ਨੇ ਪੈਰਿਸ ਤੋਂ ਭੱਜ ਜਾਣ ਦਾ ਫੈਸਲਾ ਕੀਤਾ। 1971 ਦੇ ਈਸਟਰ ਤੇ ਉਸ ਨੇ ਸੇਂਟ ਕਲੋਡ ਜਾਣ ਦਾ ਫੈਸਲਾ ਕੀਤਾ ਤਾਂ ਕਿ ਜਿਵੇਂ ਕਿ ਗ੍ਰਾਂਟ ਅਤੇ ਟੈਂਪਰਲੇ ਕਹਿੰਦੇ ਹਨ ਉਹ 'ਸੰਵਿਧਾਨਿਕ ਪਾਦਰੀ' ਤੋਂ ਈਸ਼ਵਰ ਦਾ ਭੋਗ ਲੈਣ ਤੋਂ ਬਚ ਸਕੇ। ਪਰੰਤੂ ਪੈਰਿਸ ਦੀ ਭੀੜ ਨੇ ਉਸ ਨੂੰ ਮਹਿਲਾਂ ਵਿੱਚੋਂ ਨਾ ਜਾਣ ਦਿੱਤਾ। ਰਾਜ ਦੀ ਬਦ-ਕਿਸਮਤੀ ਕਿ ਅਪ੍ਰੈਲ 1791 ਵਿੱਚ ਮਿਰਾਬੋ, ਜੋ ਗੁਪਤ ਤੌਰ ਤੇ ਬਾਦਸ਼ਾਹ ਦਾ ਮਿੱਤਰ ਸੀ, ਮਰ ਗਿਆ। ਰਾਜਾ ਇਕ ਕੈਦੀ ਬਣ ਕੇ ਰਹਿ ਗਿਆ। ਬਿਦੇਸ਼ੀ ਤਾਕਤਾਂ ਵੱਲੋਂ ਵੀ ਦਖ਼ਲ ਦੇ ਕੇ ਉਸ ਨੂੰ ਬਚਾ ਲਏ ਜਾਣ ਦੀ ਕੋਈ ਆਸ ਨਹੀਂ ਸੀ। ਇਸ ਲਈ ਉਸ ਨੇ ਪਰਿਵਾਰ ਸਮੇਤ ਭੇਸ ਬਦਲ ਕੇ ਪੂਰਬ ਵੱਲ ਭੱਜ ਜਾਣ ਦਾ ਫੈਸਲਾ ਕੀਤਾ। ਉਸ ਨੇ 20 ਜੂਨ, 1791 ਨੂੰ ਪੈਰਿਸ ਛੱਡਿਆ। ਪਰੰਤੂ ਜਦੋਂ ਉਹ ਬਾਰਡਰ ਤੋਂ ਕੁੱਝ ਹੀ ਮੀਲ ਦੂਰੀ ਤੇ ਵਾਰਨਜ਼ ਵਿਖੇ ਸੀ ਉਸ ਨੂੰ ਫੜ ਲਿਆ ਗਿਆ ਅਤੇ ਸੈਨਿਕਾ ਦੁਆਰਾ ਮੁੜ ਪੈਰਿਸ ਲਿਆਂਦਾ ਗਿਆ। ਰਾਜੇ ਦੇ ਭੱਜਣ ਤੋਂ ਉਸ ਦੀ ਗ੍ਰਿਫ਼ਤਾਰੀ, ਪਿੱਛਾ ਕਰਨਾ ਤੇ ਵਾਪਸੀ ਯਾਤਰਾ ਵਿੱਚ ਸ਼ਾਹੀ ਪਰਿਵਾਰ ਨੂੰ ਬਹੁਤ ਜਲੀਲ ਕੀਤਾ ਗਿਆ। ਉਨ੍ਹਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ, ਤਾਹਨੇ ਕਸੇ ਗਏ। ਇਕ ਲੇਖਕ ਅਨੁਸਾਰ ਇਹ ਇਕ ਦਰਦ ਭਰਿਆ ਨਾਟਕ ਸੀ। ਪਰ ਰਾਣੀ ਨੇ ਹਾਲਾਂ ਵੀ ਕੁੱਝ ਨਹੀਂ ਸਿੱਖਿਆ। ਜਦੋਂ ਭੀੜ ਉਸ ਦੇ ਮਹਿਲਾਂ ਕੋਲ ਆ ਗਈ ਤਾਂ ਉਸ ਨੇ ਆਪਣਾ ਪੁੱਤਰ ਉਨ੍ਹਾਂ ਦਿਖਾ ਕੇ ਭੀੜ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕੀਤੀ। ਉਸ ਦਾ ਖਿਆਲ ਸੀ ਕਿ ਬੱਚੇ ਦੇ ਵਾਸਤੇ ਨਾਲ ਲੋਕ ਸ਼ਾਂਤ ਹੋ ਜਾਣਗੇ ਪਰ ਇਸ ਸਭ ਨਾਲ ਲੋਕ ਜ਼ਿਆਦਾ ਅਸ਼ਾਂਤ ਹੋਏ। ਉਹ ਉਸ ਬਦਮਾਸ਼ ਤੇ ਕੁੱਤੀ ਕਹਿ ਰਹਿ ਰਹੇ ਸਨ ਤੇ ਇਹ ਹੋਰ ਵੀ ਬੇਇਜ਼ਤੀ ਕਰਨ ਵਾਲਾ ਸੀ ਜਦੋਂ ਉਸ ਨੂੰ ਪੁੱਛਿਆ ਗਿਆ ਕਿ ਇਸ ਦਾ ਬਾਪ ਕੌਣ ਹੈ ?'' ਅਸਲ ਵਿੱਚ ਰਾਜੇ ਦੇ ਭੱਜਨ ਦੇ ਯਤਨ ਕਾਰਨ ਉਸ ਦੀ ਰਹਿੰਦੀ-ਖੁਰਦੀ ਹਮਦਰਦੀ ਵੀ ਖਤਮ ਹੋ ਗਈ।

ਪੈਰਿਸ ਵਿੱਚ ਬਾਦਸ਼ਾਹ ਦੀ ਵਾਪਸੀ ਦੇ ਇਕ ਦਿਨ ਬਾਅਦ ਉਸਨੂੰ ਮੁਅੱਤਲ ਕਰ ਦਿੱਤਾ ਗਿਆ। ਪਰ ਕੁੱਝ ਸਮੇਂ ਬਾਅਦ ਸਮਝੌਤਾ ਹੋ ਗਿਆ। ਸਤੰਬਰ 1791 ਵਿੱਚ ਉਸ ਨੂੰ ਦੁਬਾਰਾ ਸੰਵਿਧਾਨਿਕ ਮੁੱਖੀ ਬਣਾ ਦਿੱਤਾ ਗਿਆ। ਅਸੈਂਬਲੀ ਨੇ 30 ਸਤੰਬਰ, 1791 ਨੂੰ ਆਪਣੇ ਆਪ ਨੂੰ ਭੰਗ ਕਰ ਦਿੱਤਾ। ਨਤੀਜੇ ਵੱਜੋਂ ਚੋਣਾਂ ਹੋਈਆਂ ਅਤੇ ਅਕਤੂਬਰ, 1791 ਨੂੰ ਵਿਧਾਨ ਸਭਾ ਨੇ ਕਾਰਜਕਾਰ ਸੰਭਾਲ ਲਿਆ।

**ਵਿਦੇਸ਼ ਨੀਤੀ :** ਅਸੈਂਬਲੀ ਨੇ ਵਿਦੇਸ਼ੀ ਤਾਕਤਾਂ ਪ੍ਰਤੀ ਨਿਰਪੱਖ ਰਹਿਣ ਦੀ ਨੀਤੀ ਅਪਣਾਈ ਪਰੰਤੂ ਨਾਲ ਹੀ ਜਰਮਨ ਸ਼ਹਿਜ਼ਾਦਿਆਂ ਦੀ ਜ਼ਮੀਨ ਦੀ ਜ਼ਬਤੀ ਤੇ ਐਵੀਗਨੋਨ ਨੂੰ ਹੜੱਪਣ ਨਾਲ ਕੁੱਝ ਵਿਦੇਸ਼ੀਆਂ ਦੇ ਮਨਾਂ ਵਿੱਚ ਸ਼ੰਕੇ ਪੈਦਾ ਹੋਏ। ਰਾਣੀ ਆਪਣੇ ਭਰਾ ਲਿਉਪੋਲਡ II ਜਿਹੜਾ ਆਸਟਰੀਆ ਦਾ ਬਾਦਸ਼ਾਹ ਸੀ ਨੂੰ ਫ੍ਰਾਂਸ ਵਿੱਚ ਦਖਲ ਦੇਣ ਲਈ ਜ਼ੋਰ ਪਾ ਰਹੀ ਸੀ ਉਸ ਨੇ ਅਗਸਤ 1791 ਵਿੱਚ ਪਰਸ਼ੀਆ ਦੇ ਬਾਦਸ਼ਾਹ ਨਾਲ ਮਿਲ ਕੇ ਫ੍ਰਾਂਸ ਵਿੱਚ ਦਖਲ ਦੇਣ ਲਈ ਤਾਇਲਨਿਜ਼ ਦੀ ਘੋਸ਼ਣਾ ਕੀਤੀ ਪਰ ਜੇਕਰ ਹੋਰ ਸ਼ਕਤੀਆਂ ਵੀ ਮਿਲ ਜਾਣਗੀਆਂ ਤਾਂ। ਪਰ ਉਸ ਨੇ ਫ੍ਰਾਂਸ ਵਿਰੁੱਧ ਹੋਰ ਕੋਈ ਕਦਮ ਨਾ ਚੁੱਕਿਆ।

**ਨੈਸ਼ਨਲ ਅਸੈਂਬਲੀ ਦੇ ਕੰਮ ਦਾ ਮੁਲਾਂਕਣ :** ਨੈਸ਼ਨਲ ਅਸੈਂਬਲੀ ਜਾਂ ਸੰਵਿਧਾਨ ਸਭਾ ਦਾ ਮੁੱਖ ਕੰਮ ਪੁਰਾਣੇ ਰਾਜ ਦੀਆਂ ਜੜ੍ਹਾਂ ਉਖੜਨਾ ਸੀ ਭਾਵੇਂ ਉਸ ਨੇ ਕੁੱਝ ਉਸਾਰੂ ਕੰਮ ਵੀ ਕੀਤੇ।

ਪਹਿਲੀ ਗੱਲ ਤਾਂ ਇਸ ਨੇ ਸਾਮੰਤ ਤੇ ਗੁਲਾਮ ਪ੍ਰਥਾ ਖਤਮ ਕਰਕੇ ਆਮ ਮਨੁੱਖ ਦੀ ਬਹੁਤ ਸੇਵਾ ਕੀਤੀ। ਇਸ ਨੇ ਸਭ ਲਈ ਆਜ਼ਾਦੀ ਤੇ ਸਮਾਨਤਾ ਦੀ ਸਥਾਪਨਾ ਕੀਤੀ। ਇਹ ਫ੍ਰਾਂਸ ਦੇ ਲੋਕਾਂ ਨੂੰ ਨਕਦ ਲਾਭ ਸੀ ਪਰੰਤੂ ਚੁਣਵੇਂ ਲੋਕਾਂ ਨੂੰ ਵੋਟ ਦਾ ਅਧਿਕਾਰ ਦੇ ਕੇ ਲੋਕਾਂ ਨਾਲ ਸਭ ਤੋਂ ਵੱਡੀ ਬੇਇਨਸਾਫੀ ਵੀ ਕੀਤੀ ਗਈ। ਦੂਜੇ, ਨਾਗਰਿਕਾਂ ਦੇ ਅਧਿਕਾਰਾਂ ਦੀ ਘੋਸ਼ਣਾ-ਪੱਤਰ ਜਾਰੀ ਕਰਨਾ ਇਸ ਦਾ ਇਕ ਹੋਰ ਯਾਦਗਾਰੀ ਕੰਮ ਹੈ।

ਤੀਜੇ, ਫ੍ਰਾਂਸ ਲਈ ਸੰਵਿਧਾਨ ਤਿਆਰ ਕਰਨ ਅਤੇ ਸੰਵਿਧਾਨਿਕ ਰਾਜਤੰਤਰ ਦੀ ਸਥਾਪਨਾ ਅਤੇ ਧਾਰਮਿਕ ਸਹਿਨਸ਼ੀਲਤਾ ਸਿਧਾਂਤਾਂ ਦੀ ਸਥਾਪਨਾ ਇਸ ਦੇ ਹੋਰ ਵੱਡੇ ਕੰਮ ਹਨ।

**ਇਸ ਦੇ ਕੰਮ ਵਿੱਚ ਕਮੀਆਂ :** ਪਰ ਇਸ ਦੇ ਨਾਲ ਕੁੱਝ ਅਜਿਹੀਆਂ ਕਮੀਆਂ ਰਹਿ ਗਈਆਂ ਜੋ ਅਸੈਂਬਲੀ ਦੇ ਹੱਕ ਵਿੱਚ ਨਹੀਂ ਜਾਂਦੀਆਂ।

**ਪਹਿਲੀ,** ਇਸ ਨੇ ਸ਼ਕਤੀਆਂ ਦੇ ਵੱਖਰੇਪਣ ਦੇ ਆਧਾਰ ਤੇ ਚਲਦੇ ਹੋਏ ਮੰਤਰੀਆਂ ਨੂੰ ਵਿਧਾਨ ਪਾਲਿਕਾ ਵਿੱਚ ਬੈਠਣ ਦੀ ਮਨਾਹੀ ਕੀਤੀ ਭਾਵੇਂ ਕਿ ਅਸਿੱਧੇ ਰੂਪ ਵਿੱਚ ਉਨ੍ਹਾਂ ਨੂੰ ਵਿਧਾਨ ਸਭਾ ਅੱਗੇ ਉੱਤਰਦਾਈ ਰੱਖਿਆ ਗਿਆ।

**ਦੂਜੇ,** ਸਾਰੇ ਅਹੁਦੇ ਚੁਣੇ ਜਾਣ ਦਾ ਆਦੇਸ਼ ਦੇ ਕੇ ਕਮਿਊਨਜ਼ ਨੂੰ ਜ਼ਿਆਦਾ ਸ਼ਕਤੀਆਂ ਦੇ ਕੇ ਅਤੇ ਰਾਜੇ ਤੇ ਜ਼ਿਆਦਾ ਰੋਕਾਂ ਲਗਾ ਕੇ ਕਾਰਜਕਾਰਣੀ ਨੂੰ ਕਮਜ਼ੋਰ ਬਣਾ ਦਿੱਤਾ ਗਿਆ। ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਮਿਰਾਬੋ ਨੇ ਠੀਕ ਹੀ ਕਿਹਾ ਸੀ ਕਿ ਇਨ੍ਹਾਂ ਸੁਧਾਰਾਂ ਨੇ ਦੇਸ਼ ਵਿੱਚ ਪੂਰੇ ਤੌਰ ਤੇ ਪ੍ਰਬੰਧਹੀਨਤਾ ਦੀ ਸਥਿਤੀ ਪੈਦਾ ਕਰ ਦਿੱਤੀ।

**ਤੀਜੇ** 25 ਸਾਲਾਂ ਤੋਂ ਉੱਪਰ ਦੇ ਤਿੰਨ ਲੱਖ ਮਰਦ ਜਿਨ੍ਹਾਂ ਨੂੰ ਗ਼ੈਰ ਸਰਗਰਮ (ਨਾਗਰਿਕ) ਕਿਹਾ ਗਿਆ, ਵੋਟ ਦਾ ਅਧਿਕਾਰ ਨਾ ਦੇ ਕੇ ਅਸੈਂਬਲੀ ਨੇ ਇਕ ਬਹੁਤ ਹੀ ਭਾਰੀ ਗਲਤੀ ਕੀਤੀ।

**ਚੌਥੇ,** ਪਾਦਰੀਆਂ ਨੇ ਸਿਵਿਲ ਸੰਵਿਧਾਨ ਨੂੰ ਲਾਗੂ ਕਰਨ ਨਾਲ ਫ੍ਰਾਂਸ ਦੀ ਪਾਦਰੀ ਸ਼੍ਰੇਣੀ ਦੋ ਭਾਗਾਂ ਵਿੱਚ ਵੰਡੀ ਗਈ। ਇਸ ਕਾਰਨ ਗਿਰਜ਼ੇ ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਰੋਕ ਪਾਈ। ਇਸ ਨਾਲ ਦੇਸ਼ ਵਿੱਚ ਰੋਮਨ ਕੈਥੋਲਿਕ ਭਗਤਾਂ ਵਿੱਚ ਵਾਧਾ ਹੋਇਆ। ਇਸ ਨੇ ਯੂਰਪ ਦੀ ਰੋਮਨ ਕੈਥੋਲਿਕ ਸ਼ਕਤੀ ਨੂੰ ਨਾਰਾਜ਼ ਕੀਤਾ ਅਤੇ ਪੋਪ ਵੱਲੋਂ ਸਖ਼ਤ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਇਹ ਕ੍ਰਾਂਤੀਕਾਰੀ ਫ੍ਰਾਂਸ ਅਤੇ ਵਿਦੇਸ਼ੀ ਸ਼ਕਤੀਆਂ ਵਿਚਕਾਰ ਲੜਾਈ ਦਾ ਮੁੱਖ ਕਾਰਣ ਬਣਿਆ।

**ਪੰਜਵੇਂ,** ਅਸੈਂਬਲੀ ਵੱਲੋਂ ਆਰਥਿਕ ਸੁਧਾਰਾਂ ਨਾਲ ਦੇਸ਼ ਦੀ ਮਾਲੀ ਹਾਲਤ ਨਾ ਸੁਧਰੀ। ਅਸਿਗਨੇਟ (ਕਰੰਸੀ) ਨੋਟ ਜਾਰੀ ਕਰਨ ਨਾਲ ਮੁਦਰਾ ਸਥਿਤੀ ਵਿੱਚ ਵਾਧਾ ਹੋਇਆ। ਕੀਮਤਾਂ ਵੱਧ ਗਈਆਂ। ਜਿਸ ਨਾਲ ਲੋਕਾਂ ਦੇ ਦੁਖ ਵਿੱਚ ਵਾਧਾ ਹੋਇਆ।

**ਛੇਵੇਂ,** ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਵਿਧਾਨ ਸਭਾ ਦੇ ਮੈਂਬਰ ਬਣਨ ਦਾ ਹੱਕ ਨਾ ਦਿੱਤਾ। ਇਸ ਨਾਲ ਵਿਧਾਨ ਸਭਾ ਅਨੇਕਾਂ ਤਜਰਬੇਕਾਰ ਅਤੇ ਯੋਗ ਲੀਡਰਾਂ ਦੀਆਂ ਸੇਵਾਵਾਂ ਤੋਂ ਵਾਂਝੀ ਰਹਿ ਗਈ।

ਫੇਰ ਵੀ ਸਭ ਕੁੱਝ ਕਹਿਣ ਦੇ ਬਾਵਜੂਦ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਨੈਸ਼ਨਲ ਅਸੈਂਬਲੀ ਨੇ ਫਰਾਂਸ ਦੇ ਆਮ ਲੋਕਾਂ ਦੇ ਭਲੇ ਲਈ ਬਹੁਤ ਕੁੱਝ ਕੀਤਾ। ਇਸ ਦੇ ਕੁੱਝ ਕੰਮਾਂ ਦਾ ਅਸਰ ਆਧੁਨਿਕ ਫ੍ਰਾਂਸ ਤੇ ਹਾਲੇ ਤੱਕ ਮੌਜੂਦ ਹੈ। ਕੈਟਬਲੀ ਵਿਚਾਰ ਦੁਬਾਰਾ ਦੱਸਣੇ ਉੱਚਿਤ ਹਨ, ਉਹ ਲਿਖਦਾ ਹੈ, ''ਅਸੈਂਬਲੀ ਨੇ ਫਰਾਂਸ ਦੀ ਏਕਤਾ ਨੂੰ ਯਕੀਨੀ ਬਣਾਇਆ ਅਤੇ ਲੋਕਰਾਜੀ ਲਈ ਇਕ ਯਾਦਗਾਰੀ ਰਾਜਨੀਤਿਕ ਢਾਂਚੇ ਦੀ ਸਥਾਪਨਾ ਕੀਤੀ, ਇਸ ਨੇ ਲੋਕਾਂ ਦੇ ਜੋਸ਼ ਨੂੰ ਠੰਡਾ ਕੀਤਾ।''

**ਪਾਠ ਨੰਬਰ : 2.2**

# ਨੈਪੋਲੀਅਨ ਦਾ ਉੱਥਾਨ : ਕੌਂਸੁਲੇਟ ਅਤੇ ਸਾਮਰਾਜ
# (ਉਸਦੇ ਪਹਿਲੇ ਕੌਂਸੁਲ ਅਤੇ ਸਾਮਰਾਜ ਵਜੋਂ ਸਿਵਲ ਸੁਧਾਰ)

## ਆਰੰਭਿਕ ਜੀਵਨ

ਨੈਪੋਲੀਅਨ ਦਾ ਜਨਮ ਕੌਰਸੀਕਾ ਵਿਚ ਅਜਾਸੀਓ (Ajaccio) ਵਿਖੇ ਕਾਰਲੋ ਬੋਨਾਪਾਰਟ ਤੇ ਲੇ ਟੀਜੀਆ ਦੇ ਘਰ 15 ਅਗਸਤ, 1769 ਨੂੰ ਹੋਇਆ। ਉਸ ਦਾ ਬਚਪਨ ਗਰੀਬੀ ਅਤੇ ਕਠਿਨਾਈਆਂ ਵਿਚ ਗੁਜ਼ਰਿਆ। ਉਹ ਸਕੂਲ ਵਿਚ ਅਸਾਧਾਰਨ ਗੰਭੀਰਤਾ ਅਤੇ ਜ਼ਿੰਮੇਵਾਰੀ ਦੀ ਆਪਣੀ ਉਮਰ ਤੋਂ ਵੱਧ ਸੂਝ ਕਰਕੇ ਪ੍ਰਸਿੱਧ ਸੀ। ਉਸ ਦੇ ਇਕ ਅਧਿਆਪਕ ਨੇ ਕਿਹਾ ਸੀ 'ਇਹ ਨੌਜਵਾਨ ਗਰੇਨਾਈਟ ਦਾ ਬਣਿਆ ਹੋਇਆ ਹੈ ਪਰ ਇਸ ਦੇ ਅੰਦਰ ਇਕ ਜੁਆਲਾ ਮੁਖੀ ਵਿਦਮਾਨ ਹੈ।' ਉਸ ਨੇ 9 ਸਾਲ ਦੀ ਉਮਰ (1778) ਵਿਚ ਅਜਾਸੀਓ ਨੂੰ ਛੱਡ ਦਿੱਤਾ ਅਤੇ Autan ਵਿਖੇ ਫਰਾਂਸੀਸੀ ਭਾਸ਼ਾ ਦੇ ਅਧਿਐਨ ਵਿਚ ਜੁਟ ਗਿਆ। ਇਸ ਉਪਰੰਤ ਉਹ ਬਰੇਨੀ (Brienne) ਅਤੇ ਪੈਰਿਸ ਦੇ ਮਿਲਟਰੀ ਸਕੂਲਾਂ ਵਿਚ ਧਰਮਾਰਥ ਵਿਦਿਆਰਥੀ ਵਜੋਂ ਦਾਖਲ ਹੋਇਆ। ਇਨ੍ਹਾਂ ਸਕੂਲਾਂ ਵਿਚ ਸਿੱਖਿਆ ਪ੍ਰਾਪਤ ਕਰਨ ਮਗਰੋਂ ਇਹ 5 ਫੁੱਟ 2 ਇੰਚ ਕੱਦ ਵਾਲਾ ਨੌਜਵਾਨ 17 ਸਾਲ ਦੀ ਉਮਰ ਵਿਚ ਫਰਾਂਸੀਸੀ ਫੌਜ ਦੇ ਤੋਪਖਾਨੇ (Artillery) ਵਿਚ 1787 ਵਿਚ ਬਤੌਰ ਸਬ-ਲੈਫਟੀਨੈਂਟ ਭਰਤੀ ਹੋਇਆ। ਦੋ ਸਾਲ ਪਿਛੋਂ 1789 ਵਿਚ ਫਰਾਂਸੀਸੀ ਕ੍ਰਾਂਤੀ ਸ਼ੁਰੂ ਹੋ ਗਈ।

## ਤਾਕਤ ਦਾ ਉੱਥਾਨ (Rise to Power)

ਕ੍ਰਾਂਤੀ ਨੇ ਉਸ ਨੂੰ ਤਿੰਨ ਮੌਕੇ ਪ੍ਰਦਾਨ ਕੀਤੇ :

(ੳ) ਛੇਤੀ ਪਦ-ਉੱਨਤੀ;

(ਅ) ਮਹਾਨ ਯੂਰਪੀ ਜੰਗ; ਅਤੇ

(ੲ) ਵਿਸ਼ੇਸ਼ ਰਾਜਨੀਤਿਕ ਸਥਿਤੀ।

1789 ਤੋਂ 1792 ਦੇ ਵਿਚਕਾਰ ਇਸ ਨੇ ਕੋਰਸੀਕਾ ਵਿਚ ਬਗਾਵਤ ਕਰਾਉਣ ਦੀ ਕੋਸ਼ਿਸ਼ ਕੀਤੀ। ਆਪਣੀ ਛੁੱਟੀ ਦੇ ਸਮੇਂ ਤੋਂ ਵੱਧ ਉੱਥੇ ਠਹਿਰਿਆ ਅਤੇ ਫਲਸਰੂਪ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਕੋਰਸੀਕਾ ਦੇ ਲੋਕਾਂ ਨੇ ਉਸ ਨੂੰ ਬਹੁਤਾ ਸਹਿਯੋਗ ਨਾ ਦਿੱਤਾ ਅਤੇ ਉਸ ਨੇ ਆਪਣੇ ਇਕ ਮਿੱਤਰ ਜੈਕੋਬਿਨ, ਰਾਬਸਪੀਅਰ ਰਾਹੀਂ ਪੈਰਿਸ ਵਿਖੇ ਆਪਣਾ ਕਮਿਸ਼ਨ ਬਹਾਲ ਕਰਵਾ ਲਿਆ। ਉਸ ਸਮੇਂ ਨੈਪੋਲੀਅਨ ਨੇ ਇਕ ਪੈਂਮਫਲਿਟ ਵਿਚ ਜੇਕੋਬਿਨ ਪਾਰਟੀ ਨੂੰ ਆਪਣੀ ਹਮਾਇਤ ਦੀ ਘੋਸ਼ਣਾ ਕਰ ਦਿੱਤੀ। ਉਸ ਨੇ ਦਸੰਬਰ 1793 ਵਿਚ ਬਤੌਰ ਕੈਪਟਨ ਤੂਲੋਂ (Toulon) ਵਿਖੇ ਬੜਾ ਨਾਮਣਾ ਖੱਟਿਆ ਅਤੇ ਉਸ ਨੂੰ ਤਰੱਕੀ ਦੇ ਕੇ ਬਰਗੇਡੀਅਰ- ਜਨਰਲ ਬਣਾ ਦਿੱਤਾ ਗਿਆ, ਮਗਰੋਂ ਉਸ ਨੇ ਦੱਸਿਆ "ਮੇਰੇ ਜੀਵਨ ਦੀ ਕਹਾਣੀ ਤੂਲੋਂ ਤੋਂ ਆਰੰਭ ਹੋਈ।" ਜੂਨਸ ਅਤੇ ਮਾਸੈਂਟ ਜਿਹੇ ਨਿਪੁੰਨ ਸਿਪਾਹੀਆਂ ਨੇ ਉਸ ਪ੍ਰਤੀ ਆਪਣੀ ਪੂਰੀ ਵਫਾਦਾਰੀ ਦਿਖਾਈ। "ਉਸ ਦੀ ਕਿਸਮਤ ਦਾ ਸਿਤਾਰਾ,

ਜਿਸ ਦਾ ਉਸ ਨੇ ਬਹੁਤ ਵਾਰ ਜ਼ਿਕਰ ਕੀਤਾ, ਸਵਰਗ ਵਿਚ ਚਮਕਣ ਲਗ ਪਿਆ ਸੀ।" (ਕੈਟਲਬੀ, ਪੰਨਾ 95)

ਰਾਬਸਪੀਅਰ ਨੂੰ ਜੁਲਾਈ, 1794 ਵਿਚ ਫਾਂਸੀ ਦੇ ਦਿੱਤੀ ਗਈ ਅਤੇ ਜਲਦੀ ਹੀ ਨੈਪੋਲੀਅਨ ਨੂੰ ਕਾਰੇ (Carre) ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ, ਕਿਉਂਕਿ ਉਸ ਨੇ ਰੀਪਬਲਿਕ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਸੀ ਇਸ ਲਈ ਉਸ ਨੂੰ ਨਾ ਕੇਵਲ ਛੱਡ ਹੀ ਦਿੱਤਾ ਗਿਆ, ਸਗੋਂ ਨੌਕਰੀ ਤੇ ਵੀ ਬਹਾਲ ਕਰ ਦਿੱਤਾ ਗਿਆ। ਉਸ ਨੇ ਵੱਡੇਮੀਰੋ ਤੀਜੇ ਦਾ ਬਗਾਵਤ ਨੂੰ ਦਬਾਅ ਕੇ (5 ਅਕਤੂਬਰ, 1795), ਕੌਮੀ ਕਨਵੈਨਸ਼ਨ ਵਿਚ ਆਪਣੇ ਵਿਰੁੱਧ ਸਾਰੇ ਸ਼ੱਕ ਦੂਰ ਕਰ ਦਿੱਤੇ। ਉਸ ਨੇ ਜਨਰਲ ਵੱਡੇਮੀਰ ਦੇ 400 ਆਦਮੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦੇ ਸਿੱਟੇ ਵਜੋਂ ਨੈਪੋਲੀਅਨ ਨੂੰ ਅੰਦਰੂਨੀ ਫੌਜ ਦਾ ਕਮਾਂਡਰ ਬਣਾ ਦਿੱਤਾ। ਐਪਰ ਡਾਇਰੈਕਟਰੀ ਨੇ ਇਹ ਗੱਲ ਅਨੁਭਵ ਕੀਤੀ ਕਿ ਜਾਤੀ ਯੋਗਤਾ, ਤੀਬਰ ਖਾਹਿਸ਼ ਅਤੇ ਸੁਤੰਤਰਤਾ ਕਰਕੇ ਉਹ ਪੈਰਿਸ ਵਿਚ ਉਹਨਾਂ ਲਈ ਬੜਾ ਖਤਰਾ ਸਾਬਤ ਹੋ ਸਕਦਾ ਹੈ। ਇਸ ਲਈ ਉਸ ਦੀ ਅਥਾਹ ਸਮਰਥਾ ਨੂੰ ਸੇਧ ਦੇਣ ਲਈ ਉਹਨਾਂ ਨੇ ਉਸ ਨੂੰ ਇਟਲੀ ਦੀ ਫੌਜ ਦੀ ਕਮਾਂਡ ਸੋਂਪ ਦਿੱਤੀ। ਹੁਣ ਉਸ ਨੇ ਮੇਰੀ ਜੋਸੇਫੀਨ ਬਿਊਹਰਨਿਸ, ਇਕ ਅਤਿ ਸੁੰਦਰ ਵਿਧਵਾ ਇਸਤਰੀ, ਜਿਸ ਦੇ ਹਾਰਟੈਂਸ ਅਤੇ ਔਗਨੀ ਦੋ ਬੱਚੇ ਵੀ ਸਨ, ਨਾਲ ਸ਼ਾਦੀ ਕਰ ਲਈ।

## ਇਟਲੀ ਦੀ ਮੁਹਿੰਮ

ਸ਼ਾਦੀ ਤੋਂ ਦੋ ਦਿਨ ਬਾਅਦ 'ਛੋਟਾ ਕਾਰਪੋਰਲ' ਇਟਲੀ ਲਈ ਰਵਾਨਾ ਹੋ ਗਿਆ। ਉਸ ਨੇ ਆਪਣੇ ਦੇਸ਼ ਲਈ ਬਹੁਤ ਸਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਉਸ ਨੂੰ ਸਨਮਾਨ, ਗੌਰਵ ਅਤੇ ਧੰਨ ਨਾਲ ਮਾਲਾ-ਮਾਲ ਕਰ ਦਿੱਤਾ। ਪੁਨਰ ਜਾਗਰਤੀ ਕਾਲ ਦੀ ਕਲਾ, ਸੁੰਦਰ ਵਸਤਾਂ ਅਤੇ ਖਰੜਿਆਂ ਨਾਲ ਪੈਰਿਸ ਦੀਆਂ ਪਿਕਚਰ-ਗੈਲਰੀਆਂ ਨੂੰ ਪ੍ਰਫੁੱਲਿਤ ਕੀਤਾ। ਉਸ ਨੇ ਅਕਤੂਬਰ 1797 ਦੀ ਕੈਂਪੋਫੌਰਮੀਓ ਦੀ ਸੰਧੀ ਨਾਲ ਆਪਣੀਆਂ ਜਿੱਤਾਂ ਨੂੰ ਗੌਰਵ ਬਖਸ਼ਿਆ ਅਤੇ ਇਹ ਸਿੱਧ ਕਰ ਦਿੱਤਾ ਕਿ ਉਹ ਇਕ ਅਜਿੱਤ ਜਰਨੈਲ ਦੇ ਨਾਲ ਨਾਲ ਉੱਚ ਕੋਟੀ ਦਾ ਡਿਪਲੋਮੈਟ ਵੀ ਸੀ। ਉਸ ਨੇ ਤਿੰਨ ਗਣਰਾਜ ਸਥਾਪਿਤ ਕੀਤੇ : ਲੰਬਾਰਡੀ ਵਿਖੇ ਸੀਸਲਪਾਈਨ, ਮੋਡੇਨਾ ਡੱਚੀਜ਼ ਵਿਚ ਸਿਸਪੀਡਾਨ, ਜੇਨੇਆ ਵਿਚ ਫਰੇਰਾ ਬਲੌਗਨਾ ਅਤੇ ਲਿਗਰੀਅਨ। ਇਸ ਦੌਰਾਨ ਪੈਰਿਸ ਵਿਚ ਸੰਕਟ ਪੈਦਾ ਹੋ ਗਿਆ ਤੇ ਡਾਇਰੈਕਟਰਾਂ ਅਤੇ ਵਿਧਾਨਿਕ ਕੌਂਸਲ ਵਿਚ ਝਗੜਾ ਸ਼ੁਰੂ ਹੋ ਗਿਆ।

ਨੈਪੋਲੀਅਨ ਪੈਰਿਸ ਪਰਤਿਆ ਅਤੇ ਉਸ ਨੂੰ ਇਕ ਰਾਸ਼ਟਰੀ ਨਾਇਕ ਦੀ ਪਦਵੀ ਮਿਲੀ। ਮਿੱਤਰਾਂ ਨੇ ਉਸ ਨੂੰ ਸੱਤਾ ਪ੍ਰਾਪਤ ਕਰਨੀ ਦੀ ਸਲਾਹ ਦਿੱਤੀ ਪਰ ਉਸ ਨੇ ਇਹ ਮਹਿਸੂਸ ਕੀਤਾ ਕਿ ਉਚਿਤ ਸਮਾਂ ਅਜੇ ਨਹੀਂ ਆਇਆ। ਫਰਾਂਸੀਸੀ ਸਰਕਾਰ ਨੇ ਉਸ ਨੂੰ ਇੰਗਲੈਂਡ ਨੂੰ ਜਿੱਤਣ ਲਈ ਤਿਆਰ ਕੀਤੀ ਫਰਾਂਸੀਸੀ ਫੌਜ ਦੀ ਕਮਾਂਡ ਸੌਂਪੀ। ਜੋ ਇੰਗਲੈਂਡ ਨੂੰ ਜਿੱਤ ਸਕਦਾ ਸੀ ਉਹ ਸਾਰੇ ਯੂਰਪ ਨੂੰ ਆਪਣੇ ਕਬਜ਼ੇ ਵਿਚ ਕਰ ਸਕਦਾ ਸੀ। ਨੈਪੋਲੀਅਨ ਇੰਗਲੈਂਡ ਦੀ ਸਮੁੰਦਰੀ ਸਤਾ ਤੋਂ ਭਲੀ ਪ੍ਰਕਾਰ ਜਾਣੂ ਸੀ ਅਤੇ ਸਮੁੰਦਰ ਵਿਚ ਉਸ ਨੂੰ ਅਜਿੱਤ ਸਮਝਦਾ ਸੀ। ਉਸ ਅਨੁਸਾਰ ਇੰਗਲੈਂਡ ਦੇ ਧੜਕਦੇ ਦਿਲ ਨੂੰ ਬੰਦ ਕਰਨ ਲਈ ਉਸ ਨੂੰ ਭਾਰਤ ਦੇ ਰਸਤੇ ਤੇ ਅਧਿਕਾਰ ਜਮਾਉਣਾ ਚਾਹੀਦਾ ਹੈ। ਮਿਸਰ ਕੋਲ ਇਸ ਦੀ ਕੁੰਜੀ ਸੀ।

## ਮਿਸਰ ਦੀ ਮੁਹਿੰਮ

ਬੋਨਾਪਾਰਟ ਮਈ, 1798 ਵਿਚ 38,000 ਸੈਨਿਕ, 4,000 ਜਹਾਜ਼ਾਂ ਅਤੇ 75 ਨਜੂਮੀਆਂ ਰੇਖਾ ਗਣਿਤ-

ਸ਼ਾਸਤਰੀਆਂ, ਖਣਿਜ-ਵਿਗਿਆਨੀਆਂ ਕੈਮਿਸਟਾਂ, ਖੁਰਾ-ਖੋਜੀਆਂ, ਪੁਲ ਨਿਰਮਾਣਕਾਰਾਂ, ਸੜਕ ਇੰਜੀਨੀਅਰਾਂ, ਪੂਰਵੀ ਰਾਜਨੀਤਿਕ ਅਰਥ-ਸ਼ਾਸਤਰੀਆਂ, ਚਿੱਤਰਕਾਰਾਂ ਅਤੇ ਕਵੀਆਂ ਨੂੰ ਨਾਲ ਲੈ ਕੇ ਤੂਲੋਂ ਤੋਂ ਸਮੁੰਦਰੀ ਰਸਤੇ ਰਵਾਨਾ ਹੋਇਆ। ਰਸਤੇ ਵਿਚ ਮਾਲਟਾ ਨੂੰ ਜਿੱਤ ਕੇ ਉਸ ਨੇ ਸਕੰਦਰੀਆਂ ਵਿਚ ਪੜਾ ਕੀਤਾ ਅਤੇ ਪਿਰਾਮਿਡ ਦੀ ਲੜਾਈ ਵਿਚ ਮੇਮਲੁਕੇਸ ਨੂੰ ਜਿੱਤ ਕੇ ਉਹ ਕੈਰੋ (Cairo) ਵਿਚ ਦਾਖਲ ਹੋਇਆ, ਪ੍ਰੰਤੂ ਜਰਵਿਸ ਨੈਸ਼ਨਲ ਨੇ ਖਲੀਜ ਅਬੂ ਕਿਕਸ ਵਿਖੇ ਨੈਪੋਲੀਅਨ ਦੇ ਬੇੜੇ ਨੂੰ ਤਬਾਹ ਕਰ ਦਿੱਤਾ, ਜਦੋਂ ਕਿ ਨੈਪੋਲੀਅਨ ਅਤੇ ਉਸ ਦੇ ਵਿਗਿਆਨੀ ਮਿਸ਼ਰ ਦੀਆਂ ਕਾਢਾਂ ਵਿਚ ਰੁੱਝੇ ਹੋਏ ਸਨ। ਸਮਰਾਟ ਦੇ ਅੰਕਾਰੇ ਦਾਮਿਸ਼ਕ, ਪਰਸ਼ੀਆ ਦੇ ਬਾਗਾਂ, ਅਫਗਾਨਿਸਤਾਨ ਦੀਆਂ ਬਰਫ ਲੱਦੀਆਂ ਪਹਾੜੀਆਂ, ਪੰਜਾਬ ਦੇ ਹਰੇ ਭਰੇ ਖੇਤਾਂ, ਗੰਗਾ ਦੇ ਮੈਦਾਨਾਂ ਨੂੰ ਜਿੱਤਣ ਅਤੇ ਵਿੰਦੀਆਂ ਨੂੰ ਹਰਾ ਕੇ ਅੰਗਰੇਜ਼ਾਂ ਦੇ ਵਿਰੁੱਧ ਟੀਪੂ ਸੁਲਤਾਨ ਦੀ ਮਦਦ ਕਰਨ ਦੇ ਸ਼ਾਨਦਾਰ ਸੁਪਨੇ ਖੇਰੂੰ ਖੇਰੂੰ ਹੋ ਗਏ। ਡਜ਼ੀਰ ਪਾਸ਼ਾ (Djezzar Pasha) ਦੇ ਸ਼ਖਤ ਵਿਰੋਧ ਅਤੇ ਐਡਮਿਰਲ ਸਰ ਸਿਡਨੀ ਸਮਿਥ ਦੀ ਅਗਵਾਈ ਵਿਚ ਅੰਗਰੇਜ਼ ਜਹਾਜ਼ਰਾਨਾਂ ਦੇ ਕੜੇ ਵਿਰੋਧ ਨੇ ਉਸ ਨੂੰ ਅੱਗੇ ਵੱਧਣ ਤੋਂ ਰੋਕ ਦਿੱਤਾ (ਮਈ, 1799)। ਪੈਰਿਸ ਤੋਂ ਆਉਣ ਵਾਲੀਆਂ ਅਸ਼ੁਭ ਖਬਰਾਂ, ਡਾਇਰੈਕਟਰੀ ਦਾ ਲਾਜ਼ਮੀ ਪਤਨ ਉਸ ਦੀ ਫੌਜਾਂ ਦੀ ਬਿਮਾਰੀ ਅਤੇ ਮਮੂਲਕਾਂ ਦੇ ਨੇਤਾ ਮੁਰਦ ਬੇਰ ਦੇ ਮੁੜ ਜ਼ੋਰ ਫੜਨ ਕਰਕੇ ਉਸ ਨੂੰ ਮਿਸਰ ਦੇ ਰਾਹ ਫਰਾਂਸ ਪਰਤਣਾ ਪਿਆ। ਆਪਣੀਆਂ ਵਾਸਤਵਿਕ ਖਾਹਿਸ਼ਾਂ ਨੂੰ ਛੁਪ ਕੇ ਉਹ 'ਮਿਉਰਾਕਸ' ਨਾਮੀ ਛੋਟੇ ਜੰਗੀ ਜਹਾਜ਼ ਵਿਚ ਮਰਾਟ ਮਰਮੈਂਟ ਲੈਂਨਜ਼ ਅਤੇ ਬਰਬੀਰ ਨਾਲ ਰਵਾਨਾ ਹੋਇਆ। ਉਸ ਨੇ ਆਪਣੀ ਫੌਜ ਦੀ ਕਮਾਂਡ ਕਲੇਬਰ ਨੂੰ ਸੌਂਪ ਦਿੱਤੀ, ਉਸ ਨੂੰ ਕਿਸੇ ਨੇ ਚਾਕੂ ਮਾਰ ਦਿੱਤਾ।

## ਰਾਜ ਪਲਟਾ

ਬੋਨਾਪਾਰਟ ਨੇ ਪੈਰਿਸ ਪਰਤ ਕੇ ਕਿਹਾ, "ਜਾਪਦਾ ਹੈ ਕਿ ਕੋਈ ਮੇਰੀ ਉਡੀਕ ਕਰ ਰਿਹਾ ਸੀ, ਕਲ੍ਹ ਬਹੁਤ ਦੇਰ ਹੋ ਜਾਣੀ ਸੀ। ਮੈਂ ਠੀਕ ਸਮੇਂ ਸਿਰ ਪੁੱਜਾ ਹਾਂ ਹੁਣ ਫਲ ਪੱਕ ਚੁੱਕਾ ਸੀ।" ਡਾਇਰੈਕਟਰ ਬਹੁਤ ਡਰ ਗਏ ਸਨ। ਉਸ ਨੇ ਸਰਕਾਰ ਨੂੰ ਪਲਟਾਉਣ ਦਾ ਨਿਰਣਾ ਕਰ ਲਿਆ। ਐਬਸੀਏਸ ਡੂਕੋ ਅਤੇ ਬਰਸ ਨੇ ਡਾਇਰੈਕਟਰਾਂ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ ਅਤੇ ਇਸ ਤਰ੍ਹਾਂ (9 ਨਵੰਬਰ) ਨੂੰ ਰਾਜ-ਗਦੀ ਲਈ ਰਾਹ ਸਾਫ ਹੋ ਗਿਆ। ਨੈਪੋਲੀਅਨ ਵਿਸ਼ਵਾਸ ਪਾਤਰ ਸੈਨਿਕਾਂ ਨਾਲ ਸੈਂਟ ਕਲਾਊਡ ਲਈ ਰਵਾਨਾ ਹੋਇਆ, ਜਿਥੇ ਪੁਰਾਤਨ ਕੌਂਸਲ ਅਤੇ 500 ਵਿਅਕਤੀਆਂ ਦੀ ਮੀਟਿੰਗ ਹੋ ਰਹੀ ਸੀ ਉਥੋਂ ਉਸ ਦਾ ਨਫਰਤ ਨਾਲ ਸਵਾਗਤ ਕੀਤਾ। ਇਹ ਤੂਫਾਨ ਉਸ ਨੂੰ ਘੇਰਦਾ ਜਾਪਿਆ। ਆਪਣੇ ਆਪ ਨੂੰ ਕਾਨੂੰਨ ਤੋਂ ਬਚਾਉਣ ਲਈ, ਉਸ ਨੇ ਸੈਨਿਕਾਂ ਨੂੰ ਬੁਲਾਇਆ ਅਤੇ ਉਨ੍ਹਾਂ ਟੁੱਟੇ ਫੁੱਟੇ ਕੁਝ ਵਾਕ ਕਹੇ। ਉਸ ਨੂੰ ਉਸ ਦੇ ਛੋਟੇ ਭਾਈ ਲੁਸ਼ੀਅਨ ਜੋ ਸੰਸਦ ਦਾ ਪ੍ਰੈਜ਼ੀਡੈਂਟ ਸੀ, ਨੇ ਬਚਾਇਆ। ਉਸ ਨੇ ਉਸ ਸਮੇਂ ਬੇਹੋਸ਼ ਹੋਣ ਵਾਲੇ ਨੈਪੋਲੀਅਨ ਦੇ ਹਾਲ ਨੂੰ ਵਿਹਲਾ ਕਰਵਾਇਆ। ਸ਼ਾਮ ਨੂੰ ਕੁਝ ਚੋਣਵੇਂ ਮੈਂਬਰ ਇਕੱਤਰ ਹੋਏ ਅਤੇ ਉਸ ਨੇ (Sieye) ਦੁਆਰਾ ਬਣਾਏ ਕੌਂਸਲੇਟ ਵਿਧਾਨ ਦੇ ਹੱਕ ਵਿਚ ਵੋਟ ਪਾਇਆ। "ਅੰਤ ਨੂੰ ਜਵਾਰੀਆ ਜਿੱਤ ਗਿਆ।" ਡਾਇਰੈਕਟਰਾਂ ਦੇ ਜਾਣ ਤੇ ਕਿਸੇ ਨੇ ਹੰਝੂ ਨਹੀ ਕੇਰੇ (ਫਿਸ਼ਰ ਪੰਨਾ 816)। ਅਠਵੇਂ ਵਿਧਾਨ ਨੇ ਨੈਪੋਲੀਅਨ ਬੋਨਾਪਾਰਨਟ ਨੂੰ ਤਿੰਨੋਂ ਕੌਂਸਿਲਾਂ ਵਿਚੋਂ ਪਹਿਲਾਂ ਸਥਾਨ ਦਿਵਾਇਆ, ਦੂਜੇ ਦੇ ਕੰਬੋਸਰਸ, ਇਕ ਪ੍ਰਸਿੱਧ ਵਕੀਲ ਅਤੇ ਲੀਬਰਨ ਜੋ ਲੂਈ ਪੰਦਰਵੇਂ ਅਧੀਨ ਸਾਬਕਾ ਸਕੱਤਰ ਸੀ, ਉਹ ਰੀਪਬਲਿਕ ਪ੍ਰਤੀ ਵਫਾਦਾਰ ਸਨ। ਦੂਜਾ ਅਤੇ ਤੀਜਾ ਕੌਂਸਲ ਛੇਤੀ ਹੀ ਕਾਰਵਾਈ ਨੂੰ ਅੰਕਿਤ ਕਰਨ ਵਾਲੇ ਕੌਂਸਲ ਬਣ ਗਏ, ਪਹਿਲਾਂ ਕੌਂਸਲ ਹੀ ਕਰਤਾ ਧਰਤਾ ਸੀ। ਵਾਸਤਵ ਵਿਚ ਇਹ ਰੀਪਬਲਿਕ ਦਾ ਅੰਤ ਸੀ, ਅਤੇ ਨਿਰੰਕੁਸ਼ ਸ਼ਾਸਨ ਦਾ ਯੁੱਗ ਸ਼ੁਰੂ ਹੋ ਚੁੱਕਾ ਸੀ।" ਦਸ

ਸਾਲਾਂ ਦੀ ਕ੍ਰਾਂਤੀ ਨੇ ਇਕ ਨਿਡਰ ਸੈਨਿਕ ਦੇ ਰਾਜ ਨੂੰ ਜਨਮ ਦਿੱਤਾ।" (ਗਰਸਾਏ, ਪੰਨਾ 347)। ਨੈਪੋਲੀਅਨ ਨੇ ਰਾਜ ਭਾਗ ਸੰਭਾਲ ਲਿਆ। ਉਸ ਸਮੇਤੋਂ ਲੈ ਕੇ ਫਰਾਂਸ ਅਤੇ ਯੂਰਪ ਦਾ ਇਤਿਹਾਸ ਉਸ ਦੇ ਨਾਂ ਨਾਲ ਜੁੜ ਗਿਆ।

ਉਸ ਨੇ ਅਸਿਥਰਤਾ ਸਮਾਪਤ ਕਰ ਦਿੱਤੀ ਅਤੇ ਸਥਿਰਤਾ ਪ੍ਰਦਾਨ ਕੀਤੀ। ਉਹ ਪੂਰਨ ਅਧਿਕਾਰਾਂ ਅਤੇ ਕੰਮ ਦੀ ਭਰਮਾਰ ਸਹਿਤ ਇਕ ਪ੍ਰਕਾਰ ਦਾ ਡਿਕਟੇਟਰ ਹੀ ਸੀ। ਉਹ ਸੈਨਾ ਦਾ ਕਮਾਂਡਰ–ਇਨ–ਚੀਫ ਸੀ ਅਤੇ ਬਿਦੇਸ਼ੀ ਮਾਮਲਿਆਂ ਨੂੰ ਕੰਟਰੋਲ ਕਰਦਾ ਸੀ। ਉਹ ਮੰਤਰੀ ਬਣਾਉਂਦਾ, ਜੱਜ ਨਿਯੁਕਤ ਕਰਦਾ, ਪ੍ਰਸ਼ਾਸਨ ਦੀ ਨਿਗਰਾਨੀ ਕਰਦਾ, ਰਾਜ ਪਰਿਸ਼ਦ ਦੀ ਪ੍ਰਧਾਨਗੀ ਕਰਦਾ ਅਤੇ ਕਾਨੂੰਨ ਆਦਿ ਬਣਾਉਂਦਾ ਸੀ। ਉਸ ਦਾ ਨਿਰੰਕੁਸ਼ ਸ਼ਾਸਨ ਸੀ ਜੋ ਯੋਗਤਾ ਤੇ ਆਧਾਰਤ ਸੀ ਅਤੇ ਉਸ ਨੂੰ ਮਤਦਾਤਾਂ ਦਾ ਪੂਰਾ ਸਹਿਯੋਗ ਪ੍ਰਾਪਤ ਸੀ। 1800 ਵਿਚ ਜੀਵਨ ਭਰ ਲਈ ਕੌਂਸੁਲ ਬਣਿਆ ਅਤੇ 1804 ਵਿਚ ਸਮਰਾਟ ਬਣਿਆ। ਕੋਈ ਯੂਰਪੀ ਬਾਦਸ਼ਾਹ, ਅਜਿਹਾ ਵਧੀਆ ਪਦ ਧਾਰਣ ਨਹੀਂ ਕਰ ਸਕਿਆ।" (ਫਿਸ਼ਰ, ਪੰਨਾ 923) ਆਪਣੇ ਸ਼ਾਸਨ ਦੇ ਦੌਰਾਨ ਉਸ ਨੇ ਹਰ ਵਿਭਾਗ ਵਿਚ ਅਚੰਭੇ ਵਾਲੇ ਕੰਮ ਕੀਤੇ। "ਉਹ ਨਿਪੁੰਨਤਾ, ਲਗਨ ਅਤੇ ਸਵੱਛਤਾ ਦਾ ਇੱਛਕ ਸੀ, ਜਿਸ ਦੀ ਸਭ ਤੋਂ ਵਧੀਆ ਉਦਾਹਰਣ ਉਹ ਆਪ ਸੀ।" (ਕੈਟਲਬੀ, ਪੰਨਾ 109)। ਉਹ ਸ਼ਕਤੀ ਦਾ ਸੋਮਾ ਸੀ। ਉਸ ਦੀਆਂ ਜ਼ਿੰਮੇਵਾਰੀਆਂ ਨਾਲ ਨਾਲ ਉਸ ਦਾ ਦ੍ਰਿਸ਼ਟੀਕੋਣ ਵੀ ਵਿਸ਼ਾਲ ਹੁੰਦਾ ਗਿਆ।

## ਪਹਿਲੇ ਕੌਂਸਲ ਅਤੇ ਸਮਰਾਟ ਦੇ ਤੌਰ ਤੇ ਨੈਪੋਲੀਅਨ ਦੇ ਸਿਵਲ ਸੁਧਾਰ

ਨੈਪੋਲੀਅਨ ਦੀਆਂ ਜਿੱਤਾਂ ਅਸਥਾਈ ਸਨ ਪਰ ਉਸ ਦੇ ਸਿਵਲ ਕਾਰਜਾਂ ਦੀ ਬੁਨਿਆਦ ਬਹੁਤ ਪੱਕੀ ਸੀ", (ਫਿਸ਼ਰ, ਪੰਨਾ 923)। ਕੌਂਸੁਲੇਟ ਅਤੇ ਸਮਰਾਟ ਦਾ ਇਤਿਹਾਸ ਸ਼ਾਨਦਾਰ ਜਿੱਤਾਂ ਲਈ ਪਰਿਪੂਰਣ ਹੈ, ਜਿਸ ਨੇ ਮਿੱਤਰਾਂ ਅਤੇ ਦੁਸ਼ਮਣਾਂ ਨੂੰ ਹੈਰਾਨ ਕਰ ਦਿੱਤਾ। ਸੂਝ ਅਤੇ ਪੂਰਣਤਾ ਵਿਚ ਉਸ ਦਾ ਕੋਈ ਸਾਨੀ ਨਹੀਂ ਸੀ। ਮਿੱਤਰਾਂ ਨੇ ਉਸ ਨੂੰ ਅਤਿਅੰਤ ਮਾਣ ਬਖਸ਼ਿਆ ਪਰ ਦੁਸ਼ਮਣਾਂ ਲਈ ਇਹ 'ਕੋਰਸ਼ੀਕੀ ਰਾਖਸ਼' (Corsican Ogre) ਇਕ ਵਾਸਤਵਿਕ ਡਰ ਸੀ ਜੋ ਸੁਪਨੇ ਵਿਚ ਵੀ ਉਹਨਾਂ ਦਾ ਪਿੱਛਾ ਨਹੀਂ ਛੱਡਦਾ ਸੀ। ਮੈਰਿੰਗੋ, ਉਲਮ, ਆਸਟਰਲਿਟਿਜ਼, ਜੀਨਾ, ਵਗਰਮ (Wagram) ਆਦਿ ਲੜਾਈਆਂ ਇਸ ਗੱਲ ਦੀਆਂ ਸੂਚਕ ਹਨ ਕਿ ਨੈਪੋਲੀਅਨ ਅਜਿੱਤ ਸੀ। ਉਹ ਇਕ ਮਸਤ ਹਾਥੀ ਸਮਾਨ ਸੀ ਜਿਹੜਾ ਆਪਣੇ ਰਾਹ ਵਿਚ ਆਉਣ ਵਾਲੀ ਹਰ ਚੀਜ਼ ਨੂੰ ਗਿਰਾਉਂਦਾ ਚਲਾ ਗਿਆ। ਭਾਵੇਂ ਅੰਤ ਨੂੰ ਇਹ ਜਿੱਤਾਂ ਅਸਥਾਈ ਸਿੱਧ ਹੋਈਆਂ। ਵਾਟਰਲੂ ਦੇ ਸਥਾਨ ਤੇ ਉਸ ਦੀ ਮਿੱਤਰ ਦੇਸ਼ਾਂ (allies) ਹੱਥੋਂ ਹੋਈ ਅੰਤਿਮ ਹਾਰ ਨੇ ਉਸ ਦੀਆਂ ਪਹਿਲੀਆਂ ਜਿੱਤਾਂ ਦੀ ਯਾਦ ਭੁਲਾ ਦਿੱਤੀ, ਕਿਉਂਕਿ ਆਖਰੀ ਕੰਮ ਪਹਿਲੇ ਨੂੰ ਭੁਲਾ ਦਿੰਦਾ ਹੈ। ਸਫਲ ਪ੍ਰਬੰਧਕ ਅਤੇ ਸੁਧਾਰਕ ਵਜੋਂ ਕੀਤੇ ਸਿਵਿਲ ਕਾਰਜ ਸਦਾ ਉਸ ਦੀ ਪ੍ਰਗਤੀ ਨੂੰ ਰੂਪਮਾਨ ਕਰਦੇ ਰਹਿਣਗੇ।

ਉਸ ਨੇ ਗਣਤੰਤਰਵਾਦੀਆਂ ਦੇ ਤਸੱਦਦ, ਸਰਕਾਰੀ ਸਥਿਲਤਾ ਅਤੇ ਰਾਜਤੰਤਰਵਾਦੀਆਂ ਦੀ ਸਥਿਲਤਾ ਕਾਰਨ ਪੈਦਾ ਅਰਾਜਕਤਾ ਨੂੰ ਖਤਮ ਕਰਨ ਲਈ ਸਾਰੇ ਪ੍ਰਬੰਧ ਨੂੰ ਕੇਂਦਰਤ ਕੀਤਾ ਅਤੇ ਸਾਰੀਆਂ ਸ਼ਾਖਾਵਾਂ ਵਿਚ ਆਪਣੀ ਪਕੜ ਨੂੰ ਮਜ਼ਬੂਤ ਬਣਾਇਆ। ਉਸ ਨੇ ਸਾਰੀਆਂ ਪੁਰਾਣੀਆਂ ਸੰਸਥਾਵਾਂ ਨੂੰ ਖਤਮ ਕੀਤਾ। ਨੈਪੋਲੀਅਨ ਨੇ ਫਰਾਂਸ ਵਿਚ ਅਧਿਕਾਰਾਂ ਲਈ ਸਨਮਾਨ ਪੈਦਾ ਕੀਤਾ। ਉਸ ਨੂੰ ਧੰਧੂਕਾਰ ਮਿਲਿਆ ਅਤੇ ਉਸ ਨੇ ਸ਼ਾਂਤੀ ਸਥਾਪਿਤ ਕੀਤੀ, ਵਿਰਸੇ ਵਿਚ ਬਗਾਵਤ ਮਿਲੀ ਅਤੇ ਅਨੁਸ਼ਾਸਨ ਕਾਇਮ ਕੀਤਾ। (ਫਿਸ਼ਰ, ਪੰਨਾ 922)।

ਨੈਪੋਲੀਅਨ ਨੇ ਸਰਕਾਰ ਚਲਾਉਣ ਲਈ ਆਪ ਠੀਕ ਆਦਮੀਆਂ ਦੀ ਚੋਣ ਕੀਤੀ। ਤੈਲੀਰਾਂ (Talleyrand) ਬਿਦੇਸ਼ ਮੰਤਰੀ ਫੂਸ਼ੇ (Foche) ਪੁਲਿਸ ਅਧਿਕਾਰੀ, ਗੰਡਿਨ ਵਿੱਤ ਮੰਤਰੀ ਬਰਥੀਅਰ

(Berthir) ਸੈਨਾ ਅਧਿਕਾਰੀ ਅਤੇ ਲੂਸਿਨ ਬੋਨਾਪਾਰਨ ਨੂੰ ਗ੍ਰਹਿ ਮੰਤਰੀ ਬਣਾਇਆ ਗਿਆ। ਸੈਨੇਟ ਵਿਚ ਸਾਰੇ ਅਜ਼ਮਾਏ ਹੋਏ ਸਮਰਥਕ ਸਨ ਅਤੇ ਵਿਧਾਨ ਸਭਾ ਦੀਆਂ ਕੋਈ ਸੰਸਥਾਵਾਂ ਨਹੀਂ ਸਨ, ਉਹ ਬੋਨਾਪਾਰਟ ਦੇ ਹੁਕਮਾਂ ਦਾ ਪਾਲਣ ਕਰਦੇ ਸਨ। ਸਾਰੀਆਂ ਪੁਰਾਣੀਆਂ ਪਾਰਟੀਆਂ ਖਤਮ ਕਰ ਦਿੱਤੀਆਂ ਗਈਆਂ ਸਨ। (ਪੇਰਾ) -ਸਥਾਨਿਕ ਪ੍ਰਬੰਧ ਪੂਰਨ ਤੌਰ ਤੇ ਕੇਂਦਰਿਤ ਕਰ ਦਿੱਤਾ ਗਿਆ ਸੀ। ਹਰ ਵਿਭਾਗ ਇਕ ਪਰਫੈਕਟ, ਹਰ ਐਰਨਡਾਇਮੈਂਟ ਉਪ-ਪਰਫੈਕਟ ਅਤੇ ਹਰ ਕਮਿਊਨ ਇਕ ਮੇਅਰ ਦੇ ਅਧੀਨ ਸੀ। ਇਹ ਸਾਰੇ ਕਰਮਚਾਰੀ ਕੌਂਸਲ ਪਹਿਲੇ ਦੁਆਰਾ ਨਿਯੁਕਤ ਕੀਤੇ ਗਏ ਸਨ ਅਤੇ ਉਹ ਉਸ ਦੇ ਹੁਕਮਾਂ ਦੀ ਪਾਲਣਾ ਕਰਦੇ ਸਨ। ਪੁਲਿਸ ਕੇਂਦਰੀ ਸਰਕਾਰ ਦੇ ਅਧੀਨ ਸੀ। ਫਰਾਂਸ ਦੀ ਸਰਕਾਰ ਇਕ ਵੱਡੀ ਮਸ਼ੀਨ ਬਣ ਗਈ, ਆਪਣੇ ਆਪ ਕਾਰਜ ਕਰਦੀ ਸੀ।" (ਲਾਜ, ਪੰਨਾ 572)।

ਸਕੱਤਰੇਤ, ਮੁਰਾਤ ਅਧੀਨ ਸੀ। ਉਸ ਨੇ 1803 ਵਿਚ ਉਸ ਨੇ ਸਿਵਿਲ ਸਰਵਿਸ ਲਈ ਨੌਜਵਾਨ ਚੁਣੇ। ਭ੍ਰਿਸ਼ਟਾਚਾਰੀ ਅਫਸਰਾਂ ਨੂੰ ਸਖਤ ਦੰਡ ਦਿੱਤਾ ਸੀ। ਬਲੈਕ ਮਾਰਕੀਟਿੰਗ, ਸੱਟੇਬਾਜ਼ੀ ਅਤੇ ਮੁਨਾਫਾਖੋਰੀ ਖਤਮ ਕਰ ਦਿੱਤੀਆਂ ਗਈਆਂ।

### ਆਰਥਿਕ ਸੁਧਾਰ

ਆਰਥਿਕ ਖੇਤਰ ਵਿਚ ਨੈਪੋਲੀਅਨ ਨੇ ਪੁਰਾਣੀ ਸ਼ਾਸਨ ਵਿਵਸਥਾ ਦੇ ਉਹ ਸਾਰੇ ਦੋਸ਼ ਦੂਰ ਕੀਤੇ, ਜਿਨ੍ਹਾਂ ਕਰਕੇ 1789 ਈ. ਦੀ ਕ੍ਰਾਂਤੀ ਆਈ ਸੀ। ਕੌਮਾਂ ਵਿਚ ਇਕਸਾਰਤਾ ਲਿਆਂਦੀ ਗਈ ਅਤੇ ਹਰ ਵਿਅਕਤੀ ਦੀ ਸਮਰੱਥਾ ਅਨੁਸਾਰ ਕਰ ਦੇਣ ਦੀ ਵਿਵਸਥਾ ਕੀਤੀ ਗਈ। ਕਰਾਂ ਦੀ ਵਸੂਲੀ ਕਰਨ ਲਈ ਯੋਗ ਅਫਸਰਾਂ ਦੀ ਨਿਯੁਕਤੀ ਕੀਤੀ ਗਈ। ਨੈਪੋਲੀਅਨ ਫਜ਼ੂਲ ਖਰਚ ਦਾ ਬਹੁਤ ਵਿਰੋਧੀ ਸੀ। ਰਾਜ-ਪ੍ਰਬੰਧ ਦਾ ਖਰਚ ਘਟਾਇਆ ਗਿਆ। 1800 ਈ. ਵਿਚ ਫਰਾਂਸ ਦੇ ਰਾਸ਼ਟਰੀ ਬੈਂਕ ਦੀ ਸਥਾਪਨਾ ਕੀਤੀ ਗਈ। ਇਸ ਬੈਂਕ ਵੱਲੋਂ ਘੱਟ ਵਿਆਜ ਉੱਤੇ ਕਰਜ਼ੇ ਦਿੱਤੇ ਜਾਣ ਕਾਰਣ ਦੇਸ਼ ਵਿਚ ਉਦਯੋਗਿਕ ਤੇ ਵਪਾਰਕ ਉੱਨਤੀ ਹੋਈ।

ਲੜਾਈਆਂ ਦੇ ਖਰਚ ਤੋਂ ਦੇਸ਼ ਦੀ ਆਰਥਿਕ ਅਵੱਸਥਾ ਨੂੰ ਸੁਰੱਖਿਅਤ ਰਖਣ ਲਈ ਨੈਪੋਲੀਅਨ ਨੇ ਇਕ ਵਿਸ਼ੇਸ਼ ਫੰਡ ਕਾਇਮ ਕੀਤਾ। ਇਸ ਫੰਡ ਵਿਚ ਹਾਰੇ ਹੋਏ ਦੇਸ਼ਾਂ ਤੋਂ ਪ੍ਰਾਪਤ ਹੋਇਆ ਧਨ ਜਮਾਂ ਕੀਤਾ ਜਾਂਦਾ ਸੀ, ਜੋ ਸਿਰਫ ਯੁੱਧਾਂ ਉੱਤੇ ਹੀ ਖਰਚ ਕੀਤਾ ਜਾ ਸਕਦਾ ਸੀ।

### ਖੇਤੀ ਸੁਧਾਰ

ਨੈਪੋਲੀਅਨ ਨੇ ਖੇਤੀ-ਬਾੜੀ ਦੇ ਵਿਕਾਸ ਲਈ ਵੀ ਠੋਸ ਕਦਮ ਚੁੱਕੇ। ਕਿਸਾਨਾਂ ਨੂੰ ਜ਼ਮੀਨਾਂ ਦੇ ਪੱਕੇ ਮਾਲਕ ਬਣਾ ਦਿੱਤਾ ਗਿਆ। ਕਿਸਾਨਾਂ ਨੂੰ ਖੇਤੀ ਦੇ ਆਧੁਨਿਕ ਢੰਗ ਅਪਨਾਉਣ ਲਈ ਉਤਸ਼ਾਹਿਤ ਕੀਤਾ ਗਿਆ। ਕਪਾਹ ਦਾ ਉਤਪਾਦਨ ਵਧਾਇਆ ਗਿਆ ਅਤੇ ਕਪੜਾ ਬੁਨਣ ਲਈ ਮਸ਼ੀਨਾਂ ਦੀ ਵਰਤੋਂ ਹੋਣ ਲੱਗੀ।

## ਕੀ ਉਹ ਕ੍ਰਾਂਤੀ ਪੁਤ੍ਰੀ ਸੱਚਾ ਸੀ ?

ਇਸ ਪ੍ਰਸ਼ਨ ਬਾਰੇ ਰਾਵਾਂ ਵਿਚ ਭਿੰਨਤਾ ਹੈ, 'ਕਾਲਪਨਿਕ ਨੈਪੋਲੀਅਨ' ਦੇ ਹਾਮੀ ਇਹ ਮਤੇ ਪੇਸ਼ ਕਰਦੇ ਹਨ ਕਿ ਉਹ ਕ੍ਰਾਂਤੀ ਦਾ ਉੱਚਿਤ ਵਾਰਿਸ ਸੀ ਅਤੇ ਉਸ ਦੇ ਸੁਧਾਰ ਕ੍ਰਾਂਤੀ ਨਾਲ ਮੇਲ ਖਾਂਦੇ ਹਨ। ਉਸ ਨੇ ਕੋਈ ਪੱਖਪਾਤ, ਕੋਈ ਤਰਫਦਾਰੀ ਨਹੀਂ ਕੀਤੀ ਅਤੇ ਸਾਰਿਆਂ ਨੂੰ ਤਰੱਕੀ ਦੇ ਇਕ ਸਾਰ ਅਫਸਰ ਦਿੱਤਾ। "ਉਸ ਦੇ ਰਾਜ ਵਿਚ ਹਰ ਫਰਾਂਸੀਸੀ ਇਹ ਕਹਿ ਸਕਦਾ ਸੀ ਕਿ ਉਹ ਮੰਤ੍ਰੀ ਉੱਚ ਅਫਸਰ ਡਿਊਕ ਕਾਉਂਟ ਦਾ ਬਾਦਸ਼ਾਹ ਵੀ ਬਣ ਸਕਦਾ ਸੀ।" ਸਾਮੰਤਵਾਦ

ਸਥਾਪਿਤ ਹੋ ਚੁੱਕਾ ਸੀ। ਉਸ ਨੇ ਕਿਸਾਨਾਂ ਨੂੰ ਜ਼ਮੀਨ ਦਾ ਮਾਲਕ ਬਣਾਇਆ ਅਤੇ ਮੱਧ ਸ਼੍ਰੇਣੀ ਨੂੰ ਸਮਾਜਿਕ ਅਤੇ ਸਿਵਿਲ ਸੁਤੰਤਰਤਾ ਦਿਵਾਈ। ਇਥੋਂ ਤੱਕ ਕਿ ਡਿਊਕ ਆਫ ਵਾਲਿੰਗਟਨ ਨੇ ਵੀ ਇਸ ਗੱਲ ਨੂੰ ਸਵੀਕਾਰ ਕੀਤਾ ਕਿ ਨੈਪੋਲੀਅਨ ਇਕ ਸ਼ਖਸੀਅਤ ਨਹੀਂ ਸਗੋਂ ਇਕ ਸਿਧਾਂਤ ਹੈ। ਬੋਨਾਪਾਰਟ ਆਪ ਵੀ ਇਹੀ ਕਹਿੰਦਾ ਸੀ, "ਮੈਂ ਹੀ ਕ੍ਰਾਂਤੀ ਹਾਂ।"

ਉਹ ਖੁਲ੍ਹ ਦਾ ਵਿਰੋਧੀ ਸੀ ਜਿਵੇਂ ਕਿ ਉਸ ਸਮੇਂ ਫਰਾਂਸ ਦੇ ਲੋਕ ਸਮਝਦੇ ਸਨ। ਉਸ ਨੇ ਪ੍ਰੈਸ ਦੀ ਅਯੋਗ ਖੁਲ੍ਹ ਨੂੰ ਵਿਨਿਯਮਿਤ ਕੀਤਾ ਅਤੇ ਉਸ ਤੇ ਕੜੀ ਸੈਂਸਰਸ਼ਿਪ ਲਈ "ਜੇਕਰ ਮੈਂ ਪ੍ਰੈਸ ਨੂੰ ਖੁਲ੍ਹ ਦੇ ਦੇਵਾਂ" ਉਸ ਨੇ ਇਹ ਗੱਲ ਸਵੀਕਾਰ ਕੀਤੀ, "ਤਾਂ ਮੇਰੀ ਤਾਕਤ ਤਿੰਨ ਦਿਨ ਤੋਂ ਵੱਧ ਨਹੀਂ ਚਲ ਸਕੇਗੀ।" ਨੈਪੋਲੀਅਨ ਭਾਸ਼ਣ ਦੀ ਖੁਲ੍ਹ ਦੇਣ ਦੇ ਹੱਕ ਵਿਚ ਨਹੀਂ ਸੀ, ਇਸ ਲਈ ਉਸ ਨੇ ਜੀਨ ਜੈਕੁਇਸ ਰੂਸੋ ਨੂੰ ਵੀ ਵੱਖ ਕਰ ਦਿੱਤਾ। ਵਾਸਤਵ ਵਿਚ ਉਹ ਸਾਰੇ ਸਿੱਧਾਂਤਕਾਰਾਂ ਨੂੰ ਨਫਰਤ ਕਰਦਾ ਸੀ। ਫਰਾਂਸੀਸੀਆਂ ਨੇ ਰਾਜਨੀਤਿਕ ਖੁਲ੍ਹ ਨਾ ਦੇਣ ਤੇ ਵੀ ਉਸ ਨੂੰ ਮੁਆਫ ਕਰ ਦਿੱਤਾ ਕਿਉਂਕਿ ਉਹ ਉਨ੍ਹਾਂ ਦੇ ਗੌਰਵ ਦੀ ਸੰਤੁਸ਼ਟੀ ਕਰਦਾ ਸੀ ਅਤੇ ਉਸ ਦੀ ਸ਼ਖਸੀਅਤ ਵਿਚ ਕੰਮ ਦੀ ਏਕਤਾ ਰੂਪਮਾਨ ਹੁੰਦੀ ਸੀ।

ਦੂਜੇ ਪਾਸੇ ਉਹ ਸ਼ਖਸੀ ਰਾਜ ਦੇ ਆਲੋਚਕ ਇਸ ਮੱਤ ਦੇ ਧਾਰਨੀ ਹਨ ਕਿ ਉਹ ਕ੍ਰਾਂਤੀ ਲਈ ਵਿਨਾਸ਼ਕਾਰੀ ਸੀ। ਉਸ ਨੇ ਆਪਣੀ ਕੇਂਦਰੀਕਰਣ ਜਾਂ ਇਉਂ ਕਹੋ ਕਿ ਵਧੀਕ ਕੇਂਦਰੀਕਰਣ ਦੀ ਨੀਤੀ ਨਾਲ ਕ੍ਰਾਂਤੀ ਦਾ ਸਾਰਾ ਵਿਰਸਾ ਨਸ਼ਟ ਕਰ ਦਿੱਤਾ। ਉਸ ਦੇ ਪ੍ਰਬੰਧਕੀ ਸੁਧਾਰ ਪੁਰਾਤਨ ਰਾਜ-ਪ੍ਰਬੰਧ ਵੱਲ ਮੋੜ ਦੇ ਸੂਚਕ ਜਾਪਦੇ ਹਨ। ਉਹ ਆਪਣੇ ਮੰਤਰੀਆਂ ਅਤੇ ਕਰਮਚਾਰੀਆਂ ਤੋਂ ਸਖਤ ਆਗਿਆ ਪਾਲਣ ਦੀ ਮੰਗ ਕਰਦਾ ਸੀ। ਉਸ ਨੇ 1807 ਟ੍ਰੀਬਿਉਨੇਟ ਨੂੰ ਇਸ ਕਰਕੇ ਦਬਾ ਦਿੱਤਾ ਕਿਉਂਕਿ ਉਸ ਨੇ ਖੁਲ੍ਹਮ ਖੁਲ੍ਹਾ ਵਿਰੋਧ ਕੀਤਾ ਸੀ। ਇਸ ਸਾਲ ਮਗਰੋਂ ਉਸ ਨੇ ਇਹ ਘੋਸ਼ਣਾ ਕਰ ਦਿੱਤੀ ਕਿ ਪ੍ਰਭੁੱਤਾਧਾਰੀ ਲੋਕਾਂ ਦੇ ਪ੍ਰਤੀਨਿਧ ਵਜੋਂ ਉਹ ਸੱਤਾ ਦਾ ਮਾਲਕ ਹੈ। ਟੇਲੀਰਾਂ ਅਤੇ ਫੋਚੇ ਨੇ ਉਸ ਦਾ ਵਿਰੋਧ ਕੀਤਾ ਅਤੇ ਉਸ ਨੇ ਉਸ ਨੂੰ ਜਲਾਵਤਨ ਕਰ ਦਿੱਤਾ। ਉਹ ਆਲੋਚਨਾ ਨੂੰ ਬਿਲਕੁਲ ਪਸੰਦ ਨਹੀਂ ਸੀ ਕਰਦਾ।

ਉਸ ਦਾ ਰਾਜ-ਪ੍ਰਬੰਧ ਨਿਰੰਕੁਸ਼ ਸੀ, ਜਿਸ ਵਿਚ ਕਿਸੇ ਤਰ੍ਹਾਂ ਵੀ ਬੂਰਬਨ ਰਾਜਿਆਂ ਤੋਂ ਘੱਟ ਅਤਿਆਚਾਰ ਨਹੀਂ ਸੀ। ਇਸ ਦਾ ਮੂਲ ਮਨੋਰਥ ਨੈਪੋਲੀਅਨ ਦੀ ਨਿੱਜੀ ਤਾਕਤ ਨੂੰ ਵਧਾਉਣਾ ਸੀ। ਵਿਅਕਤੀਗਤ ਅਤੇ ਰਾਜਨੀਤਕ ਖੁਲਾਂ ਇਕੋ ਇਕ ਮਨੋਰਥ ਤੇ ਕੁਰਬਾਨ ਕਰ ਦਿੱਤੀਆਂ ਗਈਆਂ ਸਨ। ਆਮ ਚੋਣਾਂ ਅਤੇ ਸਥਾਨਿਕ ਚੋਣਾਂ ਦੀ ਖੁਦ-ਮੁਖਤਾਰੀ ਜਿਹੜੀਆਂ ਕਿ ਕ੍ਰਾਂਤੀ ਦੀ ਦੇਣ ਸਨ, ਅੱਖੋਂ ਉਹਲੇ ਕਰ ਦਿੱਤੀਆਂ ਗਈਆਂ। ਕੋਈ ਅਜਿਹਾ ਅਧਿਕਾਰੀ ਨਹੀਂ ਸੀ ਜੋ ਪਿੰਡ ਦੇ ਪੁਲ ਦੀ ਮੁਰੰਮਤ ਕਰਦਾ ਜਾਂ ਗਲੀਆਂ ਦੀ ਲਾਈਟਾਂ ਦਾ ਪ੍ਰਬੰਧ ਕਰਦਾ ਹੈ। ਲੋਕਾਂ ਦੀ ਪ੍ਰਭੂਤਾ ਇਕ ਧੋਖਾ ਬਣ ਕੇ ਰਹਿ ਗਈ।

ਨੈਪੋਲੀਅਨ ਹਾਲਤ ਦੀ ਪੈਦਾਵਾਰ ਸੀ। ਅੱਠਵੇਂ ਸਾਲ ਦੇ ਸੰਵਿਧਾਨ ਨੇ ਉਸ ਨੂੰ ਤਿੰਨਾਂ ਵਿਚੋਂ ਪਹਿਲਾ ਦਰਜਾ ਦਿਵਾਇਆ। ਕ੍ਰਾਂਤੀਕਾਰੀ ਸਮੇਂ ਦੇ ਦੌਰਾਨ ਚੁਣੇ ਅਧਿਕਾਰੀਆਂ ਵਿਚ ਇਕ ਦੁਸ਼ਮਣੀ ਦੀ ਭਾਵਨਾ ਪੈਦਾ ਹੋ ਗਈ। ਪਹਿਲੀ ਸੱਤਾ ਨੂੰ ਬਹਾਲ ਕਰਨਾ ਪਿਆ। ਉਸ ਨੂੰ ਪੁਰਾਣੇ ਰਾਜ-ਪ੍ਰਬੰਧ ਦੇ ਅੱਲਮ-ਗੱਲਮ ਨੂੰ ਸਾਫ ਕਰਨਾ ਪਿਆ। ਇਸ ਲਈ ਉਸ ਨੇ ਕ੍ਰਾਂਤੀ ਨੂੰ ਖਤਮ ਕਰਕੇ ਆਪਣੀ ਮਰਜ਼ੀ ਅਨੁਸਾਰ ਕੰਮ ਕੀਤਾ। ਉਸ ਨੇ ਗਣਤੰਤਰਵਾਦੀ ਦੇ ਤਸ਼ਦੱਦ ਅਤੇ ਰਾਜਤੰਤਰਵਾਦੀਆਂ ਦੇ ਜਵਾਬੀ ਹੱਲੇ ਦਾ ਕਾਂਡ ਹੀ ਸਮਾਪਤ ਕਰ ਦਿੱਤਾ ਅਤੇ ਦੇਸ਼ ਵਿਚ ਸ਼ਾਂਤੀ ਅਤੇ ਸਥਿਰਤਾ ਸਥਾਪਿਤ ਕੀਤੀ। ਉਸ ਨੇ ਖੁਲ੍ਹ ਦੇ ਵਿਚਾਰ ਦੀ ਥਾਂ ਅਧਿਕਾਰ ਦੇ ਵਿਚਾਰ ਦਾ ਪ੍ਰਸਥਾਨ ਕੀਤਾ। "ਮੈਂ ਕ੍ਰਾਂਤੀ ਅਤੇ ਭੂਤਕਾਲ ਦੇ ਸੰਘਰਸ਼ ਵਿਚਕਾਰ ਕੁਦਰਤ ਵਿਚੋਲਾ ਹਾਂ। ਉਸ ਨੇ ਵਿਆਖਿਆ ਕੀਤੀ, ਮੇ

ਰਾ ਸਾਮਰਾਜ ਸ਼ਾਸਕਾਂ ਅਤੇ ਪਰਜਾ ਦੋਵਾਂ ਦੇ ਹਿੱਤ ਵਿਚ ਸੀ ਤਥ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹਨ। ਮੈਂ ਅਰਾਜਕਤਾ ਅਤੇ ਧੁੰਦੂਕਾਰ ਨੂੰ ਸਮਾਪਤ ਕਰ ਦਿੱਤਾ ਅਤੇ ਕ੍ਰਾਂਤੀ ਦੀ ਗੰਦਗੀ ਦੂਰ ਕਰ ਦਿੱਤੀ।" ਨੈਪੋਲੀਅਨ ਜਿੱਥੇ ਵੀ ਗਿਆ ਉਸ ਨੇ ਅਤੀਤ ਦੇ ਮਲਬੇ ਨੂੰ ਸਾਫ ਕਰਨ ਵਿਚ ਕੋਈ ਸੰਕੋਚ ਨਹੀਂ ਵਰਤਿਆ। ਇਥੋਂ ਤੱਕ ਕਿ ਪਵਿੱਤਰ ਰੋਮਨ ਸਾਮਰਾਜ ਦਾ ਨਿਰਬਲ ਅਜੂਬਾ ਵੀ ਉਸ ਦੇ ਹੱਥੋਂ ਬਚ ਨਹੀਂ ਸਕਿਆ। ਉਸ ਨੇ ਜਰਮਨੀ ਦੀਆਂ 360 ਵਿਲੱਖਣ ਪ੍ਰਿੰਸੀਪੈਲਿਟੀਆਂ ਖਤਮ ਕਰ ਦਿੱਤੀਆਂ ਅਤੇ ਰਾਇਨ (Rhine) ਦੀ ਮੁਕਾਬਲਤਨ ਇਕ ਸਮਾਨ ਕਨਫੈਡਰੇਸ਼ਨ ਸਥਾਪਿਤ ਕੀਤੀ।

## ਕਨਕਾਰਡੈਟ (Concordat, 1802)

ਚਰਚ ਦਾ ਦੁਫੇੜ ਜਿਹੜਾ ਨੈਸ਼ਨਲ ਅਸੈਂਬਲੀ ਦੇ ਕਾਨੂੰਨ ਦੁਆਰਾ ਬਣਾਏ ਪਾਦਰੀ ਵਰਗ ਦੇ ਸਿਵਿਲ ਵਿਧਾਨ ਕਾਰਨ ਪੈਦਾ ਹੋ ਗਿਆ ਸੀ, ਹੁਣ ਪ੍ਰਤੱਖ ਰੂਪ ਵਿਚ ਦੁਖਦਾਇਕ ਬਣ ਗਿਆ ਸੀ। ਇਸ ਦੇ ਰਾਜਨੀਤਿਕ ਬਾਡੀ ਨੂੰ ਭ੍ਰਸ਼ਟ ਕਰ ਦਿੱਤਾ ਸੀ ਅਤੇ ਇਹ ਕਿਸੇ ਵੀ ਹਕੂਮਤ ਦੀ ਸਥਿਰਤਾ ਲਈ ਖਤਰਾ ਬਣਾ ਸਕਦਾ ਸੀ। ਨੈਪੋਲੀਅਨ ਨੇ ਇਸ ਕਸ਼ਟ ਨੂੰ ਨਿਵਾਰਨ ਦਾ ਬੀੜਾ ਚੁਕਿਆ ਕਿਉਂਕਿ ਉਸ ਨੂੰ ਇਸ ਗੱਲ ਦਾ ਯਕੀਨ ਸੀ ਕਿ ਧਰਮ ਨਸ਼ਟ ਹੋਣ ਵਾਲੀ ਸ਼ਕਤੀ ਨਹੀਂ, ਇਸ ਨੇ ਕਿਸਾਨ ਅਤੇ ਸੈਨਿਕਾਂ ਦੇ ਜੀਵਨ ਤੇ ਬਹੁਤਾ ਪ੍ਰਭਾਵ ਪਾਇਆ ਸੀ, ਇਸ ਲਈ ਇਸ ਨੂੰ ਨਿਕੰਮੇ ਸਿਧਾਂਤ ਦੇ ਤੌਰ ਤੇ ਤਿਆਗਿਆ ਨਹੀਂ ਜਾ ਸਕਦਾ। ਉਹ ਰਾਜਤੰਤਰਵਾਦ (Royalism) ਅਤੇ ਕੈਥੋਲਿਕਵਾਦ ਦੇ ਸੰਬੰਧਾਂ ਨੂੰ ਮਜ਼ਬੂਤ ਬਣਾਉਣਾ ਅਤੇ ਚਰਚ ਜ਼ਮੀਨਾਂ ਦੇ ਖਰੀਦਦਾਰਾਂ ਨੂੰ ਵਿਸ਼ਵਾਸ ਦਿਵਾਉਣਾ ਅਤੇ ਪਰਵਾਸੀ ਬਿਸ਼ਪਾ ਦੇ ਪ੍ਰਭਾਵ ਨੂੰ ਖਤਮ ਕਰਨਾ ਚਾਹੁੰਦਾ ਸੀ। ਉਸ ਨੇ ਧਰਮ ਨੂੰ ਆਪਣੇ ਮਨੋਰਥ ਦੀ ਪੂਰਤੀ ਲਈ ਵਰਤਿਆ, ਉਸ ਦਾ ਇਹ ਵਿਸ਼ਵਾਸ ਸੀ ਕਿ ਲੋਕਾਂ ਦਾ ਧਰਮ ਸਰਕਾਰ ਦੇ ਹੱਥ ਵਿਚ ਚਾਹੀਦਾ ਹੈ, ਉਸ ਨੇ ਧਰਮ ਦੀ ਵਰਤੋਂ ਆਪਣੀਆਂ ਜ਼ਰੂਰਤਾਂ ਅਨੁਸਾਰ ਕੀਤੀ। "ਲੋਕ ਆਖਦੇ ਹਨ ਕਿ ਮੈਂ ਕੈਥੋਲਿਕ ਧਰਮ ਦਾ ਪੈਰੋਕਾਰ ਹਾਂ। ਮੈਂ ਕੁਝ ਵੀ ਨਹੀਂ। ਮਿਸਰ ਵਿਚ ਇਕ ਮੁਸਲਮਾਨ ਸੀ, ਫ੍ਰਾਂਸ ਵਿਚ ਮੈਂ ਲੋਕ-ਹਿੱਤ ਲਈ ਇਕ ਕੈਥੋਲਿਕ ਹੋਵਾਂਗਾ"। ਕਾਫੀ ਗੱਲਬਾਤ ਉਪਰੰਤ ਅਗਸਤ 1802 ਵਿਚ ਉਸ ਨੇ ਪੋਪ ਪੀਅਸ ਸਤਵੇਂ ਨਾਲ ਸ਼ਰਤਾਂ ਤੈਅ ਕਰ ਲਈਆਂ। ਸਮਝੌਤੇ ਦੇ ਖਰੜੇ ਨੂੰ ਅੰਤਿਮ ਤੌਰ ਤੇ ਪਰਵਾਨ ਕਰਨ ਤੋਂ ਪਹਿਲਾਂ 21 ਵਾਰ ਤਰਮੀਮ ਕਰਨੀ ਪਈ।

ਇਸ ਸਮਝੌਤੇ ਅਨੁਸਾਰ ਸਾਲਾਂ ਤੱਕ ਫ੍ਰਾਂਸ ਤੇ ਪੋਪ ਦੇ ਸੰਬੰਧ ਨਿਸ਼ਚਿਤ ਕਰ ਦਿੱਤੇ (1805 ਤੱਕ ਜਦੋਂ ਕਿ ਇਸ ਨੂੰ ਰੱਦ ਕੀਤਾ ਗਿਆ) ਨਿਮਨ ਗੱਲਾਂ ਬਾਰੇ ਸਹਿਮਤੀ ਹੋਈ।

1. ਕੈਥੋਲਿਕ ਚਰਚ ਫਰਾਂਸ ਦਾ ਸਰਕਾਰੀ ਚਰਚ ਹੋਵੇਗਾ, ਇਸ ਦਾ ਪ੍ਰਬੰਧ ਸਰਕਾਰੀ ਖਰਚੇ ਤੇ ਕੀਤਾ ਜਾਵੇਗਾ। ਉਸ ਦੇ ਉਪਾਸਨਾ ਹੱਕ ਨੂੰ ਸਵੀਕਾਰ ਕੀਤਾ ਗਿਆ।
2. ਪੋਪ ਨੇ ਸੰਵਿਧਾਨਕ ਪਾਦਰੀ ਵਰਗ ਨੂੰ ਮਾਨਤਾ ਦਿੱਤੀ।
3. ਪਾਦਰੀ ਸਰਕਾਰ ਪ੍ਰਤੀ ਵਫਾਦਾਰੀ ਦਾ ਹਲਫ ਲਵੇਗਾ ਅਤੇ ਨਿਸ਼ਚਿਤ ਤਨਖਾਹ ਪ੍ਰਾਪਤ ਕਰੇਗਾ। ਪਾਦਰੀਆਂ ਦੇ ਬ੍ਰਹਮਚਾਰੀ ਜੀਵਨ ਅਤੇ ਧਾਰਮਿਕ ਕਾਇਦੇ ਕਾਨੂੰਨ ਨੂੰ ਸਵੀਕਾਰ ਕਰ ਲਿਆ ਗਿਆ।
4. ਫਰਾਂਸ ਨੂੰ 50 ਬਿਸ਼ਪਿਕਾਂ ਅਤੇ 10 ਆਰਕ ਬਿਸ਼ਪਿਕਾਂ ਵਿਚ ਵੰਡਿਆ ਗਿਆ। ਬਿਸ਼ਪਾਂ ਦਾ ਪਾਦਰੀਆਂ ਤੇ ਪੂਰਨ ਅਧਿਕਾਰ ਸੀ। ਨੈਪੋਲੀਅਨ ਨੂੰ ਬਿਸ਼ਪ ਨਾਮਜ਼ਦ ਕਰਨ ਦਾ ਅਧਿਕਾਰ ਸੀ ਐਪਰ ਨਾਮਜ਼ਦ ਵਿਅਕਤੀ ਪੋਪ ਵੱਲੋਂ ਦੱਸੇ ਜਾਣੇ ਸਨ। ਪਾਦਰੀਆਂ ਦੀ

ਸਭਾਵਾਂ (Synods) ਨੈਪੋਲੀਅਨ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਬੁਲਾਈਆਂ ਜਾ ਸਕਦੀਆਂ ਸਨ। ਬਿਸਪ ਪ੍ਰਵਾਨਗੀ ਤੋਂ ਬਿਨਾਂ ਆਪਣੇ ਹਲਕੇ ਤੋਂ ਬਾਹਰ ਨਹੀਂ ਜਾ ਸਕਦੇ ਅਤੇ ਨਾ ਹੀ ਪੋਪ ਨਾਲ ਪੱਤਰ ਕਰ ਸਕਦੇ ਸਨ।

5. ਆਰਥਿਕ ਆਰਟੀਕਲਾਂ ਅਨੁਛੇਦਾਂ ਨਾਲ ਇਕਸਾਰ ਕੈਥੋਲਿਕ ਪੂਜਾ-ਵਿਧੀ ਸਥਾਪਿਤ ਕੀਤੀ ਗਈ। ਪੋਪ ਦੇ ਹੁਕਮ (Papal Bulls) ਲਾਗੂ ਕਰਨ ਲਈ ਸਰਕਾਰ ਦੀ ਮਨਜ਼ੂਰੀ ਲੋੜੀਂਦੀ ਸੀ। ਵਿਆਹ ਲਈ ਧਾਰਮਿਕ ਮਰਿਆਦਾ ਜ਼ਰੂਰੀ ਸੀ।

### ਆਲੋਚਨਾ

ਪੋਪ ਦੀ ਤਾਕਤ ਕੇਵਲ ਧਾਰਮਿਕ ਖੇਤਰ ਤੱਕ ਸੀਮਿਤ ਕਰਕੇ ਨੈਪੋਲੀਅਨ ਆਪਣੇ ਆਪ ਨੂੰ ਚਾਰਲੇ ਮੇਗਨੇ ਦਾ ਰਾਸ਼ਟਰ ਪਿਤਾ ਸਮਝਦਾ ਸੀ। ਫਿਸ਼ਰ ਅਨੁਸਾਰ, "ਧਾਰਮਿਕ ਸਮਝੌਤੇ ਤੇ ਕਿਸਾਨ ਵਰਗ ਦੇ ਹੰਝੂ ਪੂੰਝੇ, ਫਰਾਂਸੀਸੀ ਚਰਚ ਦੇ ਮਤਭੇਦ ਸਥਾਪਿਤ ਕੀਤੇ...... ਅਤੇ ਕੈਥੋਲਿਕ ਵਿਵੇਕ ਅਤੇ ਮੌਜੂਦਾ ਸਰਕਾਰ ਵਿਚਕਾਰ ਮਿੱਤਰਤਾ ਸਥਾਪਿਤ ਕੀਤੀ। ਦਰਾੜ ਜਿਹੜੀ ਕ੍ਰਾਂਤੀਕਾਰੀ ਸੁਧਾਰ ਦੇ ਰਾਹ ਵਿਚ ਰੋੜਾ ਬਣਦੀ ਸੀ, ਹਟਾ ਦਿੱਤੀ ਗਈ। ਨੈਪੋਲੀਅਨ ਨੇ ਪਾਦਰੀ, ਪਰਵਾਸੀ, ਨਾਸਤਿਕ ਅਤੇ ਜੈਕੋਬਿਨ ਸਾਰਿਆਂ ਨੂੰ ਦੇਸ਼ ਸੇਵਾ ਵਿਚ ਜੁਟਾ ਦਿੱਤਾ। ਸਾਰਿਆਂ ਦਾ ਇਹ ਪਵਿੱਤਰ ਫਰਜ਼ ਸੀ ਕਿ ਰਾਜ ਦੇ ਮੁੱਖੀ ਦੀ ਆਗਿਆ ਦਾ ਪਾਲਣ ਕਰਨ। "ਨੈਪੋਲੀਅਨ ਦੀ ਸ਼ਾਨ ਤਿੰਨਾਂ ਸਾਲਾਂ ਦੇ ਅੰਦਰ ਸੰਪੰਨ ਹੋ ਗਈ ਸੀ ਤੇ ਫਰਾਂਸ ਵਾਸੀਆਂ ਦੀਆਂ ਅੱਖਾਂ ਸਾਲਾਂ ਤੋਂ ਲੱਗੀਆਂ ਹੋਈਆਂ ਸਨ।" (ਗਰਸਾਏ, ਪੰਨਾ 370) ਪੋਪ ਨਾਲ ਸਮਝੌਤਾ ਕਰਨ ਤੋਂ ਮਗਰੋਂ ਨੈਪੋਲੀਅਨ ਨੇ ਇਟਲੀ, ਬੈਲਜ਼ੀਅਮ ਅਤੇ ਰਾਇਨ ਪ੍ਰਾਂਤਾਂ ਵਿਚ ਫਰਾਂਸ ਦੇ ਪ੍ਰਭਾਵ ਨੂੰ ਵਧਾਉਣ ਵੱਲ ਧਿਆਨ ਦਿੱਤਾ।

ਐਪਰ ਰੋਮ ਨਾਲ ਗਠਜੋੜ ਮੁਕੰਮਲ ਨਹੀਂ ਸੀ। ਮਤਭੇਦ ਜਾਰੀ ਰਹੇ। ਚਰਚ ਨੂੰ ਆਪਣੀ ਸੁਤੰਤਰਤਾ ਖੋਹੀ ਜਾਣ ਦਾ ਰੰਜ ਸੀ। ਉਸ ਦੀ ਪੁਜ਼ੀਸਨ ਸਿਵਿਲ ਸੱਤਾ ਦੇ ਇਕ ਬਲਹੀਣ ਸੇਵਕ ਅਤੇ ਸਾਇਲ ਵਰਗੀ ਹੋ ਗਈ ਸੀ। ਨੈਪੋਲੀਅਨ ਦਾ ਬਿਸ਼ਪ ਰਾਜ ਦਾ ਇਕ ਤਨਖਾਹਦਾਰ ਕਰਮਚਾਰੀ ਬਣ ਗਿਆ ਸੀ। "ਚਰਚ ਨੂੰ ਤਿਆਗ ਪੱਤਰ ਦੇਣ ਜਾਂ ਕਾਰਜ ਕਰਨ ਦੀ ਖੁਲ੍ਹ ਸੀ।" (ਫਿਸ਼ਰ, ਪੰਨਾ 925)। ਪੋਪ ਨੇ ਆਪਣੀ ਤਾਕਤ ਤੇ ਪਾਬੰਦੀਆਂ ਲਾਏ ਜਾਣ ਤੇ ਅਫਸੋਸ ਪ੍ਰਗਟ ਕੀਤਾ। ਨੈਪੋਲੀਅਨ ਦੀ ਨੀਤੀ ਪੋਪ ਦੀ ਪ੍ਰਭੁੱਤਾ ਦੇ ਨਜ਼ਰੀਏ ਨਾਲ ਮੇਲ ਨਹੀਂ ਖਾਂਦੀ ਸੀ। ਤਿਆਗ ਦੀ ਇਜ਼ਾਜਤ ਅਤੇ ਕੋਡਾਂ ਦਾ ਵਿਸਤਾਰ ਉਸ ਦੇ ਵਿਰੁੱਧ ਸਨ। ਫਲਸਰੂਪ ਪੋਪ ਨਾਲ ਲੜਾਈ ਜਾਰੀ ਰਹੀ।

## ਨੈਪੋਲੀਅਨ ਦੇ ਕੋਡ (1804-10)

ਨੈਪੋਲੀਅਨ ਦੀਆਂ ਪ੍ਰਾਪਤੀਆਂ ਦਾ ਬਹੁਤ ਸਥਾਈ ਭਾਗ ਉਸ ਦੇ ਕੋਡ ਸਨ। ਨੈਪੋਲੀਅਨ ਨੇ ਸੈਂਟ ਹੈਲੀਨਾ ਵਿਖੇ ਆਪ ਕਿਹਾ ਸੀ "ਮੇਰੀ ਵਾਸਤਵਿਕ ਸ਼ਾਨ 40 ਲੜਾਈਆਂ ਜਿੱਤਣ ਵਿਚ ਨਹੀਂ। ਪ੍ਰੰਤੂ ਜੋ ਕਦੇ ਮਿਟੇਗਾ ਨਹੀਂ, ਜੋ ਸਥਾਈ ਰਹੇਗਾ, ਉਹ ਮੇਰਾ ਸਿਵਲ ਕੋਡ ਹੈ", ਇਹ ਉਸ ਦੀ ਪ੍ਰਤਿਭਾ ਦਾ ਚਿਰਸਥਾਈ ਅਜੂਬਾ ਸੀ। ਕੋਡ ਬਣਾਉਣ ਦਾ ਕੰਮ ਨੈਪੋਲੀਅਨ ਨੇ ਸ਼ੁਰੂ ਕੀਤਾ। 1792 ਵਿਚ ਨੈਸ਼ਨਲ ਕਨਵੈਨਸ਼ਨ ਨੇ ਇਕ ਕਮੇਟੀ ਬਣਾਈ ਜਿਸ ਨੂੰ ਰੋਮਨ ਜਸਟੀਨੀਅਨ ਅਤੇ ਟਿਊਟਨੀ ਕਾਨੂੰਨ ਤੇ ਆਧਾਰਤ 366 ਸਥਾਨਿਕ ਕੋਡਾਂ ਦੇ ਛਾਂਟਣ ਦਾ ਕੰਮ ਸੌਂਪਿਆ ਗਿਆ। ਇਸ ਕਮੇ ਟੀ ਨੇ 774 ਅਨੁਛੇਦਾਂ (Articles) ਦਾ ਇਕ ਕੋਡ ਪੇਸ਼ ਕੀਤਾ। 1796 ਵਿਚ ਇਸ ਵਿਚ ਸੋਧ ਕਰਕੇ 1104 ਅਨੁਛੇਦ ਬਣਾਏ ਗਏ। ਨੈਪੋਲੀਅਨ ਨੇ ਸਿਵਲ ਕੋਡ ਤਿਆਰ ਕਰਨ ਲਈ ਚਾਰ ਵਕੀਲਾਂ (ਟ੍ਰਾਉਚਟ, ਪ੍ਰਰਟਾਲਿਸਟ, ਪ੍ਰੇਮਨਿਉ ਅਤੇ ਮੈਲਵਿਲੇ) ਨਿਯੁਕਤ ਕੀਤੇ। ਉਸ ਦੀ ਨਿੱਜੀ

ਆਗਿਆ ਵਿਚ ਉਸ ਨੂੰ ਤਿਆਰ ਕਰਨ ਵਿਚ 4 ਮਹੀਨੇ ਲੱਗੇ। (ਜਰਮਨੀ ਨੂੰ ਇਹ ਕਾਰਜ ਕਰਨ ਲਈ 15 ਸਾਲ ਦਾ ਸਮਾਂ ਲਗਿਆ ਸੀ)। ਮਾਰਚ 1804 ਵਿਚ ਜਾਰੀ ਕੀਤੇ ਕੋਡ ਅਨੁਸਾਰ ਪਰਿਵਾਰਕ ਜੀਵਨ ਦੇ ਦਰਜੇ ਨੂੰ ਬਰਕਰਾਰ ਰੱਖਿਆ ਗਿਆ ਅਤੇ ਪਰਿਵਾਰਿਕ ਢਾਂਚੇ ਵਿਚ ਰਾਜ ਦੀ ਸੱਤਾ ਨੂੰ ਲਾਗੂ ਕੀਤਾ ਗਿਆ। ਪਰਿਵਾਰ ਵੀ ਪੂਰੀ ਤਰ੍ਹਾਂ ਉਸ ਦੇ ਮੁੱਖੀ ਅਰਥਾਤ ਪਿਤਾ ਦੇ ਅਧੀਨ ਕੀਤਾ ਗਿਆ। ਉਹ ਆਪਣੇ ਬੱਚਿਆਂ ਤੋਂ ਪੂਰਣ ਆਗਿਆ ਪਾਲਣ ਦੀ ਮੰਗ ਕਰਦਾ ਸੀ ਅਤੇ ਅਲੜ ਲੜਕੇ ਨੂੰ 6 ਮਹੀਨੇ ਤਕ ਹਿਰਾਸਤ ਵਿਚ ਰਖ ਸਕਦਾ ਸੀ। ਉਹ 18 ਸਾਲ ਦੀ ਉਮਰ ਤਕ ਜਾਇਦਾਦ ਦੀ ਆਮਦਨ ਲੈ ਸਕਦਾ ਸੀ। ਵਿਆਹ ਲਈ ਪਿਤਾ ਦੀ ਮਨਜ਼ੂਰੀ ਜ਼ਰੂਰੀ ਸੀ। ਅਯੋਗ ਬੱਚੇ ਮਾਤਾ ਪਿਤਾ ਦੀ ਜਾਇਦਾਦ ਦੇ ਕਿਸੇ ਭਾਗ ਦੇ ਹੱਕਦਾਰ ਨਹੀਂ ਸਨ।

ਇਸਤਰੀ ਦਾ ਦਰਜਾ ਪੁਰਸ਼ ਨਾਲੋਂ ਘੱਟ ਸੀ। ਪਤਨੀ ਨੂੰ ਪਤੀ ਦੇ ਕੰਟਰੋਲ ਅਧੀਨ ਰਹਿਣਾ ਚਾਹੀਦਾ ਹੈ। ਉਸ ਅਨੁਸਾਰ ਬੱਚੇ ਪੈਦਾ ਕਰਨਾ ਇਸਤਰੀ ਦਾ ਮੁੱਖ ਕੰਮ ਸੀ। "ਫਰਿਸ਼ਤੇ ਨੇ ਈਵ ਨੂੰ ਪਤੀ ਦੀ ਆਗਿਆ ਪਾਲਣ ਲਈ ਕਿਹਾ ਪਤਨੀ ਪਤੀ ਦੀ ਆਗਿਆ ਤੋਂ ਬਿਨਾਂ ਜਾਇਦਾਦ ਖਰੀਦ ਜਾਂ ਵੇਚ ਨਹੀਂ ਸਕਦੀ ਸੀ, ਤਲਾਕ ਦੋਵਾਂ ਦੀ ਸਹਿਮਤੀ ਨਾਲ ਮਿਲ ਸਕਦਾ ਸੀ ਅਤੇ ਕਾਨੂੰਨੀ ਤੌਰ ਤੇ ਗੋਦ ਦੀ ਵੀ ਆਗਿਆ ਸੀ। "ਆਮ ਕਰਕੇ ਨੈਪੋਲੀਅਨ ਫਰਾਂਸ ਨੂੰ ਦਰਮਿਆਨੇ ਦਰਜੇ ਦਾ ਦੇਸ਼ ਜਿੱਥੇ ਨਿਰੰਕੁਸ਼ ਪਿਤਾ ਹੁਕਮ ਮੰਨਣ ਵਾਲੇ ਬੱਚਿਆਂ ਦੀ ਜਾਇਦਾਦ ਵਿਚ ਸਖਤ ਵੰਡ ਨਾ ਹੋਵੇ ਅਤੇ ਇਸਤਰੀ ਦੇ ਅਧਿਕਾਰ ਨਾ ਹੋਣ ਅਤੇ ਉਹ ਆਸ਼੍ਰਿਤ ਨਾ ਹੋਵੇ ਦੇਖਣਾ ਚਾਹੁੰਦਾ ਸੀ।" (ਫਿਸ਼ਰ, ਪੰਨਾ 927)। ਜ਼ਾਬਤਾ ਦੀਵਾਨੀ ਸੰਘਤਾ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਕਾਨੂੰਨੀ ਅਦਾਲਤਾਂ ਵੱਲੋਂ ਕੋਈ ਹੋਰ ਰਾਹ ਅਖਤਿਆਰ ਕਰਨ ਤੋਂ ਪਹਿਲਾਂ ਸਮਝੌਤੇ ਦਾ ਰਾਹ ਅਪਣਾਇਆ ਜਾਵੇ। ਸਿਵਿਲ ਕੋਡਾਂ ਤੋਂ ਇਲਾਵਾ ਤਿੰਨ ਹੋਰ ਨੈਪੋਲੀਅਨ ਕੋਡ ਵੀ ਸਨ ਅਰਥਾਤ ਫੌਜਦਾਰੀ ਦੰਡ ਕੋਡ ਬਣਾਏ ਗਏ, ਅਧਿਕਤਮ ਅਤੇ ਨਿਊਨਤਮ ਸਜ਼ਾਵਾਂ ਨਿਸ਼ਚਿਤ ਕੀਤੀਆਂ ਗਈਆਂ ਸਨ। ਸਜਾਏ ਮੌਤ, ਕੈਦ, ਉਮਰ ਭਰ ਲਈ ਦੇਸ਼ ਨਿਕਾਲੇ ਅਤੇ ਵਸਤਾਂ ਨੂੰ ਜ਼ਬਤ ਕਰਨ ਦਾ ਉਪਬੰਧ ਸੀ। ਸਿਆਸੀ ਅਪਰਾਧਾਂ ਲਈ ਸਜ਼ਾ ਵਧਾਉਣ ਦਾ ਉਪਬੰਧ ਸੀ। ਅਦਾਲਤਾਂ ਸਥਾਪਿਤ ਕੀਤੀਆਂ ਗਈਆਂ ਸਕਾਇਤਾਂ ਜਨਤਾ ਵਿਚ ਹੁੰਦੀਆਂ ਸਨ, ਵਕੀਲ ਕੀਤੇ ਜਾ ਸਕਦੇ ਸਨ ਅਤੇ ਜਿਊਰੀ ਦਾ ਪ੍ਰਬੰਧ ਸੀ ਭਾਵੇਂ ਜਿਊਰਰ ਪ੍ਰੀਫੈਕਟਾਂ ਦੁਆਰਾ ਨਾਮਜ਼ਦ ਕੀਤੇ ਜਾਂਦੇ ਸਨ। ਹੈਬੀਅਸ ਕਾਰਪਸ ਰਿਟ ਲਈ ਉਪਬੰਧ ਨਹੀਂ ਸੀ। ਉਸ ਨੇ ਲੋਕਾਂ ਨੂੰ ਜੀਵਨ ਕਰਜ ਖੇਤਰ ਲਈ ਠੰਢੀ, ਤਲਖ ਪ੍ਰੰਤੂ ਭਰਪੂਰ ਖੁਰਾਕ ਦਿੱਤੀ।

1808 ਵਿਚ ਜਾਰੀ ਕੀਤਾ ਕਮਰਸ਼ੀਅਲ ਕੋਡ ਵਪਾਰ, ਸਮੁੰਦਰੀ ਵਪਾਰ ਵਪਾਰੀਆਂ, ਦੀਵਾਲੀਆਪਨ, ਕਰਜ਼ਿਆਂ ਅਤੇ ਵਿਵਾਦ ਆਦਿ ਦੇ ਮਾਮਲਿਆਂ ਨੂੰ ਨਜਿੱਠਦਾ ਹੈ।

ਇਹ ਕਿਹਾ ਜਾਂਦਾ ਹੈ ਕਿ ਉਸ ਨੇ ਆਪਣੇ ਕੋਡਾਂ ਦੁਆਰਾ ਪੁਰਾਤਨ, ਫਰਾਂਸ ਨੂੰ ਨਵੀਨ ਫਰਾਂਸ ਵਿਚ ਬਦਲ ਦਿੱਤਾ। ਨੈਪੋਲੀਅਨ ਬੋਨਾਪਾਰਟ ਨੂੰ ਉਸ ਦੇ ਕੋਡਾਂ ਕਰਕੇ ਜਿਹੜੇ ਸੰਖੇਪ, ਸੰਗਠਿਤ ਸਪੱਸ਼ਟ ਅਮਲੀ, ਨਿਆਂ ਅਨੁਸਾਰੀ, ਉਦਾਰ ਅਤੇ ਧਰਮ ਨਿਰਪੇਖ ਸਨ, ਦੂਜੇ ਜਸਟੀਅਨ (ਇਕ ਰੋਮਨ ਸਮਰਾਟ) ਨਾਲ ਤਸਬੀਹ ਦਿੱਤੀ ਜਾਂਦੀ ਹੈ, ਉਹ ਆਮ ਸੂਝ ਅਤੇ ਤਜਰਬੇ ਅਧਾਰਿਤ ਸਨ ਉਹ ਪੂਰਨ ਤੌਰ ਤੇ ਰਾਸ਼ਟਰੀ ਕਿਸਮ ਦੇ ਸਨ ਅਤੇ ਉਨ੍ਹਾਂ ਨੇ ਇਕ ਸਭਿਅਕ ਸਮਾਜ ਦਾ ਢਾਂਚਾ ਕਾਇਮ ਕੀਤਾ, ਉਹਨਾਂ ਨੇ ਕ੍ਰਾਂਤੀਕਾਰੀ ਸਿਧਾਂਤ ਲਈ ਰਾਹ ਸਾਫ ਕੀਤਾ ਜਿਥੇ ਖੁਲ੍ਹ ਅਤੇ ਅਨੁਸ਼ਾਸਨ ਦਾ ਸੁਮੇਲ ਸੀ 'ਜਸਟੀਅਨ ਤੋਂ ਲੈ ਕੇ ਅੱਜ ਤਕ ਕਿਸੇ ਕਾਨੂੰਨਸਾਜ ਨੂੰ ਇੰਨੀ ਮਾਨਤਾ ਨਹੀਂ ਮਿਲੀ ਸੀ' (ਫਿਸ਼ਰ, ਪੰਨਾ 839)। "ਇਹ ਕੇਵਲ ਫਰਾਂਸ ਨੂੰ ਹੀ ਨਹੀਂ ਸਗੋਂ ਸਾਰੇ ਯੂਰਪ ਨੂੰ ਉਸ ਦੇ ਸ਼ ਦਾ ਸੰਖੇਪ ਪ੍ਰਾਸਪੈਕਟ ਪੇਸ਼ ਕਰਦਾ ਹੈ ਜਿਹੜਾ ਪਰਿਵਾਰਕ ਅਨੁਸ਼ਾਸਨ ਅਤੇ ਨਿੱਜੀ ਮਾਲਕੀ

ਦੀ ਚਿਰਕਾਲੀ ਰਵਾਇਤ ਦਾ ਧਾਰਨੀ ਹੈ ਐਪਰ ਉਸ ਦੇ ਨਾਲ ਨਾਲ ਉਦਾਰਕ੍ਰਾਂਤੀ ਦੇ ਰਸਿਕ ਫਲ ਵੀ ਦਿੰਦਾ ਹੈ। (ਫਿਸ਼ਰ, ਪੰਨਾ 226)। ਜਿੱਤਾਂ ਦੀ ਅਟੁੱਟ ਲੜੀ ਨੇ ਉਸ ਅੰਦਰ ਇਕ ਖਾਹਿਸ ਉਤਪੰਨ ਕਰ ਦਿੱਤੀ ਕਿ ਉਹ ਆਪਣੇ ਕੋਡਾਂ ਦਾ ਵੱਡਾ ਨੁਕਸ ਉਹਨਾਂ ਦੀ ਲੋੜ ਤੋਂ ਵੱਧ ਸਫਲਤਾ ਸੀ। ਭਾਵੇਂ ਕੋਡ ਪ੍ਰਤਿਕ੍ਰਿਆਵਾਦੀ ਸਨ ਐਪਰ ਉਨ੍ਹਾਂ ਵਿਚ ਉਦਾਰਤਾ ਸੀ। ਕੋਡਾਂ ਦੇ ਅੰਤ੍ਰੀਵ ਭਾਵ ਉਦਾਰ ਫਿਲਾਸਫੀ ਦਾ ਵਿਰੋਧ ਕਰਦੇ ਸਨ ਕਿਉਂ ਜੋ ਉਹ ਇਸ ਅਸੂਲ ਨੂੰ ਸਮਰਪਿਤ ਨਹੀਂ ਸਨ ਕਿ ਖੁਲ੍ਹ ਦੇ ਹਿੱਤਾਂ ਨੂੰ ਮੁੱਖ ਰਖਦਿਆਂ ਸਰਕਾਰ ਨੂੰ ਸੀਮਤ ਕਰਨਾ ਚਾਹੀਦਾ ਹੈ ਸਗੋਂ ਇਹ ਕਿ ਸਰਕਾਰ ਦੇ ਹਿੱਤ ਨੂੰ ਮੁੱਖ ਰਖਦਿਆਂ ਖੁਲ੍ਹ ਸੀਮਿਤ ਕਰਨੀ ਚਾਹੀਦੀ ਹੈ" (ਬਰਨ, ਪੰਨਾ 20)। ਇਹ ਕੋਡ ਨਿਵਾਰਣ ਸੰਬੰਧੀ ਸੁਸਤ, ਮਹਿੰਗੀ ਅਤੇ ਕਠਨ ਕਾਰਜ ਵਿੱਧੀ ਚਾਲੂ ਕਰਦੇ ਸਨ ਇਸ ਲਈ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਸਨ। ਉਸ ਦੇ ਕਾਨੂੰਨ ਵਰਕਰਾਂ ਦੀ ਨਵੀਂ ਪੋਦ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕੇ ਇਨ੍ਹਾਂ ਨੂੰ ਆਪਣੇ ਲਾਭ ਲਈ ਇਕ ਸੰਸਥਾ ਦੇ ਰੂਪ ਵਿਚ ਇਕੱਠੇ ਹੋ ਕੇ ਸੰਘਰਸ਼ ਕਰਨ ਦੀ ਮਨਾਹੀ ਸੀ ਅਤੇ ਨਾ ਹੀ ਰਾਜ ਬੇਰੋਜਗਾਰੀ ਸੰਬੰਧੀ ਕੋਈ ਜ਼ਿੰਮੇਵਾਰੀ ਲਈ ਤਿਆਰ ਸੀ।

## ਸਿੱਖਿਆ ਵਿਚ ਸੁਧਾਰ

ਨੈਪੋਲੀਅਨ ਦਾ ਪ੍ਰਸਿੱਧ ਕਥਨ "ਜੋ ਤੁਸੀ ਸਿੱਖਿਆ ਦੀ ਸਮੱਸਿਆ ਹਲ ਕਰ ਲਵੋਗੇ ਤਾਂ ਸਿੱਖਿਆ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਹੱਲ ਕਰ ਦੇਵੇਗੀ", ਇਕ ਸਰਬ ਵਿਆਪਕ ਸਚਾਈ ਹੈ। ਉਸ ਨੇ ਸਿੱਖਿਆ ਨੂੰ ਰਾਜ ਦਾ ਵਿਸ਼ਾ ਬਣਾਇਆ। ਉਸ ਨੇ ਸ਼ਾਸਨ ਕਾਲ ਵਿਚ ਸਿੱਖਿਆ ਦੀ ਇੱਕ ਰਾਸ਼ਟਰੀ ਅਤੇ ਦਰਜੇਬੰਧ ਪ੍ਰਣਾਲੀ ਸਥਾਪਿਤ ਹੋਈ। ਹਰ ਕਮਿਊਨ ਦੇ ਮੁੱਢਲੇ ਸਕੂਲ ਸਨ ਜਿਹਨਾਂ ਦੀ ਨਿਗਰਾਨੀ ਪਰਫੈਕਟ ਅਤੇ ਉਪ-ਪਰਫੈਕਟ ਕਰਦੇ ਸਨ। ਫਰਾਂਸੀਸੀ, ਲਾਤੀਨੀ ਅਤੇ ਮੁੱਢਲੇ ਵਿਗਿਆਨਕ ਵਿਸ਼ਿਆਂ ਦੀ ਵਿਸ਼ੇਸ਼ ਸਿਖਲਾਈ ਲਈ ਕੇਂਦਰੀ ਸਰਕਾਰ ਦੇ ਕੰਟਰੋਲ ਅਧੀਨ ਗਰੈਮਰ ਸਕੂਲ ਖੋਲ੍ਹੇ ਗਏ। ਸ਼ਹਿਰਾਂ ਵਿਚ ਹਾਈ ਸਕੂਲ ਅਤੇ ਅਧਿਆਪਕ ਸਿਖਲਾਈ ਸੰਸਥਾਵਾਂ, ਜਿਸ ਨੂੰ ਲਾਇਸੈਸ (Lyces) ਕਿਹਾ ਜਾਂਦਾ ਸੀ, ਸਥਾਪਿਤ ਕੀਤੀਆਂ ਗਈਆਂ। ਪੈਰਿਸ ਵਿਚ ਇਸ ਮੰਤਵ ਲਈ ਨਾਰਮਲ ਸਕੂਲ ਸੀ। ਪਿਆਰ ਵਿਚ ਇਕਸਾਰਤਾ ਲਿਆਉਣ ਲਈ ਫਰਾਂਸ ਯੂਨੀਵਰਸਿਟੀ ਜਿਹੜੀ ਸਥਾਨਿਕ ਅਕਾਦਮੀਆਂ ਵਿਚ ਵੰਡੀ ਹੋਈ ਸੀ 1808 ਵਿਚ ਸਥਾਪਿਤ ਕੀਤੀ ਗਈ। ਆਮ ਹਦਾਇਤਾਂ ਤੋਂ ਇਲਾਵਾ ਅਧਿਐਨ ਦੇ ਵਿਸ਼ੇ ਵਫਾਦਾਰੀ, ਦੇਸ਼ ਭਗਤੀ ਅਤੇ ਆਗਿਆ ਪਾਲਣ ਸਨ। ਲੜਕੀਆਂ ਦੀ ਸਿੱਖਿਆ ਲਈ ਬੋਨਾਪਾਰਟ ਇਸ ਗੱਲ ਤੇ ਦ੍ਰਿੜ੍ਹ ਸੀ। "ਮੈਂ ਮਰਦਾਂ ਵਰਗੀਆਂ ਇਸਤਰੀਆਂ ਅਤੇ ਇਸਤਰੀਆਂ ਵਰਗੇ ਮਰਦਾਂ ਨੂੰ ਪਸੰਦ ਨਹੀਂ ਕਰਦਾ। ਸੰਸਾਰ ਵਿਚ ਹਰ ਕਿਸੇ ਨੂੰ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ। ਮੈਨੂੰ ਚੰਗੀ ਮਾਤਾ ਦਿਉ, ਮੈਂ ਤੁਹਾਨੂੰ ਇਕ ਵਧੀਆ ਕੌਮ ਦੇਵਾਂਗਾ", ਉਸ ਨੇ 1805 ਵਿਚ ਕਿਹਾ ਸੀ।

## ਹੋਰ ਸੁਧਾਰ

ਸਦੀਵੀ ਕਿਸਮ ਦੇ ਬਹੁਹਿਤਕਾਰੀ ਸੁਧਾਰਾਂ ਤੋਂ ਇਲਾਵਾ ਬੋਨਾਪਾਰਟ ਨੇ ਪਹਿਲੇ ਕੌਂਸਲ ਅਤੇ ਸਮਰਾਟ ਵਜੋਂ ਕਲਾਕਾਰਾਂ ਦੀ ਸਰਪ੍ਰਸਤੀ ਕੀਤੀ। "ਉਸ ਨੇ ਪ੍ਰਤਿਭਾ ਵਾਲੇ ਲੋਕਾਂ ਲਈ ਤਰੱਕੀ ਦੇ ਮੌਕੇ ਪ੍ਰਦਾਨ ਕੀਤੇ। ਸਤਾਰਾਂ ਆਦਮੀ ਆਮ ਸਿਪਾਹੀ ਦੇ ਪਦ ਤੋਂ ਤਰੱਕੀ ਕਰਕੇ ਮਾਰਸ਼ਲ ਜਨਰਲ ਅਤੇ ਡਿਊਕ ਦੇ ਅਹੁੱਦਿਆਂ ਤੱਕ ਪਹੁੰਚੇ। ਸਨਮਾਨ ਤਗਮੇਂ ਦਿੰਦੇ ਸਮੇਂ ਪਰਿਵਾਰਕ ਦਰਜੇ ਨੂੰ ਨਹੀਂ ਸਗੋਂ ਵਿਅਕਤੀਗਤ ਬਹਾਦਰੀ ਨੂੰ ਧਿਆਨ ਵਿਚ ਰੱਖਿਆ ਜਾਂਦਾ ਸੀ। ਉਸ ਦੇ ਰਿਬਨ (ਮੈਡਲਾਂ ਦੇ) ਜਿਨ੍ਹਾਂ ਨੂੰ ਸ਼ੁਰੂ ਵਿਚ ਬੱਚਿਆਂ ਦੇ ਖਿਲੌਣੇ ਆਖਿਆ ਜਾਂਦਾ ਸੀ ਉਸ ਦੇ ਸਮੇਂ ਵਿਚ ਹੀ ਫਰਾਂਸ

ਦੇ ਸਨਮਾਨਿਤ ਸਜਾਵਟੀ ਚਿੰਨ੍ਹਾਂ ਦਾ ਰੂਪ ਧਾਰਨ ਕਰ ਗਏ। ਉਸ ਨੇ ਅਸਾਧਾਰਣ ਯੋਗਤਾਵਾਂ ਵਾਲੇ ਵਿਅਕਤੀਆਂ ਨੂੰ ਆਪਣੇ ਸਹਿਯੋਗੀ ਬਣਾਇਆ ਜਿਨ੍ਹਾਂ ਨੇ ਸਮਰਾਟ ਅਤੇ ਕੌਮ ਦੀ ਤਨੋ ਮਨੋ ਸੇਵਾ ਕੀਤੀ। ਪੈਰਿਸ ਨੂੰ ਸੁੰਦਰ ਬਣਾ ਦਿੱਤਾ ਅਤੇ ਸਾਰੇ ਫਰਾਂਸ ਵਿਚ ਸੜਕਾਂ ਨਹਿਰਾਂ ਅਤੇ ਪੁਲਾਂ ਦਾ ਜਾਲ ਵਿਛਾ ਦਿੱਤਾ। ਆਰਕ ਡੀ ਟਰਾਇੰਫ ਆਫ ਵਿਕਟਰੀ 50 ਮੀਟਰ ਉੱਚੀ ਅਤੇ 45 ਮੀਟਰ ਚੌੜੀ ਸੀ ਜਿਸ ਨੇ ਨਿਰਮਾਣ ਵਿਚ 30 ਸਾਲ ਲੱਗੇ ਦੀ ਉਸਾਰੀ ਦਾ ਕੰਮ 1806 ਵਿਚ ਆਰੰਭ ਹੋ ਗਿਆ ਸੀ। ਦੋ ਟਰਾਂਸਲਪਾਈਨ ਸੜਕਾਂ ਜੋ ਪੈਰਿਸ ਨੂੰ ਤੁਰਿਨ, ਮਿਲਾਨ, ਰੋਮ ਅਤੇ ਨੇਪਲਜ਼ ਨਾਲ ਮਿਲਾਉਂਦੀਆਂ ਸਨ ਅਤੇ ਹੋਰ ਸੜਕਾਂ ਜਿਹੜੀਆਂ ਰਾਜਧਾਨੀ ਸਰਹੱਦਾਂ ਨਾਲ ਮਿਲਾਉਂਦੀਆਂ ਸਨ ਦੀ ਦੇਖ ਰੇਖ ਚੰਗੀ ਤਰ੍ਹਾਂ ਕੀਤੀ ਜਾਂਦੀ ਸੀ।

ਇਹ ਸਭ ਕੁਝ ਉਸ ਦੀ ਅਥਾਹ ਸ਼ਕਤੀ ਸਦਕਾ ਹੀ ਨੇਪਰੇ ਚੜ ਸਕਿਆ। ਇਨ੍ਹਾਂ ਸਾਰੀਆਂ ਕਲਪਨਾਯੋਗ ਸ਼ਾਖਾਵਾਂ ਵਿਚ ਉਸ ਦਾ ਵਿਅਕਤੀਤਵ ਦੀ ਛਾਪ ਅੰਕਿਤ ਸੀ। ਪਹਿਲੀ ਹਾਲਤ ਦੀ ਕੇਵਲ ਬਹਾਲੀ ਉਸ ਦੇ ਸੁਭਾਅ ਦੇ ਵਿਪਰੀਤ ਸੀ। ਉਸ ਦੇ ਵਿਚਾਰ ਗਤੀਸ਼ੀਲ ਸਨ। "ਸਿਵਿਲ ਪ੍ਰਬੰਧ ਲਈ ਲੋੜੀਂਦੇ ਹਰ ਗੁਣ ਕਲਪਨਾ ਅਤੇ ਪਹਿਲ, ਪ੍ਰੇਰਕ ਸ਼ਕਤੀ ਅਤੇ ਕੰਮ ਦੇ ਅੰਬਾਰਾਂ ਨੂੰ ਖਤਮ ਕਰਨ ਵਾਲੀ ਸੂਖਮ ਸ਼ਕਤੀ ਅਤੇ ਕੰਮ ਕਰਨ ਦੀ ਸਮਰੱਥਾ ਵਿਚ ਉਸ ਦਾ ਕੋਈ ਸਾਨੀ ਸੀ।" (ਫਿਸ਼ਰ)। ਸਾਊਥਾਗੇਟ ਦੇ ਅਨੁਸਾਰ, "ਨੈਪੋਲੀਅਨ ਇਕ ਵਿਜੇਤਾ ਨਾਲੋਂ ਵੱਧ ਸੀ। ਉਹ ਮਹਾਨ ਪ੍ਰਬੰਧਕ ਸੀ। ਉਸ ਨੇ ਫਰਾਂਸ ਦੀਆਂ ਪੁਰਾਤਨ ਸਮੱਸਿਆਵਾਂ ਨੂੰ ਹੱਲ ਕਰਨ ਦਾ ਮਾਣ ਪ੍ਰਾਪਤ ਕੀਤਾ, ਉਸ ਨੇ ਠੋਸ ਅਸੂਲਾਂ ਵਾਲੀ ਇਕ ਅਜਿਹੀ ਸਰਕਾਰ ਸਥਾਪਿਤ ਕੀਤੀ ਜਿਸ ਵਿਚ ਭ੍ਰਿਸ਼ਟਾਚਾਰ ਦਾ ਨਾਂ ਨਿਸ਼ਾਨ ਨਹੀਂ ਸੀ...... ਅੰਤ ਵਿਚ ਇਕ ਵਿਜੇਤਾ ਦੇ ਤੌਰ ਤੇ ਉਸ ਦੀਆਂ ਪ੍ਰਾਪਤੀਆਂ ਭਾਵੇਂ ਮਿਟ ਗਈਆਂ ਪਰ ਇਕ ਨਿਪੁੰਨ ਪ੍ਰਬੰਧਕ ਦੇ ਤੌਰ ਤੇ ਉਸ ਦੇ ਕਾਰਜ ਭੁਲਾਏ ਜਾਣ ਯੋਗ ਨਹੀਂ ਸਨ ਅਤੇ ਅਜੋਕੀ ਫਰਾਂਸ ਪ੍ਰਣਾਲੀ ਦਾ ਬਹੁਤ ਕੁਝ ਉਸ ਦੀ ਅਮੁੱਲ ਦੇਣ ਹੈ।" (ਪੰਨਾ 42)

## ਅਧਿਐਨ ਯੋਗ ਪੁਸਤਕਾਂ

1. ਐਂਡਰੋ ਕੋਮੀਡੇ, *'ਨੈਪੋਲੀਅਨ ਬੋਨਾਪਾਰਟ'*
2. ਫੀਲੈਕਸ ਮਾਰਖਮ, *'ਨੈਪੋਲੀਅਨ'*
3. ਫਿਸ਼ਰ, *'ਏ ਹਿਸਟਰੀ ਆਫ ਯੂਰਪ'* (ਪੇਪਰਬੈਕ ਐਡੀਸ਼ਨ, ਪੰਨੇ 922–933)
4. ਲਿਓ ਗਰਸ਼ਾਏ, *'ਦੀ ਫ੍ਰੈਂਚ ਰੈਵੋਲਿਊਸ਼ਨ ਐਂਡ ਨੈਪੋਲੀਅਨ'*
5. ਸੀ. ਡੀ. ਹੇਜ਼ਨ, *'ਮਾਡਰਨ ਯੂਰਪ'*, ਪੰਨੇ, 175–185
6. ਸਾਊਥਗੇਟ, *'ਏ ਸ਼ਾਰਟ ਯੂਰਪੀਅਨ ਹਿਸਟਰੀ'*, ਪੰਨੇ 40–42
7. ਲਾਜ, *'ਮਾਡਰਨ ਯੂਰਪ'*
8. ਕੈਟਲਬੀ, *'ਏ ਹਿਸਟਰੀ ਆਫ ਮਾਡਰਨ ਟਾਈਮਜ਼'*, ਪੰਨੇ 93–114
9. ਏ. ਸੀ. ਅਰੋੜਾ, *'ਵਿਸ਼ਵ ਦਾ ਇਤਿਹਾਸ' (1500–1960)'*

## ਵਿਦਿਆਰਥੀ ਦੇ ਅਭਿਆਸ ਲਈ ਪ੍ਰਸ਼ਨ

1. **ਨੈਪੋਲੀਅਨ ਦੇ ਪਹਿਲੇ ਕੌਂਸਲ ਬਣਨ ਤੋਂ ਬਾਅਦ ਕੀਤੇ ਸੁਧਾਰਾਂ ਦਾ ਵਰਨਣ ਕਰੋ।**
2. **ਨੈਪੋਲੀਅਨ ਦੇ ਕੋਡਜ਼** (codes) **ਦਾ ਵਰਨਣ ਕਰੋ।**

ਪਾਠ ਨੰਬਰ : 2.3

# ਕਾਂਟੀਨੈਂਟਲ ਸਿਸਟਮ (Continental System)
# (ਕਾਰਣ, ਅਰਥ, ਡਿਕਰੀਆਂ ਕੌਂਸਲ ਦੇ ਆਦੇਸ਼, ਫਰਾਂਸ ਇੰਗਲੈਂਡ ਅਤੇ ਹੋਰ ਯੂਰਪੀ ਦੇਸ਼ਾਂ ਤੇ ਪ੍ਰਭਾਵ)

## ਅਰਥ (Meaning)

ਨੈਪੋਲੀਅਨ ਬੋਨਾਪਰਟ ਨੇ 'ਕਾਂਟੀਨੈਂਟਲ ਸਿਸਟਮ' ਉਸ ਨੀਤੀ ਲਈ ਵਰਤਿਆ ਹੈ ਜਿਸ ਰਾਹੀਂ ਉਸ ਦੀ ਮਨਸ਼ਾ ਇੰਗਲੈਂਡ ਨੂੰ ਆਰਥਿਕ ਤੌਰ ਤੇ ਦਬਾਉਣ ਅਤੇ ਤਬਾਹ ਕਰਨ ਦੀ ਸੀ। ਉਸ ਦੇ ਵਿਚਾਰ ਅਨੁਸਾਰ ਅੰਗਰੇਜ਼ 'ਦੁਕਾਨਦਾਰਾਂ ਦੀ ਕੌਮ ਸੀ' ਜਿਨ੍ਹਾਂ ਦੀ ਤਰੱਕੀ ਵਪਾਰ ਤੇ ਨਿਰਭਰ ਕਰਦੀ ਸੀ। ਉਨ੍ਹਾਂ ਦੇ ਕਾਰਖਾਨਿਆਂ ਦਾ ਉਤਪਾਦਨ ਸਾਰੇ ਸੰਸਾਰ ਵਿਚ ਜਾਂਦਾ ਸੀ ਉਨ੍ਹਾਂ ਦੀ ਦੌਲਤ ਅਤੇ ਤਾਕਤ ਉਸ ਵਪਾਰ ਤੇ ਆਧਾਰਤ ਹੈ, ਜਿਹੜਾ ਸਮੁੰਦਰੀ ਜ਼ਹਾਜ਼ਾਂ ਰਾਹੀਂ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਵਪਾਰੀਆਂ ਤੇ ਵੀ ਨਿਰਭਰ ਕਰਦਾ ਹੈ ਜਿਹੜੇ ਆਪਣੇ ਤਿਆਰ ਮਾਲ ਨਾਲ ਦੂਜੇ ਦੇਸ਼ਾਂ ਦਾ ਚੱਕਰ ਲਾਉਂਦੇ ਹਨ। ਜੇਕਰ ਮੈਂ ਇਸ ਵਪਾਰ ਨੂੰ ਰੋਕਣ ਵਿਚ ਸਫਲ ਹੋ ਜਾਵਾਂ ਅਤੇ ਇਹ ਮੰਡੀ ਬੰਦ ਕਰ ਦੇਵਾਂ ਤਾਂ ਉਸ ਦੀ ਖੁਸ਼ਹਾਲੀ ਆਪਣੇ ਆਪ ਖ਼ਤਮ ਹੋ ਜਾਵੇਗੀ। ਇੰਗਲੈਂਡ ਤੇ ਹਮਲਾ ਉਸ ਦੇ ਵਪਾਰ ਰਾਹੀਂ ਹੀ ਕਰਨਾ ਚਾਹੀਦਾ ਹੈ, ਤਾਂ ਜੋ ਉਸ ਦਾ ਮੁਨਾਫਾ ਯੂਰਪ ਵਿਚ ਹੀ ਰਹੇ। ਏਸ਼ੀਆ ਅਤੇ ਅਮਰੀਕਾ ਉਸ ਨੂੰ ਸਹਿਯੋਗ ਦੇਣਾ ਬੰਦ ਕਰ ਦੇਣ ਅਤੇ ਇਸ ਤਰ੍ਹਾਂ ਝਗੜੇ ਅਤੇ ਜੰਗਾਂ ਲਾਜ਼ਮੀ ਹੋ ਜਾਣਗੀਆਂ। ਬ੍ਰਿਟਿਸ਼ ਕਾਮਰਸ ਨੂੰ ਤਬਾਹ ਕਰਨਾ ਉਸ ਦੇ ਦਿਲ ਤੇ ਵਾਰ ਕਰਨਾ ਸੀ, ਇਹ ਗੱਲ ਉਸ ਦੇ ਵਿਚਾਰ ਦਾ ਧੁਰਾ ਸੀ। ਇਸ ਲਈ ਉਸ ਨੇ ਇਕ ਤਿਲਕਵੇਂ ਅਤੇ ਵਿਰਾਟ ਦੁਸ਼ਮਣ ਵਿਰੁੱਧ ਆਰਥਿਕ ਯੁੱਧ ਕਰਨ ਦਾ ਪੱਕਾ ਇਰਾਦਾ ਕਰ ਲਿਆ। "ਉਸ ਦਾ ਵਿਸ਼ਵਾਸ ਸੀ ਕਿ ਕਾਮਰਸ ਤੋਂ ਇਕ ਰਜਮੈਂਟ ਵਾਲਾ ਕੰਮ ਲਿਆ ਜਾ ਸਕਦਾ ਹੈ ਅਤੇ ਉਸ ਦੇ ਕੰਟਰੋਲ ਅਧੀਨ ਯੂਰਪ ਦੇ ਸਾਰੇ ਭਾਗਾਂ ਸਹਿਤ, ਦੁਕਾਨਦਾਰਾਂ ਦੀ ਕੌਮ ਨੂੰ ਸਬਕ ਸਿਖਾਇਆ ਜਾ ਸਕਦਾ ਹੈ।" (ਵਿਲੀਅਮਸਨ, ਫਰਾਂਸ ਦਾ ਵਿਕਾਸ, ਪੰਨਾ 336)। ਜੇਕਰ ਉਹ ਕਾਂਟੀਨੈਂਟਲ ਰੋਦਾਂ ਦੁਆਰਾ ਟਾਪੂ ਨੂੰ ਪੂਰੀ ਤਰ੍ਹਾਂ ਬੰਦ ਕਰਨ ਵਿਚ ਸਫਲ ਹੋ ਗਿਆ ਤਾਂ ਨਿਰਮਾਣਕਾਰਾਂ ਨੂੰ ਆਪਣੀਆਂ ਫੈਕਟਰੀਆਂ ਬੰਦ ਕਰਨੀਆਂ ਪੈਣਗੀਆਂ ਅਤੇ ਉਨ੍ਹਾਂ ਦੇ ਕਾਮਿਆਂ ਦਾ ਰੋਜ਼ਗਾਰ ਬੰਦ ਹੋ ਜਾਵੇਗਾ, ਘੋਰ ਤਬਾਹੀ ਤੋਂ ਬਚਣ ਲਈ ਇਸ ਦੇ ਫਲਸਰੂਪ ਉਦਯੋਗ ਕਮਰਸ਼ੀਅਲ ਅਤੇ ਮਜ਼ਦੂਰ ਸ਼੍ਰੇਣੀਆਂ ਆਪਣੀ ਸਰਕਾਰ ਵਿਰੁੱਧ ਵਿਦਰੋਹ ਕਰਨਗੀਆਂ ਅਤੇ ਉਸ ਨੂੰ ਇਸ ਗੱਲ ਤੇ ਮਜ਼ਬੂਰ ਕਰ ਦੇਣਗੀਆਂ ਕਿ ਉਹ ਫਰਾਂਸ ਨਾਲ ਮਿੱਤਰਤਾ ਸਥਾਪਿਤ ਕਰੇਅਤੇ ਜਿਹੜਾ ਇੰਗਲੈਂਡ ਨੂੰ ਜਿੱਤ ਲਵੇਗਾ ਸਾਰਾ ਯੂਰਪ ਉਸ ਦੇ ਅਧੀਨ ਹੋ ਜਾਵੇਗਾ।

## ਹਾਲਾਤ ਦੇ ਕਾਰਣ

ਸਰਗਰਮ ਟਾਪੂਵਾਸੀਆਂ ਨੂੰ ਹਰਾਉਣਾ ਰਾਸ਼ਟਰੀ ਕਨਵੈਨਸ਼ਨ, ਡਾਇਰੈਕਟਰੀ, ਕੈਂਸੁਲੇਟ ਅਤੇ ਸਮਰਾਟ ਲਈ ਬਹੁਤ ਮਹੱਤਵਪੂਰਣ ਕਾਰਜ ਦਾ ਰੂਪ ਧਾਰਨ ਕਰ ਲਿਆ ਸੀ। ਕ੍ਰਾਂਤੀਕਾਰੀ ਫਰਾਂਸ 1793

ਵਿਚ ਬਣੀ ਪਹਿਲੇ ਗਠਜੋੜ (Coalition) ਨੂੰ ਤੋੜਨ ਵਿਚ ਸਫਲ ਹੋ ਗਿਆ ਸੀ, ਇਸ ਗਠਜੋੜ ਵਿਚ ਇੰਗਲੈਂਡ ਵੀ ਸੀ ਜਿਹੜਾ 1794 ਵਿਚ ਪੂਰਾ ਸ਼ਕਤੀਸ਼ਾਲੀ ਸੀ।

ਜਦੋਂ ਨੈਪੋਲੀਅਨ ਮਿਸਰ ਵਿਚ ਰੁਝਾ ਹੋਇਆ ਸੀ ਤਾਂ ਇੰਗਲੈਂਡ ਆਸਟਰੀਆ, ਤੁਰਕੀ ਅਤੇ ਰੂਸ ਨੇ ਦੂਜਾ ਗਠਜੋੜ ਲਿਆ, ਪਰ ਇਸ ਦਾ ਵੀ ਉਹੀ ਹਸ਼ਰ ਹੋਇਆ ਜਿਵੇਂ ਕਿ ਇੰਗਲੈਂਡ ਦੇ ਪਹਿਲੇ ਤਿੰਨ ਮਿੱਤਰ ਦੇਸ਼ ਇਕ ਇਕ ਕਰਕੇ ਸਾਥ ਛੱਡ ਗਏ ਸਨ। ਇਕ ਵਾਰ ਫੇਰ ਇੰਗਲੈਂਡ ਇਕੱਲਾ ਰਹਿ ਗਿਆ ਅਤੇ ਇਸ ਨਾਲ ਨੈਪੋਲੀਅਨ ਨੇ 27 ਮਾਰਚ, 1802 ਨੂੰ ਅਮੀਨ ਦੀ ਅਮਨ ਸੰਧੀ ਅਤੇ 17 ਮਈ, 1803 ਨੂੰ ਇਸ ਨੂੰ ਨਵਿਆਇਆ ਗਿਆ। ਛੋਟੇ ਪਿੱਟ ਨੇ ਪੁਰਸ਼ੀਆ, ਆਸਟਰੀਆ ਅਤੇ ਸਵੀਡਨ ਨਾਲ ਨੈਪੋਲੀਅਨ (ਹੁਣ ਸਮਰਾਟ) ਵਿਰੁੱਧ ਤੀਜੀ ਕੁਲੀਸ਼ਨ ਬਣਾਈ, ਜਿਸ ਨੇ ਇੰਗਲੈਂਡ ਤੇ ਹਮਲਾ ਕਰਨ ਦੀ ਇਕ ਸ਼ਾਨਦਾਰ ਸਕੀਮ ਤਿਆਰ ਕੀਤੀ। ਐਪਰ ਉਹ ਸਮੁੰਦਰ ਵਿਚਕਾਰ ਬਣੀ ਸਿਲਵਰ ਸਟਰੀਕ (Silver Streak) ਕਰਕੇ ਬਹੁਤ ਬੁਰੀ ਤਰ੍ਹਾਂ ਅਸਫਲ ਰਹੀ ਅਤੇ ਉਹ ਟਾਪੂ ਨੂੰ ਛੋਹ ਨਾ ਸਕਿਆ। ਫਰਾਂਸੀਸੀ ਸਮੁੰਦਰੀ ਫੌਜ ਨੂੰ ਟਰਾਫਾਲਗਰ ਵਿਖੇ 21 ਅਕਤੂਬਰ, 1805 ਨੂੰ ਹੋਈ ਹਾਰ ਕਰਕੇ ਨੈਪੋਲੀਅਨ ਨੂੰ ਕਾਂਟੀਨੈਂਟਲ ਸਿਸਟਮ ਬਾਰੇ ਯਕੀਨ ਹੋ ਗਿਆ ਉਸ ਨੇ ਸਪਸ਼ੱਟ ਤੌਰ ਤੇ ਇਹ ਗੱਲ ਸਵੀਕਾਰ ਕੀਤੀ ਕਿ ਪੈਰਿਸ ਤੋਂ ਦਿੱਲੀ ਫੌਜਾਂ ਭੇਜਣੀਆਂ ਬਲੋਗਨੀ ਤੋਂ ਫੌਲਕਸਟੋਨ ਫੌਜਾਂ ਭੇਜਣ ਨਾਲੋਂ ਆਸਾਨ ਹੈ। ਇੰਗਲੈਂਡ ਵਿਰੁੱਧ ਬਲਾਕੇਡ ਹੀ ਉਸ ਲਈ ਕੇ ਵਲ ਇਕੋ ਇਕ ਰਾਹ ਸੀ। ਉਸ ਨੂੰ ਦੂਜੀਆਂ ਕੁਲੀਸ਼ਨਾਂ ਨੂੰ ਉਲਮ, ਆਸਟਰਲਿਟਜ ਜੈਨਾ ਅਤੇ ਫਰੀਡਲੈਂਡ ਦੀਆਂ ਲੜਾਈਆਂ ਦੁਆਰਾ ਭੰਗ ਕਰ ਦਿੱਤਾ ਅਤੇ ਬਾਦਸ਼ਾਹਾਂ ਅਤੇ ਸਮਰਾਟਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਆਪਣੀ ਤੇਜੱਸਵੀ ਸ਼ਖਸੀਅਤ ਨਾਲ ਬਹੁਤਾ ਪ੍ਰਭਾਵਿਤ ਕੀਤਾ। ਜ਼ਾਰ ਅਲੈਗਜੈਂਡਰ ਪਹਿਲਾ ਦਰਿਆ ਨੀਮੇਨ ਤੇ ਸ਼ਤੀਰੀਆ ਦੇ ਬੇੜੀ ਦੇ ਵਿਚ ਤੁਲ੍ਹੇ ਤੇ ਮਿਲੀਆਂ ਅਤੇ ਉਸ ਨਾਲ ਜੁਲਾਈ, 1807 ਨੂੰ ਟਿਲਸਿਟ ਦੀ ਸੰਧੀ ਕੀਤੀ। ਇਹ ਸਾਲ ਨੈਪੋਲੀਅਨ ਦੀ ਤਾਕਤ ਨੂੰ ਰੂਪਮਾਨ ਕਰਨ ਦਾ ਸਾਲ ਸੀ। ਸਾਰਾ ਮਹਾਂਦੀਪ ਉਸ ਦਾ ਸਿੱਕਾ ਮੰਨਦਾ ਸੀ ਅਤੇ ਉਸ ਦੇ ਆਦੇਸ਼ ਦਾ ਪਾਲਣ ਕਰਨ ਲਈ ਉਤਸੁਕ ਸੀ। ਇਹ ਉਹ ਸਮਾਂ ਸੀ ਜਦੋਂ ਉਸ ਨੇ ਇੰਗਲੈਂਡ ਦੇ ਵਿਰੁੱਧ ਆਪਣੇ ਕਾਂਟੀਨੈਂਟਲ ਬਲਾਕੇਡ ਨੂੰ ਅਮਲੀ ਰੂਪ ਦੇਣ ਦਾ ਅਤੇ ਇੰਗਲੈਂਡ ਨੂੰ ਖੁਸ਼ਕੀ ਦੇ ਰਸਤੇ ਜਿੱਤਣ ਦਾ ਨਿਸ਼ਚਾ ਕੀਤਾ। ਉਸ ਦੀ ਇਸ ਫੈਸਲਾਕੁੰਨ ਸਰਗਰਮੀ ਵਿਚ ਸਮੁੱਚਾ ਕਾਂਟੀਨੈਂਟ ਉਸ ਦੀ ਟਾਪੂ ਦੇਸ਼ ਵਿਰੁੱਧ ਅਦਭੁਤ ਲੜਾਈ ਵਿਚ ਸ਼ਾਮਲ ਹੋਇਆ ਇਸ ਨੂੰ ਹਾਥੀ ਅਤੇ ਵੇਲ ਮੱਛੀ ਦੀ ਲੜਾਈ ਦਾ ਨਾਂ ਦਿੱਤਾ ਗਿਆ।

## ਕੀ ਉਹ ਇਸ ਸਕੀਮ ਦਾ ਅਸਲੀ ਜਨਮਦਾਤਾ ਸੀ ?

ਸਮਰਾਟ ਨੈਪੋਲੀਅਨ ਇਸ ਸਕੀਮ ਦਾ ਜਨਮ ਦਾਤਾ ਨਹੀਂ ਸੀ। 1793 ਵਿਚ ਜਦੋਂ ਇੰਗਲੈਂਡ ਅਤੇ ਫਰਾਂਸ ਵਿਚ ਜੰਗ ਲੱਗੀ ਤਾਂ 1786 ਦੀ ਵਪਾਰਕ ਸੰਧੀ ਰੱਦ ਹੋ ਗਈ ਅਤੇ ਬਲਾਕੇਡ ਅਤੇ ਵਪਾਰ ਰੋਕ ਦੀਆਂ ਪੁਰਾਣੀਆਂ ਰਵਾਇਤਾਂ ਅਪਣਾਈਆਂ ਗਈਆਂ। ਰਾਸ਼ਟਰੀ ਕਨਵੈਨਸ਼ਨ ਨੇ ਬ੍ਰਿਟਿਸ਼ ਕਪਾਹ ਊਨੀ ਵਸਤਾਂ, ਲੋਹੇ ਅਤੇ ਸਟੀਲ ਦੀਆਂ ਬਣੀਆਂ ਵਸਤਾਂ ਅਤੇ ਖੰਡ ਮੰਗਵਾਉਣ ਵਿਰੁਧ ਸ਼ਖਤ ਡਿਕਟਰੀਆਂ ਜਾਰੀ ਕੀਤੀਆਂ। ਅੰਗਰੇਜ਼ਾਂ ਨੇ ਵੀ ਫਰਾਂਸੀਸੀ ਆਯਾਤ ਨੂੰ ਵਿਨਿਯਮ ਕੀਤਾ ਅਤੇ ਫਰਾਂਸ ਦੇ ਵਪਾਰ ਨੂੰ ਹਾਨੀ ਪਹੁੰਚਾਉਣ ਲਈ ਆਪਣੀ ਪ੍ਰਭੂਤਾ ਨੂੰ ਅਮਲ ਵਿਚ ਲਿਆਂਦਾ। ਜਦੋਂ 1799 ਵਿਚ ਨੈਪੋਲੀਅਨ ਦੇ ਹੱਥ ਸੱਤਾਂ ਆਈ ਤਾਂ ਸਮਰਾਟ ਨੇ ਇਕ ਵਿਸ਼ਾਲ ਸਕੀਮ ਦੀ ਤਜ਼ਵੀਜ਼ ਪੇਸ਼ ਕੀਤੀ ਟਰਾਫਾਲਗਰ ਨੇ ਇਸ ਮਾਮਲੇ ਤੇ ਰੋਕ ਲਾਈ ਅਤੇ ਨੈਪੋਲੀਅਨ ਨੇ ਜਿੱਤਣ ਦਾ ਦ੍ਰਿੜ੍ਹ ਸੰਕਲਪ ਕੀਤਾ। ਇਸ ਲਈ ਭਾਵੇਂ ਇਹ ਵਿਚਾਰ ਉਸ ਦਾ ਨਹੀਂ ਸੀ ਪਰ ਇਹ 1807–

14 ਤੱਕ ਦੇ ਸਮੇਂ ਪੇਚੀਦਾ ਅਤੇ ਅਸ਼ਾਂਤ ਇਤਿਹਾਸ ਵਿਚ ਦ੍ਰਿਸ਼ਟੀਗੋਚਰ ਹੋਣ ਵਾਲਾ ਕੇਂਦਰੀ ਧਾਗਾ ਰਿਹਾ। ਉਸ ਨੇ ਵਿਸ਼ਾਲਤਾ ਪ੍ਰਦਾਨ ਕਰਕੇ ਅਸਲੀ ਰੂਪ ਦਿੱਤਾ। ਹੁਣ ਆਰਥਿਕ ਜੰਗ ਵੱਡੇ ਪੈਮਾਨੇ ਤੇ ਲੜੀ ਜਾਣੀ ਸੀ (ਹੇਜ਼ਨ, ਪੰਨਾ 206)। ਹਾਲੈਂਡ ਅਤੇ ਸਪੇਨ ਨਾਲ ਉਸ ਦਾ ਮਿਲਟਰੀ ਸਮਝੌਤਾ ਸੀ ਅਤੇ ਕਾਂਟੀਨੈਂਟਲ ਬਲਾਕੇਡ ਨੂੰ ਲਾਗੂ ਕਰਨ ਲਈ ਯੂਰਪ ਤੇ ਕਾਫੀ ਕੰਟਰੋਲ ਸੀ। ਇਸ ਦੇ ਨਾਲ ਨਾਲ ਉਹ ਸਿਧਾਂਤਹੀਣ ਇੰਗਲੈਂਡ ਵਿਰੁੱਧ ਯੂਰਪ ਦੇ ਰੱਖਿਅਕ ਦਾ ਵੀ ਦਮ ਭਰਦਾ ਸੀ। ਇਟਲੀ ਤੋਂ ਲੈ ਕੇ ਅਲੀਵੀ (Elbe) ਤੱਕ ਉਹ ਅੰਗਰੇਜ਼ਾਂ ਦੇ ਮਾਲ ਦੀਆਂ ਬੰਦਰਗਾਹਾਂ ਨੂੰ ਬੰਦ ਕਰਨਾ ਚਾਹੁੰਦਾ ਸੀ, (ਕੈਟਲਬੀ, ਪੰਨਾ,119)। ਬ੍ਰਿਟੇਨ ਵਿਰੁੱਧ ਘੇਰਾ ਨੈਪੋਲੀਅਨ ਉਨ੍ਹਾਂ ਦੇ ਹਿੱਤਾਂ ਦੇ ਰਾਖੇ ਵਜੋਂ ਅੱਗੇ ਆਇਆ।

## ਉਸ ਦੇ ਵਿਚਾਰ ਦਾ ਆਧਾਰ

ਥਾਮਸਨ ਲਿਖਦਾ ਹੈ ਕਿ ਨੈਪੋਲੀਅਨ ਨਿਮਨ ਵਿਚਾਰਾਂ ਦਾ ਧਾਰਨੀ ਜਾਪਦਾ ਸੀ :

1. ਫਰਾਂਸ ਇਕ ਸਵੈਨਿਰਭਰ ਦੇਸ਼ ਹੈ ਜਿਹੜਾ ਆਪਣੀ ਪੈਦਾਵਾਰ ਤੇ ਜੀਵਨ ਨਿਰਬਾਹ ਕਰਦਾ ਹੈ। ਬ੍ਰਿਟਿਨ ਨਿਰਮਾਤਾ ਅਤੇ ਵਪਾਰਕ ਦੇਸ਼ ਹੈ, ਉਹ ਇਸ ਤਰੀਕੇ ਨਾਲ ਧਨ ਇਕੱਠਾ ਕਰਦਾ ਹੈ। ਜੇਕਰ ਇਸ ਦਾ ਵਪਾਰ ਬੰਦ ਕਰ ਦਿੱਤਾ ਜਾਵੇ ਤਾਂ ਇਸ ਦੀ ਆਮਦਨ ਖਤਮ ਹੋ ਜਾਵੇਗੀ, ਇਹ ਦੀਵਾਲੀਆ ਬਣ ਜਾਵੇਗਾ ਅਤੇ ਫਲਸਰੂਪ ਇਹ ਜੰਗ ਜਾਰੀ ਨਹੀਂ ਰਖ ਸਕੇਗਾ।

2. ਇੰਗਲੈਂਡ ਨੂੰ ਭਾਰੀ ਰਾਸ਼ਟਰੀ ਕਰਜ਼ੇ (1802 ਵਿਚ 507 ਮਿਲੀਅਨ) ਦੇ ਵਿਆਜ ਦੀ ਅਦਾਇਗੀ ਕਰਨ ਲਈ ਰਕਮ ਇਕੱਤਰ ਕਰਨ ਦੀ ਲੋੜ ਹੈ ਇਸ ਦੇ ਸੋਨੇ ਦੇ ਭੰਡਾਰ ਘੱਟ ਹੋ ਗਏ ਹਨ (1797 ਵਿਚ ਇਕ ਮਿਲੀਅਨ), ਜੇਕਰ ਇਸ ਦਾ ਨਿਰਯਾਤ ਬੰਦ ਕਰ ਦਿੱਤਾ ਜਾਵੇ ਤਾਂ ਇਹ ਇਕ ਖਤਰਨਾਕ ਹੱਦ ਤੱਕ ਘੱਟ ਜਾਣਗੇ, ਇਸ ਨੂੰ ਖੁਰਾਕ ਵਸਤਾਂ ਖਰੀਦਣੀਆਂ ਪੈਣਗੀਆਂ। ਇਸ ਦੇ ਸੋਨੇ ਦੇ ਭੰਡਾਰ ਸਮਾਪਤ ਹੋ ਜਾਣਗੇ ਅਤੇ ਇੰਗਲੈਂਡ ਦਾ ਕਰੈਡਿਟ ਸਿਸਟਮ ਤਬਾਹ ਹੋ ਜਾਵੇਗਾ।

3. ਇੰਗਲੈਂਡ ਬਾਦਸ਼ਾਹ ਅਤੇ ਰਈਸ ਤਬਕੇ, ਜ਼ਿੰਮੀਂਦਾਰਾਂ ਅਤੇ ਮਜ਼ਦੂਰਾਂ ਦੇ ਸਵੈ ਵਿਰੋਧੀ ਹਿੱਤਾਂ ਕਾਰਨ ਟੁੱਟ ਚੁੱਕਿਆ ਹੈ, ਵਪਾਰਕ ਦੀਵਾਲੀਆਪਨ, ਕਿਰਤ ਔਕੜਾਂ ਅਤੇ ਕੀਮਤਾਂ ਵਿਚ ਉਤਾਰ ਚੜਾ ਦਿੱਕਤ ਪੈਦਾ ਕਰ ਦੇਵੇਗਾ। ਅਜਿਹੀ ਹਾਲਤ ਵਿਚ ਵਿਦੇਸ਼ੀ ਮੰਡੀਆਂ ਦੇ ਬੰਦ ਹੋਣ ਨਾਲ ਵਪਾਰਕ ਦੀਵਾਲੀਅਪਨ ਬੇਰੋਜ਼ਗਾਰੀ ਅਤੇ ਸਿਆਸੀ ਬੇਚੈਨੀ ਪੈਦਾ ਹੋਵੇਗੀ ਅਤੇ ਇਹ ਹਾਲਾਤ ਸਰਕਾਰ ਨੂੰ ਅਮਨ ਲਈ ਗੱਲਬਾਤ ਕਰਨ ਤੇ ਮਜ਼ਬੂਰ ਕਰ ਦੇਣਗੇ (ਥਾਮਸਨ, ਪੰਨਾ 224-25)। "ਇੰਗਲੈਂਡ ਦੀ ਅਜਿਤਤਾ ਉਸ ਦੀ ਸਮੁੰਦਰੀ ਫੌਜ ਤੇ ਨਿਰਭਰ ਕਰਦੀ ਹੈ। ਆਪਣੇ ਵਪਾਰ ਦੁਆਰਾ ਇਕੱਤਰ ਕੀਤੀ ਮੁਨਾਫੇ ਦੀ ਰਕਮ ਨਾਲ ਉਸ ਨੇ ਸਮੁੰਦਰੀ ਜਹਾਜ਼ ਖਰੀਦੇ ਸਨ। ਜੇਕਰ ਉਸ ਦਾ ਵਪਾਰ ਖਤਮ ਹੋ ਜਾਂਦਾ ਹੈ ਤਾਂ ਉਹ ਆਪਣੀ ਸਮੁੰਦਰੀ ਸ਼ਕਤੀ ਨੂੰ ਬਰਕਰਾਰ ਨਹੀਂ ਰੱਖ ਸਕੇਗਾ, ਅਤੇ ਉਨ੍ਹਾਂ ਵਿਚ ਹੋਰ ਵਾਧਾ ਨਹੀਂ ਕਰ ਸਕੇਗਾ", ਗਰਸਾਏ। ਨੈਪੋਲੀਅਨ ਨੂੰ ਇੰਗਲੈਂਡ ਦੇ ਆਰਥਿਕ ਸਿਸਟਮ ਦੇ ਖੋਖਲੇਪਨ ਦਾ ਪੂਰਾ ਯਕੀਨ ਸੀ। ਚੀਜ਼ਾਂ ਦੇ ਬੇਲੋੜਾ ਨਿਰਮਾਣ ਦੇਸ਼ ਲਈ ਹਾਨੀਕਾਰਕ ਸਿੱਧ ਹੋਵੇਗਾ। ਬੋਨਾਪਾਰਟ ਨੇ ਅਕਤੂਬਰ, 1806 ਵਿਚ ਹਰਮਵਰਗ, ਬਰਮੈਨ ਅਤੇ ਲੂਬਕ ਤੇ ਕਬਜ਼ਾ ਕਰ ਲਿਆ ਅਤੇ ਬ੍ਰਿਟਿਸ਼ ਵਸਤਾਂ ਜ਼ਬਤ ਕਰ ਲਈਆਂ। ਇਨ੍ਹਾਂ ਸ਼ਹਿਰਾਂ ਤੋਂ ਚੀਜ਼ਾਂ ਯੂਰਪ ਨੂੰ ਭੇਜੀਆਂ ਜਾਂਦੀਆਂ ਸਨ : ਪ੍ਰੋ. ਲਾਜ (Lodge) ਲਿਖਦੇ ਹਨ, ਇਹ ਨੀਤੀ ਇਸ ਵਿਚਾਰ ਤੇ ਆਧਾਰਿਤ ਸੀ ਕਿ ਪਰਜਾ ਜਾਂ ਹਰ ਵਿਅਕਤੀ ਅਤੇ ਫਰਾਂਸ ਸਮਰਾਟ ਦਾ ਮਿੱਤਰ ਹਰ ਦੇਸ਼ ਆਪਣੇ ਪਦਾਰਥਕ ਹਿੱਤਾਂ ਨੂੰ ਕੁਰਬਾਨ ਕਰਨ ਲਈ ਤਿਆਰ ਸੀ ਤਾਂ ਜੋ ਉਹ ਉਸ ਕੰਮ ਤੋਂ ਆਪਣਾ ਬਦਲਾ ਲੈ

ਸਕੇ ਜਿਸ ਨੇ ਉਸ ਦੀ ਇੱਛਾ ਦਾ ਵਿਰੋਧ ਕਰਨ ਦੀ ਦਲੇਰੀ ਕੀਤੀ ਸੀ (ਪੰਨਾ 596)।

## ਨੈਪੋਲੀਅਨ ਦੀਆਂ ਡਿਕਰੀਆਂ

**ਬਰਲਿਨ ਡਿਕਰੀਆਂ :** ਕਾਂਟੀਨੈਂਟਲ ਸਿਸਟਮ ਨੂੰ ਲਾਗੂ ਕਰਨ ਦਾ ਆਰੰਭ ਕਾਰਲਟਨਬਰਗ ਦੇ ਕਿਲੇ ਤੋਂ 21 ਨਵੰਬਰ, 1806 ਨੂੰ ਜਾਰੀ ਕੀਤੀ ਬਰਲਿਨ ਡਿਕਰੀ ਨਾਲ ਹੋਇਆ। ਉਸ ਵਿਚ ਇਹ ਅੰਕਿਤ ਸੀ "ਇੰਗਲੈਂਡ ਦੀਆਂ ਸਤਾਂ ਦਾ ਅੱਗੇ ਤੋਂ ਬਲਾਕੇਡ ਕੀਤਾ ਜਾਂਦਾ ਹੈ। ਉਨ੍ਹਾਂ ਨਾਲ ਵਪਾਰ ਦੀ ਮਨਾਹੀ ਹੈ, ਅੰਗਰੇਜ਼ੀ ਵਿਚ ਲਿਖੇ ਪਤੇ ਵਾਲੇ ਪੱਤਰ ਅਤੇ ਪੈਕੇਜ ਜਬਤ ਕਰ ਲਏ ਜਾਣਗੇ ਅਤੇ ਇਸ ਤਰ੍ਹਾਂ ਇੰਗਲੈਂਡ ਦੀਆਂ ਵਸਤਾਂ ਵਾਲੇ ਹਰ ਸਟੋਰ, ਇੰਗਲੈਂਡ ਦੇ ਸਾਰੇ ਸਮੁੰਦਰੀ ਜਹਾਜ਼, ਜਿਨ੍ਹਾਂ ਤੇ ਅੰਗਰੇਜ਼ੀ ਕਾਲੋਨੀਆਂ ਵਿਚੋਂ ਲਿਆਂਦਾ ਮਾਲ ਲੱਦਿਆ ਹੋਵੇ ਨੂੰ ਯੂਰਪੀ ਬੰਦਰਗਾਹਾਂ ਅਤੇ ਨਿਰਪੱਖ ਰਾਜਾਂ ਵਿਚੋਂ ਵੀ ਬਾਹਰ ਕੱਢ ਦਿੱਤਾ ਜਾਵੇਗਾ। ਇਸ ਆਦੇਸ਼ ਦੀ ਪਾਲਣਾ ਵਜੋਂ ਫਰਾਂਸ ਅਤੇ ਉਸ ਦੇ ਸਾਰੇ ਮਿੱਤਰ ਦੇਸ਼ਾਂ ਦੇ ਬਰਤਾਨਵੀਂ ਵਸਤਾਂ ਅੰਗਰੇਜ਼ਾਂ ਦੇ ਜਹਾਜ਼ਾਂ ਦਾ ਬਾਈਕਾਟ ਕਰ ਦਿੱਤਾ ਅਤੇ ਸਮਰਾਟ ਜਨਰਲ ਜੂਲੋ ਨੇ ਜ਼ੋਰ ਦਿੰਦਿਆਂ ਕਿਹਾ ਕਿ ਤੁਹਾਡੇ ਅਮਲੇ ਦੀਆਂ ਇਸਤਰੀਆਂ ਸਵਿਸ ਦੀ ਚਾਹ ਦੀ ਵਰਤੋਂ ਕਰਨ ਇਹ ਚਾਹ ਚੀਨ ਚਾਹ ਵਰਗੀ ਹੀ ਵਧੀਆ ਹੈ। ਉਨ੍ਹਾਂ ਨੂੰ ਇਸ ਗੱਲ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਪੁਸ਼ਾਕ ਦੀ ਅੰਗਰੇ ਜ਼ੀ ਕਪੜੇ ਦੀ ਨਹੀਂ ਚਾਹੀਦੀ। ਸ੍ਰੀਮਤੀ ਜੂਨੋ (Junot) ਨੂੰ ਮੇਰੀ ਇਸ ਇੱਛਾ ਤੋਂ ਜਾਣੂ ਕਰਵਾ ਦਿਓ ਕਿ ਜੇਕਰ ਮੇਰੇ ਪ੍ਰਮੁੱਖ ਅਫਸਰਾਂ ਦੀਆਂ ਇਸਤਰੀਆਂ ਮਸਾਲ ਕਾਇਮ ਨਹੀਂ ਕਰਨਗੀਆਂ ਤਾਂ ਮੈਂ ਹੋਰ ਕਿਸ ਤੋਂ ਇਸ ਦੀ ਪੈਰਵੀ ਕਰਨ ਦੀ ਇੱਛਾ ਕਰ ਸਕਦਾ ਹਾਂ। ਇਹ ਫਰਾਂਸ ਅਤੇ ਇੰਗਲੈਂਡ ਵਿਚ ਜੀਵਨ ਅਤੇ ਮੌਤ ਦਾ ਸੰਘਰਸ਼ ਹੈ।"

**ਆਰਡਰਜ ਇਨ ਕੌਂਸਿਲ (7 ਜਨਵਰੀ, 1807) :** ਬਰਲਿਨ ਡਿਕਰੀ ਦਾ ਬਰਤਾਨੀਆਂ ਵੱਲੋਂ ਦਿੱਤਾ ਉੱਤਰ ਵੀ ਘੱਟ ਅਤਿਕੱਥਨੀ ਵਾਲਾ ਨਹੀਂ ਸੀ। ਜੇਕਰ ਉਹ ਬਰਤਾਨੀਆਂ ਨਾਲ ਵਪਾਰ ਨਹੀਂ ਕਰਨਾ ਚਾਹੁੰਦਾ ਤਾਂ ਉਸ ਨੂੰ ਕਿਸੇ ਦੇਸ਼ ਨਾਲ ਵੀ ਵਪਾਰ ਨਹੀਂ ਕਰਨਾ ਚਾਹੀਦਾ। ਇਕ ਵਾਰ ਫੇਰ ਜ਼ਮੀਨੀ ਸ਼ਕਤੀ (ਹਾਥੀ) ਨੇ ਸਮੁੰਦਰੀ ਸ਼ਕਤੀ (ਵੇਲ੍ਹ ਮੱਛੀ) ਨੂੰ ਜ਼ੋਰ ਅਜ਼ਮਾਈ ਲਈ ਵੰਗਾਰਿਆ। ਇਹ ਵਧੀਆ ਕਿਸਮ ਦੀ ਲੜਾਈ ਸੀ ਜਿਸ ਵਿਚ ਫੌਜੀ ਅਤੇ ਸਮੁੰਦਰੀ ਸੈਨਿਕ ਇਕ ਦੂਜੇ ਤੇ ਗੋਲੀਆਂ ਨਹੀਂ ਚਲਾ ਸਕਦੇ ਸਨ ਪਰ ਉਹ ਗੈਰ-ਲੜਾਕੂਆਂ ਨੂੰ ਭੁਖੇ ਮਾਰ ਕੇ ਆਪਣੇ ਮਨੋਰਥ ਦੀ ਪੂਰਤੀ ਕਰਨਾ ਚਾਹੁੰਦੇ ਸਨ।(ਵਿਲੀਅਮਸਨ, ਪੰਨਾ 366) ਸੰਧੀ ਸ਼ਰਤਾਂ ਅਧੀਨ ਫਰਾਂਸ ਨਾਲ ਵਪਾਰ ਕਰਨ ਵਾਲੇ ਸਾਰੇ ਜਹਾਜ਼ਾਂ ਨੂੰ ਫੜਿਆ ਜਾ ਸਕਦਾ ਸੀ। ਕੁਝ ਸ਼ਰਤਾਂ ਵਿਚ ਨਿਊਟਰਲ ਜਹਾਜ਼ਾਂ ਨੂੰ ਸਮੁੰਦਰੀ ਸਫਰ ਬ੍ਰਿਟਿਸ਼ ਬੰਦਰਗਾਹਾਂ ਤੇ ਜਾਣਾ ਪੈਂਦਾ ਸੀ। ਬ੍ਰੈਸਟ ਅਤੇ ਐਲਬੀ ਅਧੀਨ ਸਾਰੇ ਸਾਹਿਲ ਤੇ ਬਲਾਕੇਡ ਜਿਹੀ ਹਾਲਤ ਹੋ ਗਈ ਸੀ। ਜਦੋਂ ਡੈਨਮਾਰਕ ਨੇ ਬ੍ਰਿਟਿਸ਼ ਨਵੀਂ ਬੰਬਾਰਡਿਡ ਕੋਪਾਨਾਗਮ (1807) ਦੀ ਉਲੰਘਣਾ ਕੀਤੀ ਤਾਂ ਬ੍ਰਿਟਿਸ਼ ਸਾਮਾਨ ਦਾ ਬਾਈਕਾਟ ਕਰਨ ਵਾਲੇ ਦੇ ਸ਼ਾਂ ਦੇ ਵਪਾਰੀਆਂ ਤੇ ਸ਼ਖਤ ਪਾਬੰਦੀਆਂ ਲਾਈਆਂ ਗਈਆਂ ਸਨ। ਯੂ. ਐਸ. ਏ. ਨੇ ਬ੍ਰਿਟਿਸ਼ ਦੁਆਰਾ ਜਹਾਜ਼ਾਂ ਦੀ ਭਾਲ ਦਾ ਰੋਸ ਪ੍ਰਗਟ ਕੀਤਾ ਅਤੇ ਐਮਬਾਰਗ ਐਕਟ (1807) ਅਤੇ ਨਾਨ-ਇੰਟਰਕੋਰਸ ਐਕਟ (1807) ਅਤੇ ਨਾਨ-ਇੰਟਰਕੋਰਸ ਐਕਟ (1809) ਦੁਆਰਾ ਇਸ ਦਾ ਵਿਰੋਧ ਕੀਤਾ। ਅੰਤ ਨੂੰ (1812 ਅਤੇ 1814) ਵਿਚ ਯੂ. ਐਸ. ਏ. ਅਤੇ ਇੰਗਲੈਂਡ ਦੀ ਜੰਗ ਸ਼ੁਰੂ ਹੋ ਗਈ।

**ਨੈਪੋਲੀਅਨ ਦੀ ਵਾਰਸਾ ਡਿਕਰੀ (ਜਨਵਰੀ 1807) :** ਜਨਵਰੀ 1807 ਵਿਚ ਨੈਪੋਲੀਅਨ ਨੇ ਵਾਰਸਾ ਡਿਕਰੀ ਜਾਰੀ ਕੀਤੀ ਜਿਸ ਅਧੀਨ ਹਾਨਸ਼ ਸ਼ਹਿਰ ਜਾਂ ਹਾਲੈਂਡ ਵਿਚ ਬ੍ਰਿਟਿਸ਼ ਵਸਤਾਂ ਦਾ ਬਿਲਕੁਲ

ਬਾਈਕਾਟ ਕਰ ਦਿੱਤਾ। ਕਿਸੇ ਵੀ ਬ੍ਰਿਟਿਸ਼ ਬੰਦਰਗਾਹ ਜਾਂ ਇੰਗਲੈਂਡ ਦੇ ਕਬਜ਼ੇ ਵਾਲੇ ਦੇਸ਼ਾਂ ਤੋਂ ਚੱਲਣ ਵਾਲੇ ਨਿਰਪੱਖ ਜਹਾਜ਼ ਆਪਣੇ ਕਬਜ਼ੇ ਵਿਚ ਲਏ ਜਾ ਸਕਦੇ ਹਨ।

**ਮਿਲਾਨ ਡਿਕਰੀ (ਦਸੰਬਰ 1807) :** ਪਹਿਲੀਆਂ ਡਿਕਰੀਆਂ ਦੀ ਤਰਕਪੂਰਣਕ ਪੈਰਵੀ ਵਜੋਂ ਸਾਲ 1807 ਦੇ ਅੰਤ ਵਿਚ ਜਾਰੀ ਕੀਤੀ ਮਿਲਾਨ ਡਿਕਰੀ ਦੇ ਤਹਿਤ ਨਿਊਟਰਲ ਜਹਾਜ਼ਾਂ ਦੁਆਰਾ ਬ੍ਰਿਟਿਸ਼ ਸਮਾਨ ਦੇ ਨਿਰਯਾਤ ਦੀ ਮਨਾਹੀ ਕਰ ਦਿੱਤੀ। ਜੇਕਰ ਇਹ ਜਹਾਜ਼ ਆਗਿਆ ਭੰਗ ਕਰਨ ਤਾਂ ਉਹ ਕਬਜ਼ੇ ਵਿਚ ਲਏ ਜਾ ਸਕਦੇ ਹਨ।

**ਫੋਨਟੈਨਬਿਲਿਊ ਡਿਕਰੀ (1810) :** 1810 ਵਿਚ ਨੈਪੋਲੀਅਨ ਨੇ ਫੋਨਟੈਨਬਿਲਿਊ ਡਿਕਰੀ ਜਾਰੀ ਕਰ ਦਿੱਤੀ ਜਿਸ ਵਿਚ ਫਰਾਂਸੀਸੀ ਸਾਮਰਾਜ ਵਿਚ ਮਿਲਣ ਵਾਲੇ ਸਾਰੇ ਤਿਆਗ ਬ੍ਰਿਟਿਸ਼ ਸਾਮਾਨ ਨੂੰ ਜ਼ਬਤ ਕਰਨ ਜਾਂ ਜਲਾ ਦੇਣ ਦਾ ਉਪਬੰਧ ਸੀ। ਦਿਖਣ ਵਾਲੇ ਸਾਰੇ ਬ੍ਰਿਟਿਸ਼ ਜਹਾਜ਼ਾਂ ਨੂੰ ਅੱਗ ਲਾ ਦੇਣ ਦਾ ਆਦੇਸ਼ ਸੀ। ਡਿਕਰੀਆਂ ਦੀ ਉਲੰਘਣਾ ਕਰਨ ਵਾਲੇ ਵਪਾਰੀਆਂ ਦੀ ਸਪੈਸ਼ਲ ਟ੍ਰਿਬਿਊਨਲ ਦੁਆਰਾ ਹਮਾਇਤ ਕੀਤੀ ਜਾ ਸਕਦੀ ਸੀ ਅਤੇ ਜੇਕਰ ਦੋਸ਼ੀ ਪਾਏ ਜਾਣ ਤਾਂ ਉਨ੍ਹਾਂ ਨੂੰ ਭਾਰੀ ਜੁਰਮਾਨਾ ਕੀਤਾ ਜਾ ਸਕਦਾ ਸੀ।

ਪਰਸ਼ੀਆ ਦੇ ਫ੍ਰੈਡਰਿਕ ਵਿਲੀਅਮ ਤੀਜੇ ਨੇ 1806 ਵਿਚ ਕਾਂਟੀਨੈਂਟਲ ਸਿਸਟਮ ਨੂੰ ਪ੍ਰਵਾਨ ਕਰ ਲਿਆ। ਜ਼ਾਰ ਅਲੈਗਜੈਂਡਰ ਪਹਿਲੇ ਨੇ 1807 ਵਿਚ ਆਸਟ੍ਰੀਆ ਦੇ ਫਰਾਂਸੀਸੀ ਪਹਿਲੇ ਨੇ 1806 ਵਿਚ ਇਸ ਨੂੰ ਪ੍ਰਵਾਨ ਕਰ ਲਿਆ।

**ਗੈਰ ਅਮਲ ਯੋਗ ਸਿਸਟਮ :** ਕਾਂਟੀਨੈਂਟਲ ਸਿਸਟਮ ਨੇ ਨੈਪੋਲੀਅਨ ਦੀ ਇਕ ਸਿਆਸਤਦਾਨ ਵਜੋਂ ਅਸਮਰੱਥਾ ਦਾ ਬਹੁਤ ਵੱਡਾ ਸਬੂਤ ਸੀ ਅਤੇ ਇਸ ਨਾਲ ਉਸ ਦੇ ਸਾਮਰਾਜ ਦਾ ਪਤਨ ਹੋਣਾ ਲਾਜ਼ਮੀ ਸੀ (ਲਾਜ਼, ਪੰਨਾ 596)। ਇਸ ਦੇ ਅਮਲ ਨੂੰ ਸਫਲ ਬਣਾਉਣ ਲਈ ਨੈਪੋਲੀਅਨ ਨੂੰ ਇਹ ਹਰ ਥਾਂ ਉਤੇ ਲਾਗੂ ਕਰਨਾ ਪਿਆ। ਸਾਮਰਾਜ ਵਿਸ਼ਾਲ ਸੀ ਐਪਰ ਸਮੁੰਦਰੀ ਜਹਾਜ਼ਰਾਨੀ ਵਜੋਂ ਫਰਾਂਸ ਬਹੁਤ ਕਮਜ਼ੋਰ ਸੀ। ਬ੍ਰਿਟਿਸ਼ ਸਮੁੰਦਰ ਵਿਚ ਪ੍ਰਭੂਤਾ ਸੀ। ਉਸ ਨੂੰ ਲੀਕੇਜ ਅਤੇ ਸਮਗਲਿੰਗ ਨੂੰ ਰੋਕਣ ਲਈ ਸਾਰੇ ਸਮੁੰਦਰ ਤੇ ਨਜ਼ਰ ਰੱਖਣੀ ਪੈਂਦੀ ਸੀ। ਇਹ ਇਕ ਅਸੰਭਵ ਕੰਮ ਸੀ। ਛੇਤੀ ਹੀ ਇਹ ਪ੍ਰਤੱਖ ਹੋ ਗਿਆ ਕਿ ਪ੍ਰਬੰਧਕੀ ਅਮਲਾ ਇਸ ਕਾਰਜ ਦੇ ਅਸਮਰਥ ਹੈ ਅਤੇ ਇਸ ਵਿਚ ਦਿਲਚਸਪੀ ਨਹੀਂ ਲੈਂਦਾ, ਸਿਵਿਲ ਅਤੇ ਮਿਲਟਰੀ ਅਧਿਕਾਰੀਆਂ ਵਿਚ ਭ੍ਰਿਸ਼ਟਾਚਾਰ ਵਧਣ ਲਗਿਆ ਅਤੇ ਵੱਡੇ ਰੈਕਟ ਸਾਹਮਣੇ ਆਏ। ਸਮਗਲਿੰਗ ਅਰਥ-ਸਤਕਾਰਿਤ ਕੰਮ ਬਣ ਗਿਆ, ਜਿੰਨਾਂ ਖਤਰਾ ਵੱਧ ਸੀ ਉਨ੍ਹਾਂ ਹੀ ਕਮਿਸ਼ਨ ਵਧੇਰੇ ਸੀ। ਜਾਪਾਨ ਦੀਆਂ ਬੰਦਰਗਾਹਾਂ ਸਾਰਡੀਨੀਆਂ, ਸਿਸਲੀ, ਮਾਲਟਾ ਅਤੇ ਚੈਨਲ ਦੇ ਟਾਪੂ ਸਮਗਲਿੰਗ ਕਰਨ ਲੱਗੇ। ਸਲੋਨਕੀ ਤੋਂ ਸਮਾਨ ਖੁਸ਼ਕੀ ਦੇ ਰਸਤੇ ਜਾਣ ਲੱਗਾ। ਹੈਲੀਗੋਲੈਂਡ (1807 ਵਿਚ ਇੰਗਲੈਂਡ ਨਾਲ ਰਲਿਆ ਸੀ) ਵਾਸਤਵਿਕ ਵਿਚ ਕਾਰੋਬਾਰ ਪੱਖੋਂ 'ਛੋਟਾ ਲੰਡਨ' ਅਰਥਾਤ ਸਮਗਲਰਾਂ ਦਾ ਬਹਿਸ਼ਤ ਬਣ ਗਿਆ ਸੀ। ਲੋਕਾਂ ਦੇ ਸਾਮਾਨ ਸਮੱਗਲ ਕਰਨ ਲਈ ਅਜੀਬ ਅਜੀਬ ਢੰਗ ਲੱਭ ਪਏ ਖੰਡ ਵਿਚ ਰੇਤ ਮਿਲਾ ਦਿੱਤੀ ਜਾਂਦੀ ਸੀ ਮਨਾਹੀ ਵਾਲੀਆਂ ਵਸਤਾਂ ਬਾਰੇ ਵੰਡ ਛੋਟ ਸੰਬੰਧੀ ਝੂਠੇ ਐਲਾਨ ਕੀਤੇ ਜਾਣ ਲੱਗੇ ਝੂਠੀਆਂ ਅਰਥੀਆਂ (coffin boxes) ਲਿਜਾਈਆਂ ਜਾਂਦੀਆਂ ਸਨ, ਝੂਠੀਆਂ ਅਫਵਾਹਾਂ ਆਦਿ ਫੈਲਣ ਲੱਗੀਆਂ।

ਕੇਂਦਰੀ ਯੂਰਪ ਵਿਚ ਮਿਲਟਰੀ ਸਥਿਤੀ ਵਿਚ ਨੈਪੋਲੀਅਨ ਦੇ ਰੁਝੇਵੇਂ ਨੇ ਡਿਕਰੀਆਂ ਨੂੰ ਲਾਗੂ ਕਰਨ ਸੰਬੰਧੀ ਲੋੜੀਦੀ ਚੋਕਸੀ ਘਟਾ ਦਿੱਤੀ। ਭ੍ਰਿਸ਼ਟਾਚਾਰ ਅਤੇ ਗੱਠਜੋੜ ਨੇ ਉਸ ਦੀ ਜੁਗਤ ਨੂੰ ਅਸਫਲ ਬਣਾ ਦਿੱਤਾ।

## ਇੰਗਲੈਂਡ ਤੇ ਪ੍ਰਭਾਵ

ਕਾਂਟੀਨੈਨਟਲ ਦੀ ਜੰਗ ਤੋਂ ਇਲਾਵਾ ਸਿਸਟਮ ਇੰਗਲੈਂਡ ਲਈ ਬਰਦਾਸ਼ਤ ਦਾ ਇਕ ਸ਼ਾਨਦਾਰ ਟੈਸਟ ਸੀ। ਅੰਗਰੇਜ਼ਾਂ ਨੇ ਪੂਰੀ ਸ਼ਕਤੀ ਨਾਲ ਮੁਕਾਬਲਾ ਕੀਤਾ। ਉਹਨਾਂ ਨੂੰ ਬਹੁਤ ਹਾਨੀ ਪੁੱਜੀ। ਵਪਾਰ ਸੰਕੁਚਿਤ ਹੋ ਗਿਆ ਅਤੇ ਜਹਾਜ਼ ਮਾਲਕਾਂ ਨੂੰ ਭਾਰੀ ਹਾਨੀ ਹੋਈ। ਉਦਯੋਗਿਕ ਕ੍ਰਾਂਤੀ ਵਿਚ ਰੁਕਾਵਟ ਪੈਦਾ ਹੋਈ। ਕਾਲਪਨਿਕ ਗਰਮ ਬਾਜ਼ਾਰੀ 1810 ਵਿਚ ਖਤਮ ਹੋ ਗਈ। ਫਲਸਰੂਪ ਬੇ ਰੋਜ਼ਗਾਰੀ ਵਧੀ ਅਤੇ ਮੁਦਰਾ ਦਾ ਮੁੱਲ ਘੱਟ ਗਿਆ। ਰਾਸ਼ਟਰੀ ਕਰਜ਼ਾ ਵੱਧ ਗਿਆ ਅਤੇ ਇੰਗਲੈਂਡ ਦੀ ਵਿੱਤੀ ਹਾਲਤ ਬਹੁਤ ਖਰਾਬ ਹੋ ਗਈ। ਕੀਮਤਾਂ ਵੱਧ ਗਈਆਂ ਅਤੇ ਲੋਕਾਂ ਦੇ ਕਸ਼ਟਾਂ ਵਿਚ ਵਾਧਾ ਹੋਇਆ।

1803 ਤੋਂ 1810 ਤੱਕ ਐਮਸ ਅਤੇ ਐਲਬੀ (Elbe) ਵਿਚ ਲਾਈਆਂ ਬੰਦਸ਼ਾਂ ਤੋਂ ਇੰਗਲੈਂਡ ਦੇ ਵਪਾਰ ਨੂੰ ਵਾਸਤਵ ਵਿਚ ਬਹੁਤ ਘਾਟਾ ਨਾ ਹੋਇਆ, 1805 ਵਿਚ ਕੁੱਲ ਨਿਰਯਾਤ 31 ਮਿਲੀਅਨ, 1806 ਵਿਚ 44 ਮਿਲੀਅਨ, 1807 ਵਿਚ 40.5 ਮਿਲੀਅਨ, 1808 ਵਿਚ 40 ਮਿਲੀਅਨ, 1809 ਵਿਚ 50 ਅਤੇ 1810 ਵਿਚ ਲਗਭਗ 50 ਮਿਲੀਅਨ ਸੀ। ਇਸ ਸਮੇਂ ਦੇ ਦੌਰਾਨ ਮੁੜ ਨਿਰਯਾਤ ਕਾਲੋਨੀਅਲ ਵਸਤਾਂ ਦਾ ਮੁਲ 1850 ਵਿਚ 10 ਮਿਲੀਅਨ, 1806 ਅਤੇ 1807 ਵਿਚ ਲਗਭਗ ਉਹੀ ਹੀ, 1808 ਵਿਚ 9 ਮਿਲੀਅਨ, 1809 ਵਿਚ 154 ਮਿਲੀਅਨ ਅਤੇ 1810 ਵਿਚ 127 ਮਿਲੀਅਨ ਸੀ। ਯੂਰਪ ਨੂੰ ਨਿਰਯਾਤ ਵਿਚ ਵੀ ਘਾਟਾ ਨਾ ਹੋਇਆ। ਯੂਰਪ ਨੂੰ 1805 ਵਿਚ 37.8 ਪ੍ਰਤੀਸ਼ਤ ਵਸਤਾਂ ਨਿਰਯਾਤ ਕੀਤੀਆਂ ਗਈਆਂ, 1806 ਵਿਚ 30.9, 1807 ਵਿਚ 25.5, 1808 ਵਿਚ 25.7, 1809 ਵਿਚ 36.4 ਅਤੇ 1810 ਵਿਚ 42 ਪ੍ਰਤੀਸ਼ਤ ਵਸਤਾਂ ਨਿਰਯਾਤ ਕੀਤੀਆਂ ਗਈਆਂ (ਅੰਕੜੇ ਥਾਮਸਨ ਦੀ ਪੁਸਤਕ ਵਿਚੋਂ ਪੰਨਾ 235-36)। ਇਕ ਤਰ੍ਹਾਂ ਨਾਲ ਇੰਗਲੈਂਡ ਲਈ ਲਕਵੇਂ ਤੌਰ ਤੇ ਨਿਯਮਤ ਸਿੱਧ ਹੋਈ। ਜੰਗ ਵਿਚ ਸ਼ਾਮਿਲ ਦੇਸ਼ਾਂ ਨੂੰ ਹੋਈ ਕਾਰੋਬਾਰ ਦੀ ਹਾਨੀ ਨੇ ਬ੍ਰਿਟਿਸ਼ ਕਾਰੋਬਾਰ ਵਿਚ ਵਾਧਾ ਕੀਤਾ। ਇੰਗਲੈਂਡ ਨੇ ਟੈਰਿਫ ਡਿਊਟੀ ਨਾ ਅਦਾ ਕਰਨ ਕਰਕੇ ਕਾਫੀ ਲਾਭ ਹੋਇਆ। ਹੁਣ ਉਹ ਸਮੁੰਦਰ ਪਾਰ ਦੱਖਣੀ ਅਮਰੀਕਾ ਅਤੇ ਈਸਟ ਇੰਡੀਜ਼ ਵਿਚ ਮੰਡੀਆਂ ਸਥਾਪਿਤ ਕਰਨ ਦੇ ਯੋਗ ਹੋ ਗਿਆ। ਇੰਗਲੈਂਡ ਨੂੰ ਲਾਇਸੰਸਾਂ ਦੀ ਵਿਕਰੀ ਤੋਂ ਕਾਫੀ ਲਾਭ ਹੋਇਆ, 1810 ਵਿਚ ਲਗਭਗ 18,000 ਲਾਇਸੰਸ ਵੇਚੇ ਗਏ ਜਦੋਂ ਕਿ ਇਸ ਮੁਕਾਬਲੇ 1806 ਵਿਚ ਲਗਭਗ 2,000 ਲਾਇਸੰਸ ਵੇਚੇ ਗਏ ਸਨ। ਲਾਇਸੰਸ ਨੇ ਜਹਾਜ਼ ਨੂੰ ਬ੍ਰਿਟਿਸ਼ ਜੰਗੀ ਜਹਾਜ਼ਾਂ ਤੋਂ ਫੜੇ ਜਾਣ ਦੇ ਡਰ ਤੋਂ ਵੀ ਮੁਕਤ ਕਰ ਦਿੱਤਾ। ਮੈਟਰਨਿਕ ਨੇ ਪੇਸ਼ੀਨਗੋਈ ਕੀਤੀ ਕਿ ਇਹ ਆਰਡੀਨੈਂਸ ਅਤੇ ਡਿਕਰੀਆਂ ਜਿਹੜੀਆਂ ਸਾਰੇ ਕਾਂਟੀਨੈਂਟ ਵਿਚ ਵਪਾਰੀਆਂ ਦੀ ਹਾਲਤ ਨੂੰ ਤਬਾਹ ਕਰਨਗੀਆਂ, ਅੰਗਰੇਜ਼ਾਂ ਲਈ ਸਹਾਇਕ ਸਿੱਧ ਹੋਣਗੀਆਂ।

## ਦੂਜੇ ਯੂਰਪੀ ਦੇਸ਼ਾਂ ਦੇ ਪ੍ਰਭਾਵ

ਇਸ ਨੇ ਯੂਰਪੀ ਦੇਸ਼ਾਂ ਲਈ ਬਹੁਤ ਪ੍ਰੇਸ਼ਾਨੀ ਪੈਦਾ ਕਰ ਦਿੱਤੀ। ਲੋਕ ਅੰਗਰੇਜ਼ੀ ਵਸਤਾਂ ਦੇ ਇੰਨੇ ਆਦੀ ਹੋ ਗਏ ਸਨ ਕਿ ਉਹ ਉਨ੍ਹਾਂ ਤੋਂ ਬਿਨਾਂ ਗੁਜ਼ਾਰਾ ਨਹੀਂ ਕਰ ਸਕਦੇ ਸਨ। ਸਮੱਗਲਰਾਂ ਨੇ ਬਲਾਕੇਡ ਦੀਆਂ ਤਕਲੀਫਾਂ ਦਾ ਮੁਕਾਬਲਾ ਕੀਤਾ ਅਤੇ ਉਹ ਬਹੁਤ ਵੱਧ ਕੀਮਤਾਂ ਤੇ ਮਾਲ ਲੈਣ ਲਈ ਤਿਆਰ ਸਨ। ਪਰਸ਼ੀਆ, ਰੂਸ ਅਤੇ ਪੁਰਤਗਾਲ, ਹਾਲੈਂਡ ਅਤੇ ਇਟਲੀ ਵਿਚ ਵਿਆਪਕ ਰੂਪ ਵਿਚ ਬੇਚੈਨੀ ਫੈਲ ਗਈ। ਨੈਪੋਲੀਅਨ ਨੇ ਉਨ੍ਹਾਂ ਦੀ ਹਮਦਰਦੀ ਖੋਹ ਲਈ, 'ਜੇਕਰ ਇਸ ਗੱਲ ਦੀ ਕੋਈ ਗੁੰਜਾਇਸ਼ ਸੀ ਤਾਂ ਕੇਂਦਰੀ ਯੂਰਪ ਨੈਪੋਲੀਅਨ ਦੀ ਪ੍ਰਭੂਤਾ ਨਾਲ ਸਮਝੌਤਾ ਕਰ ਲਵੇਗਾ ਤਾਂ ਉਹ ਕਾਂਟੀਨੈਂਟਲ ਸਿਸਟਮ ਨੂੰ ਖਤਮ ਕਰ ਦੇਵੇਗਾ। (ਗਰਾਂਟ ਅਤੇ ਟੈਂਪਰਲੇ,ਪੰਨਾ 108)

ਸੋਨੇ ਦੀ ਕੀਮਤ ਵੱਧ ਗਈ। ਕਾਗਜ ਦੀ ਮੁਦਰਾ ਵਿਚ ਫਲਾਓ ਆਇਆ, ਇਸ ਨਾਲ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਵਸਤਾਂ ਦੀ ਕੀਮਤ ਵਿਚ ਵਾਧਾ ਹੋਇਆ। ਉਦਯੋਗ ਤਬਾਹ ਹੋ ਗਏ। ਹੋਲੈਂਡ ਅਤੇ ਬਾਲਟਿਕ ਰਾਜ ਦੇ ਵਪਾਰ ਤਬਾਹ ਹੋ ਗਏ, ਫਾਉਟੇਂਨਬਲਿਯੂ ਡਿਕਰੀ 1810 ਅਧੀਨ ਕੀਤੀ ਸਪਲਾਈ ਬਲਦੀ ਤੇ ਤੇਲ ਪਾਉਣ ਸਮਾਨ ਸੀ। ਇਹ ਸਪਲਾਈ ਰਾਜਸੀ ਅਤੇ ਮਿਲਟਰੀ ਲਈ ਖਤਰਾ ਸਿੱਧ ਹੋਈ। ਹੋਰ ਕਿਸੇ ਗੱਲ ਨੇ ਉਸ ਦੇ ਰਾਜ ਨੂੰ ਅਸਹਿਣ ਯੋਗ ਬਣਾਉਣ ਵਿਚ ਇੰਨਾ ਯੋਗਦਾਨ ਨਹੀ ਪਾਇਆ ਜਿਨ੍ਹਾਂ ਕਿ ਅਤਿ ਲੋੜੀਂਦੀ ਸਪਲਾਈ ਦੀ ਤਬਾਹੀ ਨੇ ਕੀਤਾ।" (ਰਾਮਸੇ, ਪੰਨਾ 469)। ਇਹ ਗੱਲ ਵੀ ਸੱਚੀ ਹੈ ਕਿ ਇੰਗਲੈਂਡ ਨੇ ਆਪਣੀ ਸਮੁੰਦਰੀ ਜਹਾਜ਼ਾਂ ਦੀ ਪ੍ਰਭੂਤਾ ਅਕਾ ਦੇਣ ਵਾਲੀ ਸ਼ਿੱਦਤ ਨਾਲ ਲਾਗੂ ਕੀਤੀ ਅਤੇ ਆਪਣੇ ਜਹਾਜ਼ ਦੀ ਭਾਲ ਵਿਚ ਦੂਜੇ ਦੇਸ਼ਾਂ ਦੇ ਹੱਕਾਂ ਅਤੇ ਹਿੱਤਾ ਵੱਲ ਮਾਮੂਲੀ ਧਿਆਨ ਦਿੱਤਾ, ਐਪਰ ਕਾਂਟੀਨੈਂਟਲ ਸਿਸਟਮ ਦੁਆਰਾ ਅਤਿ ਲੋੜੀਂਦੀਆਂ ਵਸਤਾਂ ਦੀ ਸਪਲਾਈ ਤੇ ਰੋਕ ਲਾ ਕੇ ਕੀਤੀ ਹਾਨੀ ਦੇ ਮੁਕਾਬਲੇ ਇਹ ਬੁਰਾਈਆਂ ਬਿਲਕੁਲ ਤੁਛ ਹੀ ਸਨ ਹਾਲੈਂਡ ਦੇ ਬਾਦਸ਼ਾਹ (ਸਮਰਾਟ ਦਾ ਭਾਈ) ਕਾਂਟੀਨੈਂਟਲ ਸਿਸਟਮ ਨੂੰ ਅਪਣਾਉਣ ਦੇ ਮੁਕਾਬਲੇ ਆਪਣੀ ਗੱਦੀ ਛੱਡਣ ਨੂੰ ਤਰਜੀਹ ਦਿੱਤੀ, ਕਿਉਂਕਿ ਉਸ ਦੇ ਵਿਚਾਰ ਅਨੁਸਾਰ ਇਹ ਉਸ ਦੀ ਪਰਜਾ ਦੇ ਹਿੱਤਾਂ ਦੇ ਵਿਰੁੱਧ ਸੀ। ਉਸ ਦੇ ਦੂਜੇ ਭਾਈ ਜੇਰੋਮ ਨੂੰ ਵੈਸਟਫੇਲੀਆ ਵਿਚ ਲਾਗੂ ਕਰਨ ਤੋਂ ਨਾਂਹ ਕਰ ਦਿੱਤੀ ਉਸ ਦੇ ਬਹਿਨੋਈ ਅਲੈਗਜ਼ੈਂਡਰ ਗਰੈਂਡ ਡਿਊਕ ਆਫ ਓਲਡਨਬਰਗ ਨੇ ਸਚਮੁੱਚ ਵਿਰੋਧਤਾ ਕੀਤੀ। ਨੈਪੋਲੀਅਨ ਨੇ ਇਨ੍ਹਾਂ ਸਾਰੇ ਖੇਤਰਾਂ ਨੂੰ ਆਪਣੇ ਰਾਜ ਨਾਲ ਮਿਲਾਇਆ। ਉਦੋਂ ਉਸ ਨੇ ਇੰਗਲੈਂਡ ਨਾਲ ਸੰਧੀ ਕਰ ਲਈ ਸੀ। ਸਵੀਡਨ ਦੇ ਗੁਸਤਾਵਸ ਚੌਥੇ ਨੂੰ ਆਪਣੇ ਭਾਈ ਚਾਰਲਸ ਤੇਰਵੇਂ ਦੇ ਹੱਕ ਵਿਚ ਰਾਜ ਛੱਡਣਾ ਪਿਆ। ਫਰਾਂਸ ਨੇ ਜਰਮਨੀ ਲੂਬੇਕ ਤੱਕ ਦੇ ਉੱਤਰੀ ਸਾਹਿਲ ਨੂੰ ਜਿਸ ਵਿਚ ਬ੍ਰਿਮਾਨ (Breman) ਅਤੇ ਹਮਬਰਗ ਸ਼ਾਮਲ ਸਨ, ਆਪਣੇ ਨਾਲ ਮਿਲਾ ਲਿਆ ਤਾਂ ਜੋ ਇਸ ਸਿਸਟਮ ਨੂੰ ਉਥੇ ਲਾਗੂ ਕੀਤਾ ਜਾ ਸਕੇ। ਇਟਲੀ ਵਿਚ ਪੋਪ ਨਿਰਪੱਖ ਰਹਿਣਾ ਚਾਹੁੰਦਾ ਸੀ ਪਰ ਸਮਰਾਟ ਨੇ ਰੋਸ ਪ੍ਰਗਟ ਕਰਦਿਆਂ ਕਿਹਾ "ਨਿਰਸੰਦੇਹ ਰੋਮ ਵਿਚ ਤੁਹਾਡੀ ਪ੍ਰਭੂਤਾ ਹੈ ਪਰੰਤੂ ਮੈਂ ਸਮਰਾਟ ਹਾਂ ਅਤੇ ਮੇਰੇ ਦੁਸ਼ਮਣ ਤੁਹਾਡੇ ਵੀ ਦੁਸ਼ਮਣ ਹੋਣੇ ਚਾਹੀਦੇ ਸਨ।" ਪੋਪ ਸਹਿਮਤ ਨਾ ਹੋਇਆ। ਨੈਪੋਲੀਅਨ ਨੇ ਪੋਪ ਦੇ ਰਾਜ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਪੋਪ ਨੇ ਸਮਰਾਟ ਨੂੰ ਧਰਮ ਵਿਚੋਂ ਕੱਢ ਦਿੱਤਾ ਤਾਂ ਨੈਪੋਲੀਅਨ ਨੇ ਉਸ ਨੂੰ ਕੈਦੀ ਬਣਾ ਲਿਆ। ਉਸ ਨੇ ਝਗੜੇ ਵਿਚ ਧਰਮ ਲਿਆਉਣਾ ਚਾਹਿਆ। ਪ੍ਰਿੰਸ ਜੋਨ ਪੁਰਤਗਾਲ ਦੇ ਰੀਜੈਂਕ ਨੇ ਇਸ ਨੂੰ ਰੱਦ ਕਰ ਦਿੱਤਾ, ਫਲਸਰੂਪ ਪੈਨੱਇਨਸੂਲਰ ਜੰਗ ਹੋਈ ਅਤੇ ਅੰਤ ਵਿਚ ਨੈਪੋਲੀਅਨ ਨੇ ਕਿਹਾ "ਸਪੇਨੀ ਫੋੜੇ (ਅਲਸਰ) ਨੇ ਮੈਨੂੰ ਤਬਾਹ ਕਰ ਦਿੱਤਾ।"

1812 ਵਿਚ ਰੂਸ ਦੇ ਜਾਰ ਅਲੈਗਜੈਂਡਰ ਨੇ ਕਾਂਟੀਨੈਂਟਲ ਨੂੰ ਲਾਗੂ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਨੇ ਰੂਸ ਦੇ ਇੰਗਲੈਂਡ ਨਾਲ ਕਣਕ, ਪਟਸਨ, ਇਮਾਰਤੀ ਲੱਕੜ ਦੇ ਵਪਾਰ ਨੂੰ ਲਗਭਗ ਤਬਾਹ ਕਰ ਦਿੱਤਾ ਸੀ। ਉਸ ਨੇ ਰੂਸ ਦੀਆਂ ਬੰਦਰਗਾਹਾਂ ਨਿਰਪੱਖ ਜਹਾਜ਼ਾਂ ਲਈ ਬੰਦ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਇੰਗਲੈਂਡ ਭੇਜੇ ਜਾਣ ਵਾਲੇ ਰੇਸ਼ਮ, ਸ਼ਰਾਬ ਅਤੇ ਬਰਾਂਡੀਆਂ ਲਈ ਡਿਊਟੀ ਲਾ ਦਿੱਤੀ। ਨੈਪੋਲੀਅਨ ਇਸ ਹੁਕਮ ਅਦੂਲੀ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਮਾਸਕੋ ਲਈ ਮੁਹਿੰਮ ਤੇ ਰਵਾਨਾ ਹੋ ਗਿਆ, ਇਹ ਗੱਲ ਉਸ ਦੇ ਪਤਨ ਦੇ ਦੁਖਾਂਤ ਵਿਚ ਪਹਿਲਾ ਕੰਮ ਸਾਬਤ ਹੋਈ।

## ਫਰਾਂਸ ਤੇ ਪ੍ਰਭਾਵ

ਯੂਰਪੀ ਮਾਰਕੀਟ ਇੰਗਲੈਂਡ ਲਈ ਬੰਦ ਕਰਨ ਮਗਰੋਂ ਨੈਪੋਲੀਅਨ ਨੇ ਉਸ ਨਾਲ ਫਰਾਂਸੀਸੀ ਨਿਰਮਾਤਾਵਾਂ ਦਾ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਕਿ ਇਸ ਨਾਲ ਫਰਾਂਸ ਦਾ ਉਦਯੋਗ ਵਧੇਗਾ। ਫਰਾਂਸੀਸੀਆਂ ਨੇ ਕਾਫੀ ਅਤੇ ਨੀਲ ਦਾ ਆਪਣੇ ਦੇਸ਼ ਵਿਚ ਬਦਲ ਲੱਭ ਲਿਆ। ਰੇਸ਼ਮ ਦੇ ਉਦਯੋਗ ਨੇ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕੀਤੀ, ਇਸੇ ਤਰ੍ਹਾਂ ਸੂਤੀ ਰੇਸ਼ਮੀ ਕੱਪੜੇ ਦੀਆਂ ਪੱਤੀਆਂ ਦਾ ਵਿਕਾਸ ਹੋਇਆ।

ਦੂਜੇ ਪਾਸੇ ਇਹ ਆਰਥਿਕ ਜੰਗ ਸ਼ੁਰੂ ਕਰਕੇ ਫਰਾਂਸ ਨੇ ਆਪਣੇ ਲਈ ਬਿਪਤਾ ਸਹੇੜ ਲਈ। ਵਾਸਤਵ ਵਿਚ ਫਰਾਂਸੀਸੀਆਂ ਨੇ ਅੰਗਰੇਜ਼ਾਂ ਨੂੰ ਸਜ਼ਾ ਦਿੰਦਿਆਂ ਹੋਇਆ ਆਪਣੇ ਆਪ ਨੂੰ ਸਜ਼ਾ ਦੇ ਦਿੱਤੀ, ਉਨ੍ਹਾਂ ਨੂੰ ਬਹੁਤ ਸਾਰੀਆਂ ਕੁਰਬਾਨੀਆਂ ਸਹਿਣੀਆਂ ਪਈਆਂ ਅਤੇ ਰੋਜ਼ਾਨਾ ਵਰਤੋਂ ਦੀਆਂ ਬਹੁਤ ਸਾਰੀਆਂ ਵਸਤਾਂ ਤੋਂ ਅਤੇ ਫੌਜ ਲਈ ਮਾਲ ਤਿਆਰ ਕਰਨ ਲਈ ਕੱਚੇ ਮਾਲ ਮਿਲਣਾ ਔਖਾ ਹੋ ਗਿਆ। ਕਾਂਟੀਨੈਂਟਲ ਸਿਸਟਮ ਦੀ ਧਾਰਾ ਹਥਿਆਰ ਸੀ ਜਿਸ ਨੇ ਆਪਣੇ ਨਿਰਮਾਣਕਾਰ ਨੂੰ ਦੁਸ਼ਮਣ ਨਾਲੋਂ ਵੱਧ ਹਾਨੀ ਪਹੁੰਚਾਈ।" (ਵਿਲੀਅਮਸਨ, ਪੰਨਾ 63)। ਇਸ ਨੇ ਫਰਾਂਸ ਦੇ ਸਾਧਨ ਕਮਜ਼ੋਰ ਕਰ ਦਿੱਤੇ। ਸਮੱਗਲ ਕੀਤਾ ਮਾਲ ਮਹਿੰਗਾ ਸੀ ਕਿਉਂਕਿ ਸਮੱਗਲਰਾਂ ਦਾ ਮੁਨਾਫਾ 40 ਜਾਂ 50 ਪ੍ਰਤੀਸ਼ਤ ਤੱਕ ਵੱਧ ਗਿਆ ਸੀ। ਫਰਾਂਸ ਦੀ ਕਸਟਮ ਦੀ ਆਮਦਨ ਵੀ ਕਾਫੀ ਘੱਟ ਗਈ। ਬਿਦੇਸ਼ੀ ਵਪਾਰ ਜਿਹੜਾ 1806 ਵਿਚ 933 ਮਿਲੀਅਨ ਫਰੈਂਕ ਸੀ। 1813 ਵਿਚ ਘੱਟ ਕੇ 603 ਰਹਿ ਗਿਆ। ਕਲੋਨੀਅਲ ਵਸਤਾਂ ਦੀਆਂ ਕੀਮਤਾਂ ਬਹੁਤ ਵੱਧ ਗਈਆਂ ਅਤੇ ਸੱਟੇ ਨੇ ਇਸ ਵਿਚ ਹੋਰ ਵੀ ਖਰਾਬੀ ਕੀਤੀ। ਨਵੇਂ ਟੈਰਿਫ ਦਰ ਲਾਗੂ ਕੀਤੇ ਗਏ ਜਿਨ੍ਹਾਂ ਵਿਚ ਕਾਲੋਨੀਆਂ ਵਸਤਾਂ ਤੇ ਭਾਰੀ ਡਿਊਟੀ ਲਾਈ ਗਈ। ਨੈਪੋਲੀਅਨ ਦੀ ਲੋਕ-ਪ੍ਰਿਯਤਾ ਘਟਣੀ ਸ਼ੁਰੂ ਹੋ ਗਈ।

ਇਨ੍ਹਾਂ ਪਾਬੰਦੀਆਂ ਕਰਕੇ ਨੈਪੋਲੀਅਨ ਫਰਾਂਸੀਸੀਆਂ ਮੱਧ-ਸ੍ਰੇਣੀਆਂ ਦਾ ਵਿਸ਼ਵਾਸ ਖੋ ਬੈਠਾ ਲੰਮੇ ਸਮੇ ਤੋਂ ਚਲੇ ਆ ਰਹੇ ਆਰਥਿਕ ਮੰਦਵਾੜੇ ਨੇ ਦੇਸ਼ ਦੀ ਹਾਲਤ ਠੀਕ ਹੋਣ ਯੋਗ ਨਾ ਛੱਡੀ। ਦੀਵਾਲੀਆਪਣ ਵੱਧਣ ਲੱਗਿਆ ਅਤੇ ਬੈਂਕਾਂ ਨੇ ਕਰਜ਼ੇ ਦੇਣੇ ਘੱਟ ਕਰ ਦਿੱਤੇ।

ਪੈਨੱਇਨਸੂਲਰ ਜੰਗ ਦੇ ਆਰੰਭ ਨਾਲ ਸਪੇਨ ਦੀ ਮਾਰਕੀਟ ਖਤਮ ਹੋ ਗਈ ਅਤੇ ਵਪਾਰ ਠੱਪ ਹੋ ਗਿਆ। ਹਾਲਤ ਪਹਿਲਾਂ ਹੀ ਕਾਫੀ ਬੁਰੀ ਸੀ ਐਪਰ ਸਾਲ 1810 ਅਤੇ 1811 ਵਿਚ ਲਗਾਤਾਰ ਦੋ ਸਾਲ ਫਸਲਾਂ ਮਰਨ ਤੇ ਫੌਜ ਦੀਆਂ ਵੱਧ ਰਹੀਆਂ ਮੰਗਾਂ ਨੇ ਹਾਲਤ ਹੋਰ ਵੀ ਖਰਾਬ ਕਰ ਦਿੱਤੀ। ਇਨ੍ਹਾਂ ਤੋਂ ਬਾਅਦ ਘੋਰ ਆਰਥਿਕ ਮੰਦਵਾੜਾ ਪੈਦਾ ਹੋਇਆ।

## ਸਿਸਟਮ ਵਿਚ ਤਰਮੀਮ ਕੀਤੀ ਗਈ, ਉਸ ਨੂੰ ਨਰਮ ਕੀਤਾ

ਕਾਲੋਨੀਆ ਦੇ ਮਾਲ ਨੂੰ ਮਹਾਂਦੀਪ ਵਿਚ ਆਉਣ ਤੋਂ ਰੋਕਣ ਦੀ ਅਸਮਰਥਾ ਨੇ ਸਮਰਾਟ ਨੈਪੋਲੀਅਨ ਨੂੰ 1810 ਵਿਚ ਕਾਂਟੀਨੈਂਟਲ ਸਿਸਟਮ ਵਿਚ ਤਰਮੀਮ ਕਰਨ ਅਤੇ ਉਸ ਨੂੰ ਨਰਮ ਕਰਨ ਲਈ ਮਜ਼ਬੂਰ ਕਰ ਦਿੱਤਾ।

1. ਉਸ ਨੇ ਪ੍ਰਾਈਜ਼ ਜਹਾਜ਼ਾਂ ਨੂੰ ਨਿਲਾਮੀ ਦੁਆਰਾ ਵਿਕਰੀ ਕਰਨ ਦੀ ਆਗਿਆ ਦੇ ਦਿੱਤੀ ਪਰ ਸ਼ਰਤ ਇਹ ਸੀ ਕਿ ਖਰੀਦਦਾਰ 40 ਤੋਂ 50 ਪ੍ਰਤੀਸ਼ਤ ਡਿਊਟੀ ਅਦਾ ਕਰੇ। ਮਨਾਹੀ ਵਾਲੀਆਂ ਵਸਤਾਂ ਨੂੰ ਝੂਠੇ ਪ੍ਰਾਈਜ ਵਸਤਾਂ ਕਹਿ ਦਿੱਤਾ ਜਾਂਦਾ ਸੀ।
2. ਟ੍ਰਾਏਨਾਨ ਟੈਰਿਫ (1812) ਉਸ ਨੇ ਕਾਫੀ, ਕੋਕੋਨਟ ਅਤੇ ਖੰਡ ਦਾ ਨਿਰਯਾਤ ਦੀ ਸਰਕਾਰੀ ਤੌਰ ਤੇ ਮਨਜ਼ੂਰੀ ਦੇ ਦਿੱਤੀ ਪਰੰਤੂ 50 ਪ੍ਰਤੀਸ਼ਤ ਡਿਊਟੀ ਦੇਣੀ ਲਾਜ਼ਮੀ ਕਰ ਦਿੱਤੀ। ਇਸ ਤਰ੍ਹਾਂ ਨੈਪੋਲੀਅਨ ਕਸਟਮ ਦੀ ਡਿਊਟੀ ਵਧਾ ਕੇ ਆਪਣਾ ਸਮੱਗਲਰ ਆਪ ਬਣ ਗਿਆ, ਉਹ ਲਗਭਗ ਉਨ੍ਹਾਂ ਹੀ ਮੁਨਾਫਾ ਕਮਾਉਣ ਲੱਗਾ ਜਿੰਨ੍ਹਾ ਕਿ ਪ੍ਰਾਈਵੇਟ ਸਮੱਗਲਰ ਕਮਾਉਂਦੇ ਸਨ। ਸਰਕਾਰ ਅਸਿੱਧੇ ਤੌਰ ਤੇ ਲਾਭ ਉਠਾ ਰਹੀ ਸੀ।
3. ਉਸ ਨੇ ਵੱਡੇ ਪੈਮਾਨੇ ਤੇ ਉੱਚੀਆਂ ਦਰਾਂ ਤੇ ਅਰਜ਼ੀ ਲਇਸੰਸਾਂ ਦੀ ਵਿਕਰੀ ਨੂੰ ਉਤਸ਼ਾਹਿਤ ਕੀਤਾ ? ਅਤੇ ਇਸ ਤਰ੍ਹਾਂ ਜੰਗ ਦਾ ਖਰਚਾ ਪੂਰਾ ਕਰਨ ਲਈ ਆਮਦਨ ਵਧਾਈ ਇਸ ਤਰ੍ਹਾਂ ਕਰਨ ਨਾਲ ਨੈਪੋਲੀਅਨ ਨੂੰ ਇਹ ਆਸ ਸੀ ਕਿ ਉਹ ਫਰਾਂਸੀਸੀ ਨਿਰਮਾਣਕਾਰਾਂ ਦੀਆਂ ਵਸਤਾਂ ਦਾ ਨਿਰਯਾਤ ਵਧਾ ਦੇਵੇਗਾ। ਇਸ ਤਰ੍ਹਾਂ ਕਾਂਟੀਨੈਂਟਲ ਸਿਸਟਮ ਦਾ ਮਕਸਦ

ਹੀ ਖਤਮ ਹੋ ਗਿਆ ਤਾਂ ਇਸ ਦੇ ਲੇਖਕ ਦੁਆਰਾ ਇਸ ਨੂੰ ਆਪ ਹੀ ਨਰਮ ਕਰ ਦਿੱਤਾ ਗਿਆ ਤਾਂ ਜੋ ਦੇਸ਼ ਦੀ ਮਾਲੀ ਹਾਲਤ ਨੂੰ ਸੁਧਾਰਿਆ ਜਾ ਸਕੇ, ਪਰ ਇਸ ਨੂੰ ਰਸਮੀ ਤੌਰ ਤੇ ਸਵੀਕਾਰ ਨਹੀਂ ਕੀਤਾ।

4. ਆਮਦਨ ਵਧਾਉਣ ਲਈ ਉਸ ਨੇ ਯੂਰਪ ਤੋਂ ਇੰਗਲੈਂਡ ਵੱਡੇ ਜਹਾਜ਼ਾਂ ਰਾਹੀਂ ਅਨਾਜ ਨਿਰਯਾਤ ਕਰਨ ਦੀ ਆਗਿਆ ਦੇ ਦਿੱਤੀ। 1810 ਤੱਕ ਨੈਪੋਲੀਅਨ ਨੇ ਇਹ ਗੱਲ ਅਨੁਭਵ ਕਰ ਲਈ ਸੀ ਕਿ ਉਹ ਸਰਗਰਮ ਟਾਪੂ ਵਾਸੀਆਂ ਨੂੰ ਇਸ ਤਰੀਕੇ ਨਾਲ ਭੁੱਖੇ ਨਹੀ ਮਾਰ ਸਕਦਾ। "ਨਿਰਸੰਦੇਹ ਆਪਣੇ ਦੁਸ਼ਮਣਾਂ ਨੂੰ ਹਾਨੀ ਪਹੁੰਚਾਉਣੀ ਜ਼ਰੂਰੀ ਹੈ ਐਪਰ ਆਪ ਜਿੰਦਾ ਰਹਿਣਾ ਉਸ ਤੋਂ ਵੱਧ ਜ਼ਰੂਰੀ ਹੈ" ਨੈਪੋਲੀਅਨ ਨੇ ਕਿਹਾ।
5. ਫਰਾਂਸੀਸੀ ਫੌਜ ਨੂੰ ਕਪੜੇ ਅਤੇ ਚਮੜੇ ਦੀ ਲੋੜ ਸੀ ਅਤੇ ਇਹਨਾਂ ਨੂੰ ਖਰੀਦਣ ਲਈ ਵਿਸ਼ੇਸ਼ ਲਸੰਸ ਜਾਰੀ ਕਰਨੇ ਪਏ। ਪੰਜਾਹ ਹਜ਼ਾਰ ਅਤੇ ਉਵਰ ਕੋਟ ਲੀਡਜ਼ (Leeds) ਤੋਂ ਲੈਣੇ ਪਏ ਅਤੇ ਨਾਰਥਮਪਟਨ (Northampton) ਤੋਂ ਜੁੱਤੇ ਮੰਗਵਾਉਣੇ ਪਏ।

## ਇਕ ਭੁੱਲ

ਨੈਪੋਲੀਅਨ ਬੋਨਾਪਾਰਟ ਦਾ 'ਕਾਂਟੀਨੈਂਟਲ ਸਿਸਟਮ' ਉਸ ਦੀ ਵੱਡੀ ਭੁੱਲ ਸੀ। ਉਹ ਸਪਲਾਈ ਬੰਦ ਕਰਕੇ ਆਪਣੇ ਵੱਡੇ ਸ਼ਤਰੂ ਨੂੰ ਮਾਰਨ ਦੀ ਨੀਤੀ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ। ਉਸ ਨੂੰ ਆਪਣੀਆਂ ਸੀਮਾਵਾਂ ਦਾ ਅਨੁਭਵ ਨਹੀਂ ਸੀ ਉਸ ਨੇ ਆਪਣੇ ਮਿੱਤਰ ਦੇਸ਼ਾਂ ਦੀਆਂ ਆਪ ਪੈਦਾ ਕੀਤੀਆਂ ਸਮੱਸਿਆਵਾਂ ਹੱਲ ਕਰਨ ਅਤੇ ਉਨ੍ਹਾਂ ਨੂੰ ਸਮਝਣ ਵੱਲ ਬਹੁਤ ਘੱਟ ਧਿਆਨ ਦਿੱਤਾ। ਐਡਵਰਡ ਦੇ ਸ਼ਬਦਾਂ ਵਿਚ ਸਮਾਪਤ ਕਰਦਿਆਂ ਇਹ ਕਿਹਾ ਜਾ ਸਕਦਾ ਹੈ, "ਇਹ ਇਕ ਵਿਲੱਖਣ ਸਕੀਮ ਸੀ ਪਰ ਇਹ ਤਜਰਬੇਕਾਰ ਸਿਆਸਤਦਾਨ ਦੀਆਂ ਸੀਮਾਵਾਂ ਨੂੰ ਉਲੰਘ ਗਈ। ਇਸ ਵਿਚ ਇਹ ਇਕ ਬੁਨਿਆਦੀ ਇਕਾਈ ਰਹਿ ਗਈ ਕਿ ਨੈਪੋਲੀਅਨ ਦੀ ਪਰਜਾ ਆਪਣੇ ਸਾਰੇ ਨਿੱਜੀ ਆਰਾਮ ਨੂੰ ਤਿਆਗ ਦੇਵੇਗੀ ਤਾਂ ਜੋ ਉਹ ਆਪਣੇ ਘਿਰਣਤ ਅਤੇ ਅਜਿੱਤ ਦੁਸ਼ਮਣ ਅਰਥਾਤ ਗਰੇਟ ਬ੍ਰਿਟੇਨ ਜੋ ਯੂਰਪੀ ਲਈ ਆਰਥਿਕ ਤੌਰ ਤੇ ਆਵੱਸ਼ਕ ਸੀ, ਨੂੰ ਨਸ਼ਟ ਕਰਨ ਯੋਗ ਬਣ ਸਕੇ।" ਨਿਰਸੰਦੇਹ ਇਹ ਉਸ ਦੇ ਆਖਰੀ ਪਤਨ ਰੂਪ ਡਰਾਮੇ ਵਿਚ ਮੁੱਖ ਦੁਖਾਂਤ ਸੀ। ਉਸ ਦੀਆਂ ਚਤੁਰਾਈ ਭਰਪੂਰ ਐਪਰ ਗਲਤ ਅਨੁਮਾਨ ਲਾਈਆਂ ਯੋਜਨਾਵਾਂ ਰੁਕਾਵਟ ਬਣੀਆਂ ਜਿਨ੍ਹਾਂ ਨੇ ਉਸ ਦੇ ਕੈਰੀਅਰ ਨੂੰ ਨਸ਼ਟ ਕਰ ਦਿੱਤਾ।

## ਅਧਿਐਨ ਯੋਗ ਹਵਾਲਾ ਪੁਸਤਕਾਂ


1. ਥਾਮਸਨ, *ਨੈਪੋਲੀਅਨ, 'ਹਿਜ਼ ਰਾਈਜ਼ ਐਂਡ ਫਾਲ'*, ਪੰਨਾ 224
2. ਗਰਸ਼ਾਏ, '*ਫ੍ਰੈਂਚ ਰੈਵੋਲਿਊਸ਼ਨ ਐਂਡ ਨੈਪੋਲੀਅਨ*', ਪੰਨੇ 420–30
3. ਕੈਟਲਬੀ, *'ਏ ਹਿਸਟਰੀ ਆਫ ਮਾਡਰਨ ਟਾਈਮਜ਼'*, ਪੰਨੇ 123, 633–34
4. ਲਾਜ, *'ਮਾਡਰਨ ਯੂਰਪ'*
5. ਹੇਜ਼ਨ, *'ਮਾਡਰਨ ਯੂਰਪ'*, ਪੰਨੇ 206–209
6. ਵਿਲੀਅਮਸਨ, *'ਏਵੱਲੂਏਸ਼ਨ ਆਫ ਇੰਗਲੈਂਡ (365–70)'*

7. ਰਾਜਿੰਦਰ ਸਿੰਘ, *'ਯੂਰਪ ਦਾ ਇਤਿਹਾਸ (1789–1870)'*

8. ਅਰੋੜਾ, ਏ. ਸੀ., *'ਵਿਸ਼ਵ ਦਾ ਇਤਿਹਾਸ (1500–1950)'*

## ਅਭਿਆਸ ਲਈ ਪ੍ਰਸ਼ਨ

1. ਨੈਪੋਲੀਅਨ ਦੁਆਰਾ ਸਥਾਪਿਤ ਕਾਟੀਨੈਂਟਲ ਸਿਸਟਮ ਦਾ ਵਰਣਨ ਵਿਸਥਾਰ ਨਾਲ ਕਰੋ ਇਸ ਦੇ ਕਾਰਣ ਅਤੇ ਪ੍ਰਭਾਵ ਵੀ ਲਿਖੋ।

**ਪਾਠ ਨੰਬਰ : 2.4**

# ਨੈਪੋਲੀਅਨ ਦੇ ਪਤਨ ਦੇ ਕਾਰਨ

## ਭੂਮਿਕਾ

1807 ਵਿਚ ਰੂਸ ਦੇ ਜ਼ਾਰ ਅਲੈਗਜ਼ੈਡਰ ਨਾਲ ਟਿਲਸਿਟ ਦੀ ਸੰਧੀ ਦੇ ਹਸਤਾਖਰ ਕਰਨ ਉਪਰੰਤ ਨੈਪੋਲੀਅਨ ਦੀ ਤਾਕਤ ਸਿਖਰ ਤੇ ਪੁੱਜ ਗਈ। ਕੁਝ ਸਮੇਂ ਵਿਚ ਉਸ ਨੇ ਪੁਰਤਗਾਲ ਨੂੰ ਕਿਹਾ ਕਿ ਉਹ ਬ੍ਰਿਟੇਨ ਨਾਲ ਸਾਰਾ ਵਪਾਰ ਬੰਦ ਕਰ ਦੇਵੇ। ਪਰ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਸੁਣ ਕੇ ਪੁਰਤਗਾਲ ਵਿਚ ਆਪਣੀ ਫੌਜ ਭੇਜ ਦਿੱਤੀ, ਜਿਸ ਨੂੰ ਫਰਾਂਸ ਨੇ ਆਸਾਨੀ ਨਾਲ ਜਿੱਤ ਲਿਆ। ਇਸ ਤਰ੍ਹਾਂ ਸਾਲ ਦੇ ਅੰਤ ਤੱਕ ਉਹ ਯੂਰਪ ਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਸ਼ਾਸਕ ਸੀ। ਕੈਟਲਬੀ ਨੇ ਠੀਕ ਕਿਹਾ ਹੈ, "ਟਿਲਸਿਟ ਦੀ ਸੰਧੀ ਅਤੇ ਮਾਸਕੋ ਮੁਹਿੰਮ 1812 ਦੇ ਤੱਕ 5 ਸਾਲ ਦੇ ਸਮੇਂ ਦੌਰਾਨ ਨੈਪੋਲੀਅਨ ਆਪਣੀ ਤਾਕਤ ਦੀ ਸਿਖਰ ਤੇ ਸੀ ਅਤੇ ਯੂਰਪ ਦਾ ਸੁਆਮੀ ਸੀ।" ਉਸ ਸਮੇਂ ਵੀ 1808 ਵਿਚ ਹੀ ਉਸ ਵੱਲੋਂ ਉਸਾਰੇ ਵੱਡੇ ਢਾਂਚੇ ਵਿਚ ਤਬਾਹੀ ਦੇ ਚਿੰਨ੍ਹ ਝਲਕਣ ਲਗ ਪਏ ਸਨ। ਉਸ ਨਾਲ ਫਰਾਂਸੀਸੀ ਫੌਜਾਂ ਨੂੰ ਬੇਲੋਨ ਵਿਖੇ ਪਹਿਲੀ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ। ਇਸ ਹਾਰ ਨੇ ਨੈਪੋਲੀਅਨ ਦੀ ਤਾਕਤ ਨੂੰ ਬੜੀ ਢਾਹ ਲਾਈ। ਪਰ ਇਸ ਦੇ ਬਾਵਜੂਦ ਨੈਪੋਲੀਅਨ 1812 ਤੱਕ ਯੂਰਪ ਦਾ ਬੇਤਾਜ਼ ਬਾਦਸ਼ਾਹ ਬਣਿਆ ਰਿਹਾ।

"ਨੈਪੋਲੀਅਨ ਅੱਧੇ ਯੂਰਪ ਦੇ ਸਿੱਧੇ ਤੌਰ ਤੇ ਅਤੇ ਬਾਕੀ ਅੱਧ ਵਿੱਚੋਂ ਬਹੁਤੇ ਭਾਗ ਤੋਂ ਅਸਿੱਧੇ ਤੌਰ ਤੇ ਰਾਜ ਕਰਦਾ ਹੈ, ਇਹ ਨਾ ਤਾਂ ਘੱਟ ਸੀ ਅਤੇ ਨਾ ਹੀ ਕੋਈ ਅਤਿਕਥਨੀ।" ਵਾਸਤਵ ਵਿਚ ਜਦੋਂ ਜੂਨ 1812 ਵਿਚ ਨੈਪੋਲੀਅਨ ਨੀਮੈਨ (Neiman) ਨੂੰ ਪਾਰ ਕਰਕੇ ਰੂਸ ਜਾਣ ਵਾਲਾ ਸੀ ਤਾਂ ਸਾਰਾ ਯੂਰਪ ਉਸ ਦੀ ਸਤਾ ਨੂੰ ਸਵੀਕਾਰ ਕਰ ਚੁੱਕਾ ਸੀ, ਪ੍ਰੰਤੂ ਕੁਝ ਹੀ ਮਹੀਨਿਆਂ ਵਿਚ ਮਾਸਕੋ ਦੀ ਮੁਹਿੰਮ ਦੇ ਫੇਲ੍ਹ ਹੋਣ ਕਰਕੇ ਉਸ ਨੂੰ ਰੂਸ ਵਿਚ ਨਮੋਸ਼ੀ ਉਠਾਉਣੀ ਪਈ, ਇਸ ਨਾਲ ਸਪੇਨ ਵਿਚ ਫਰਾਂਸੀਸੀ ਤਾਕਤ ਬਿਲਕੁਲ ਖਤਮ ਹੋ ਗਈ। ਤੇ ਫਿਰ ਕੌਮਾਂ ਦੀ ਲੜਾਈ ਪ੍ਰਗਟ ਹੋਈ (ਲੀਪਜਿਗ)। ਇਸ ਦੇ ਨਾਲ ਹੀ ਸਮਰਾਟ ਦਾ ਤਿਆਗ ਅਤੇ ਉਸ ਦਾ ਫਰਾਂਸ ਪਰਤਣਾ ਸਾਹਮਣੇ ਆਇਆ। ਇਥੇ ਉਸ ਨੇ 100 ਦਿਨ ਤੱਕ ਰਾਜ ਕੀਤਾ ਜੂਨ 1815 ਵਿਚ ਵਾਟਰਲੂ ਵਿਚ ਉਸ ਦੀ ਮੁਕੰਮਲ ਹਾਰ ਹੋਈ।

ਇਹ ਪ੍ਰਸ਼ਨ ਪੁੱਛਿਆ ਜਾਂਦਾ ਹੈ ਕਿ ਕਿਹੜੇ ਕਾਰਨ ਸਨ ਜੋ ਸਮਰਾਟ ਦੇ ਪਤਨ ਦਾ ਕਾਰਨ ਬਣੇ। ਕਈਆਂ ਦਾ ਖਿਆਲ ਹੈ ਕਿ ਉਸ ਦੀ ਹਾਰ ਇਨਸਾਨੀ ਸ਼ਕਤੀ ਦੀਆਂ ਸੀਮਾਵਾਂ ਨਿਸ਼ਚਿਤ ਹੋਣ ਕਰਕੇ ਹੋਈ ਕਿਉਂਕਿ ਉਹ ਲਗਾਤਾਰ ਲੜਾਈਆਂ ਅਤੇ ਜੰਗਾਂ ਵਿਚ ਬੁਰੀ ਤਰ੍ਹਾਂ ਰੁਝ ਗਿਆ। ਦੂਜਿਆਂ ਦਾ ਇਹ ਖਿਆਲ ਹੈ ਕਿ ਮਿੱਤਰ ਦੇਸ਼ਾਂ ਦੀ ਉਸ ਵਿਰੁੱਧ ਜਿੱਤੇ ਸਚਾਈ ਦੀ ਬੁਰਾਈ ਉੱਤੇ ਜਿੱਤ ਸੀ। ਪਰ ਵਾਸਤਵ ਵਿਚ ਨੈਪੋਲੀਅਨ ਦੀ ਹਾਰ ਭਿੰਨ ਭਿੰਨ ਕਾਰਨਾਂ ਕਰਕੇ ਹੋਈ ਜਿਨ੍ਹਾਂ ਤੇ ਨਿਮਨ ਅਨੁਸਾਰ ਵਿਚਾਰ ਕੀਤਾ ਜਾ ਸਕਦਾ ਹੈ।

**1. ਨੈਪੋਲੀਅਨ ਦੀ ਅਤਿ ਅਧਿਕ ਸਾਮਰਾਜੀ ਖਾਹਿਸ਼ :** ਨੈਪੋਲੀਅਨ ਦੀਆਂ ਖਾਹਿਸ਼ਾਂ ਬਹੁਤ ਉੱਚੀਆਂ ਸਨ ਉਹ ਇਕ ਅਜਿਹਾ ਸਾਮਰਾਜ ਸਥਾਪਿਤ ਕਰਨ ਦਾ ਚਾਹਵਾਨ ਸੀ ਜਿਹੜਾ ਸਿੰਕਦਰ

ਦੇ ਰੋਮਨ ਸਾਮਰਾਜ ਤੋਂ ਵੱਧ ਅਤੇ ਗੌਰਵਮਈ ਅਤੇ ਵਿਸ਼ਾਲ ਹੁੰਦਾ। ਆਪਣੇ ਕੈਰੀਅਰ ਦੇ ਆਰੰਭ ਵਿਚ ਉਸ ਨੇ ਸਰਦੀ ਦੀ ਬਰਫ ਜੰਮੀ ਰੁੱਤ ਵਿਚ ਐਲਪਸ ਨੂੰ ਪਾਰ ਕਰਕੇ ਹੈਨੀਬਾਲ (Hannibal) ਦੀ ਕਾਰਗੁਜਾਰੀ ਨੂੰ ਦੁਹਰਾਇਆ ਅਤੇ ਸੰਸਾਰ ਭਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ। ਉਸ ਦੀ ਬਾਅਦ ਵਿਚ ਇਟਲੀ ਦੀ ਜਿੱਤ ਨੇ ਉਸ ਨੂੰ ਇਕ ਅਜਿੱਤ ਜਰਨੈਲ ਵਜੋਂ ਰੂਪਮਾਨ ਕੀਤਾ। 1798 ਵਿਚ ਮਿਸਰ ਵਿਚ ਉਸ ਨੇ ਹਮਲੇ, ਬਾਅਦ ਵਿਚ ਏਕਰ ਦੀਆਂ ਮੁਹਿੰਮਾਂ ਨੇ ਉਸ ਨੂੰ ਦੁਨੀਆਂ ਦੇ ਸਫਲ ਜਰਨੈਲਾਂ ਦਾ ਰੁਤਬਾ ਦਿਵਾਇਆ। ਪਹਿਲੇ ਕੌਂਸਲ ਵਜੋਂ ਬਾਅਦ ਵਿਚ ਆਸਟਰਲਿਟਜ਼, ਫਰਾਇਡਲੈਂਡ ਅਤੇ ਜੇਨਾਂ ਵਿਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਅਤੇ ਉਸ ਨੂੰ ਯੂਰਪ ਦਾ ਸੁਆਮੀ ਬਣਾ ਦਿੱਤਾ। ਇਟਲੀ, ਜਰਮਨੀ, ਆਸਟਰੀਆ, ਹੰਗਰੀ, ਬੈਲਜੀਅਮ, ਹਾਲੈਂਡ, ਸਵੀਡਨ ਅਤੇ ਪੋਲੈਂਡ ਆਦਿ ਸਾਰੇ ਉਸ ਦੀ ਈਨ ਮੰਨਦੇ ਸਨ। 1807 ਵਿਚ ਜ਼ਾਰ ਅਲੈਗਜੈਂਡਰ ਨੂੰ ਅਧੀਨ ਸਾਥੀ ਬਣਨ ਲਈ ਮਜ਼ਬੂਰ ਕੀਤਾ। ਸਮਰਾਟ ਅਤੇ ਜ਼ਾਰ ਦੋਵੇਂ ਤੁਰਕੀ ਸਮਰਾਟ ਨੂੰ ਨੀਵਾਂ ਦਿਖਾਉਣ ਲਈ ਰਲ ਕੇ ਹਮਲਾ ਕਰਨ ਲਈ ਸਹਿਮਤ ਹੋ ਗਏ। ਬਾਅਦ ਵਿਚ ਨੈਪੋਲੀਅਨ ਨੇ ਜ਼ਾਰ ਨੂੰ ਤੁਰਕੀ ਨੂੰ ਜਿੱਤਣ ਅਤੇ ਹਿੰਦੁਸਤਾਨ ਨੂੰ ਜਿੱਤਣ ਲਈ ਮਿਲ ਕੇ ਹਮਲਾ ਕਰਨ ਦਾ ਸੁਝਾਅ ਦਿੱਤਾ। ਯੂਰਪ ਵਿਚ ਇਕ ਦੇਸ਼ ਅਜਿਹਾ ਸੀ ਜਿਹੜਾ ਨੈਪੋਲੀਅਨ ਦੀ ਆਗਿਆ ਦਾ ਪਾਲਣ ਨਹੀਂ ਸੀ ਕਰਦਾ ਤੇ ਉਹ ਸੀ ਗ੍ਰੇਟ ਬ੍ਰਿਟੇਨ। ਉਸ ਨੂੰ ਇਹ ਗੱਲ ਭਲੀ ਪ੍ਰਕਾਰ ਪਤਾ ਸੀ ਕਿ ਜਦੋਂ ਤੱਕ ਉਹ ਉਸ ਨੂੰ ਨਹੀਂ ਜਿੱਤਦਾ ਉਦੋਂ ਤੱਕ ਦੁਨੀਆਂ ਦੀ ਫਤਹਿ ਹੋਣ ਦਾ ਸੁਪਨਾ ਸਾਕਾਰ ਨਹੀਂ ਹੋ ਸਕਦਾ। ਉਹ ਉਸ ਨੂੰ ਨੀਵਾਂ ਦਿਖਾਉਣ ਵਿਚ ਅਸਫਲ ਰਿਹਾ ਸੀ। ਇਸ ਲਈ ਉਸ ਦਾ ਘੁਮੰਡ ਤੋੜਨ ਲਈ ਉਸ ਨੇ ਉਨ੍ਹਾਂ ਮੁਹਿੰਮਾਂ ਨੂੰ ਆਪਣਾਇਆ ਜਿਸ ਵਿਚ ਸਫਲ ਨਾ ਹੋ ਸਕਿਆ। ਆਪਣੇ ਸਮਰਾਜੀ ਲਾਲਚ ਦੀ ਖਾਹਿਸ਼ ਨੂੰ ਪੂਰਾ ਕਰਨ ਲਈ ਉਸ ਨੇ ਆਪਣੇ ਜਾਲ ਇਨੇ ਦੂਰ ਤੱਕ ਫੈਲਾ ਦਿੱਤੇ, ਜਿਨ੍ਹਾਂ ਨੂੰ ਕੰਟਰੋਲ ਕਰਨਾ ਆਸਾਨ ਨਹੀਂ ਸੀ। ਉਸ ਵੇਲੇ ਸਥਾਪਿਤ ਕੀਤੇ ਸਾਮਰਾਜ ਦੀਆਂ ਸੀਮਾਵਾਂ ਨੂੰ ਇਕੱਠੇ ਰਖਣ ਅਤੇ ਕੰਟਰੋਲ ਕਰਨ ਤੇ ਬਹੁਤ ਖਰਚ ਆਇਆ। ਅੰਤ ਨੂੰ ਉਨ੍ਹਾਂ ਵਿਚ ਸੁਰਾਖ ਪੈ ਗਏ ਜੋ ਨੈਪੋਲੀਅਨ ਦੇ ਪਤਨ ਦਾ ਕਾਰਨ ਬਣੇ।

**2. ਇਨਸਾਨੀ ਸਮਰੱਥਾ ਦੀ ਸੀਮਾ :** ਨੈਪੋਲੀਅਨ ਯੁੱਧ ਨੀਤੀ ਵਿਚ ਨਿਪੁੰਨ ਸੀ। ਉਹ ਇਕ ਬਹੁਤ ਛੋਟੇ ਕਰਮਚਾਰੀ ਦੇ ਰੈਂਕ ਤੋਂ ਕੇਵਲ ਸਖਤ ਮਿਹਨਤ, ਸੂਝ, ਲਗਨ ਅਤੇ ਸ਼ਾਨਦਾਰ ਜਰਨਲਸ਼ਿਪ ਨਾਲ ਉੱਚ ਅਹੁਦੇ ਤੇ ਪਹੁੰਚਿਆ ਸੀ। ਪਰ ਆਖਿਰ ਉਹ ਵੀ ਤਾਂ ਇਕ ਇਨਸਾਨ ਸੀ, ਸੁਪਰਮੈਨ ਜਾਂ ਭਗਵਾਨ ਤਾਂ ਨਹੀਂ ਸੀ। ਉਹ ਅਕਸਰ ਘੋੜੇ ਦੀ ਪਿੱਠ ਤੇ ਹੀ ਲੜਾਈ ਦੇ ਮੈਦਾਨਾਂ ਵਿੱਚ ਆਪਣੀ ਫੌਜ ਦੀ ਲਗਾਤਾਰ ਕਈ ਕਈ ਦਿਨ ਅਗਵਾਈ ਕਰਦਾ ਸੀ। ਇਸ ਗੱਲ ਦਾ ਉਸ ਦੀ ਸਰੀਰਕ ਤੇ ਮਾਨਸਿਕ ਸ਼ਕਤੀ ਤੇ ਪ੍ਰਭਾਵ ਪੈਣਾ ਲਾਜ਼ਮੀ ਸੀ, ਇਸੇ ਲਈ ਉਹ ਅਖੀਰ ਵਿਚ ਇਕੱਠਾ ਫੈਸਲਾ ਨਹੀਂ ਕਰ ਸਕਿਆ। ਉਸ ਦੀ ਸੋਚ ਬੇਢਬੀ ਬਣ ਗਈ ਅਤੇ ਉਸ ਨੇ ਅਜਿਹੀ ਸਰਗਰਮੀ ਅਤੇ ਯੁੱਧ ਨੀਤੀ ਅਪਣਾਈ ਜਿਸ ਨੇ ਉਸ ਦੀ ਤਬਾਹੀ ਦਾ ਰਸਤਾ ਖੋਲ੍ਹ ਦਿੱਤਾ। ਨੈਪੋਲੀਅਨ ਦੀ ਜਨਰਲਸ਼ਿਪ ਦੇ ਅਖੀਰਲੇ ਸਾਲਾਂ ਦਾ ਜ਼ਿਕਰ ਕਰਦੇ ਹਾਂ ਤਾਂ ਇਕ ਦਮ ਇਸ ਨਿਰਣੇ ਤੇ ਪੁੱਜ ਜਾਂਦੇ ਹਾਂ ਕਿ ਉਸ ਦੀ ਅਸਫਲਤਾ ਦਾ ਕਾਰਣ ਸਿਹਤ ਦੀ ਖਰਾਬੀ ਜਾਂ ਸਰੀਰਕ ਵਿਗਾੜ ਸੀ ਜੋ ਹੱਦ ਤੋਂ ਵੱਧ ਰੁਝੇਵੇਂ ਜਾਂ ਵਧ ਰਹੇ ਸਰੀਰਕ ਬੋਝ ਕਰਕੇ ਹੋਇਆ। ਇਸ ਕਥਨ ਦੇ ਪੱਖ ਵਿਚ ਘੱਟ ਪਰ ਵਿਰੋਧ ਵਿਚ ਬਹੁਤ ਕੁਝ ਕਿਹਾ ਜਾ ਸਕਦਾ ਹੈ। ਉਦਾਹਰਣਾਂ ਵਜੋਂ ਉਹ ਲਿਖਦਾ ਹੈ ਕਿ "ਨੈਪੋਲੀਅਨ ਨੇ ਆਪਣੀ 1812 ਦੀ ਰੂਸੀ ਮੁਹਿੰਮ ਸਮੇਂ ਅਤਿ ਦੀ ਸਰਗਰਮੀ ਦਿਖਾਈ।" ਉਹ ਸਾਰਾ ਦਿਨ ਅਤੇ ਕਾਫੀ ਰਾਤ ਗਈ ਤੱਕ ਕੰਮ ਵਿਚ ਰੁਝਾ ਰਹਿੰਦਾ। ਫਰਾਂਸ ਤੇ ਉਸ ਦਾ ਸ਼ਾਸਨ ਸੀ। ਜਰਮਨੀ ਅਤੇ ਪੋਲੈਂਡ ਉਸ ਦੀ ਇੱਛਾ ਅਨੁਸਾਰ ਚਲਦੇ ਸਨ। ਫੂਲਰ

ਅੰਤ ਵਿਚ ਲਿਖਦਾ ਹੈ, "1813 ਵਿਚ ਦੀ ਓਲਡੀਬਨ ਨੇ ਵੀ ਉਸ ਸਰਗਰਮੀ ਦੀ ਚਰਚਾ ਕੀਤੀ।"

**3. ਨੈਪੋਲੀਅਨ ਦਾ ਅਭਿਮਾਨ ਅਤੇ ਘੁਮੰਡ :** ਸ਼ਕਤੀ ਅਤੇ ਆਪਣੇ ਵਿਰੋਧੀਆਂ ਦੇ ਮੁਕਾਬਲੇ ਬੇਰੋਕ ਸਫਲਤਾ ਨੇ ਨੈਪੋਲੀਅਨ ਦਾ ਸਿਰ ਫੇਰ ਦਿੱਤਾ। 1807 ਵਿਚ ਟਿਲਸਿਟ ਦੀ ਸੰਧੀ ਦੇ ਹਸਤਾਖਰ ਹੋਣ ਅਤੇ ਉਸ ਸਾਲ ਆਪਣੀ ਤਾਕਤ ਨਾਲ ਪੁਰਤਗਾਲ ਤੇ ਕਬਜ਼ਾ ਕਰਨ ਨਾਲ ਲਿਸਬਨ ਤੋਂ ਲੈ ਕੇ ਮਾਸਕੋ ਤੱਕ ਸਾਰੇ ਯੂਰਪ ਤੇ ਉਸ ਦਾ ਅਧਿਕਾਰ ਹੋ ਗਿਆ। ਉਸ ਦਾ ਇਹ ਦ੍ਰਿੜ ਵਿਸ਼ਵਾਸ ਬਣ ਗਿਆ ਕਿ ਉਹ ਅਜਿੱਤ ਹੈ ਕਿਸੇ ਵੀ ਤਾਕਤ ਨੂੰ ਭਾਵੇਂ ਉਹ ਕਿੰਨੀ ਵੀ ਤਕੜੀ ਕਿਉਂ ਨਾ ਹੋਵੇ, ਉਸ ਦੀ ਬਰਾਬਰੀ ਕਰਨ ਦਾ ਹੱਕ ਨਹੀਂ ਹੈ। ਯੂਰਪ ਦੇ ਸਾਰੇ ਬਾਦਸ਼ਾਹਾਂ ਅਤੇ ਮਹਾਰਾਜਿਆਂ ਨੂੰ ਉਸ ਦੇ ਅੱਗੇ ਸਿਰ ਨਿਵਾਉਣਾ ਅਤੇ ਉਸ ਦੀਆਂ ਡਿਕਰੀਆਂ ਦਾ ਪਾਲਣ ਕਰਨਾ ਚਾਹੀਦਾ ਹੈ। ਕੋਈ ਵੀ ਤਾਕਤ ਜਿਹੜੀ ਉਸ ਦੀ ਹੁਕਮ ਅਦੂਲੀ ਕਰਦੀ, ਉਸ ਨੂੰ ਮਿੱਟੀ ਵਿਚ ਮਿਲਾਉਣਾ ਜ਼ਰੂਰੀ ਸੀ। ਉਸ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਉਹ ਸਦਾ ਸਹੀ ਹੁੰਦਾ ਅਤੇ ਜਿਹੜੇ ਉਸ ਦਾ ਵਿਰੋਧ ਕਰਦੇ ਹਨ ਉਹ ਸਦਾ ਗਲਤ ਹੁੰਦੇ ਹਨ। ਉਨ੍ਹਾਂ ਨੂੰ ਮਜ਼ਬੂਰ ਕਰਕੇ ਜਾਂ ਮਿਲਟਰੀ ਮੁਹਿੰਮ ਦੁਆਰਾ ਠੀਕ ਰਾਹ ਤੇ ਲਿਆਉਣਾ ਜ਼ਰੂਰੀ ਸੀ। ਉਸ ਨੇ ਪੁਰਤਗਾਲੀਆਂ ਪੋਪ ਅਤੇ ਹੋਰ ਬਹੁਤਿਆਂ ਵਿਰੁੱਧ ਉਦੋਂ ਸ਼ਕਤੀ ਦੀ ਵਰਤੋਂ ਕੀਤੀ, ਜਦੋਂ ਉਸ ਦਾ ਹੁਕਮ ਮੰਨਣ ਤੋਂ ਇਨਕਾਰੀ ਹੋਏ।

ਨੈਪੋਲੀਅਨ ਨੂੰ ਆਪਣੇ ਅਚੁੱਕ ਅਤੇ ਅਜਿੱਤ ਹੋਣ ਦਾ ਵਿਸ਼ਵਾਸ ਹੋ ਗਿਆ। ਉਦਾਹਰਣ ਵਜੋਂ ਉਸ ਨੇ ਸਲਾਹ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਸਮਝੌਤੇ ਦੇ ਖਿਆਲ ਤੇ ਵੀ ਨੱਕ ਮੂੰਹ ਚੜਾਇਆ। ਕੇਵਲ ਉਦਾਹਰਣ ਦੇ ਦਿੱਤੀ ਜਾਂਦੀ ਹੈ ਜਦੋਂ ਮੈਟਰਨਿਕ ਨੇ ਡ੍ਰੈਸਡਨ ਵਿਖੇ ਇਹ ਤਜਵੀਜ ਪੇਸ਼ ਕੀਤੀ ਉਸ ਨੇ ਯੂਰਪ ਦੀ ਭਲਾਈ ਨੂੰ ਮੁੱਖ ਰਖਦਿਆਂ ਕੁਝ ਸ਼ਰਤਾਂ ਤੇ ਸ਼ਾਂਤੀ ਸੰਧੀ ਤੇ ਹਸਤਾਖਰ ਕਰਨ ਦੀ ਤਜ਼ਵੀਜ਼ ਪੇਸ਼ ਕੀਤੀ ਤਾਂ ਉਸ ਨੇ ਜਵਾਬ ਦਿੱਤਾ। ਕਿਹਾ ਜਾਂਦਾ ਹੈ ਕਿ ਉਸ ਨੇ ਹੰਕਾਰ ਵਿੱਚ ਕਿਹਾ, "ਤੁਸੀਂ ਮੇਰੇ ਪਾਸੋਂ ਇਹ ਕੀ ਆਸ ਰਖਦੇ ਹੋ, ਕੀ ਮੈਂ ਆਪਣਾ ਅਪਮਾਨ ਕਰਾਂ ? ਕਦੇ ਵੀ ਨਹੀਂ, ਮੈਂ ਜਾਨ ਤੱਕ ਕੁਰਬਾਨ ਕਰ ਦੇਵਾਂਗਾ ਪਰ ਇਕ ਇੰਚ ਵੀ ਜ਼ਮੀਨ ਨਹੀਂ ਦੇਵਾਂਗਾ।" ਇਸ ਪ੍ਰਕਾਰ ਦਾ ਘੁਮੰਡ ਅਤੇ ਸਮਝੌਤੇ ਪ੍ਰਤੀ ਉਦਾਸੀਨਤਾ ਨੇ ਨੈਪੋਲੀਅਨ ਅਤੇ ਉਸ ਦੀਆਂ ਸਰਗਰਮੀਆਂ ਵਿਰੁੱਧ ਇਕ ਨਿਸ਼ਚਿਤ ਅਤੇ ਸਰਗਰਮ ਵਿਰੋਧ ਨੂੰ ਜਨਮ ਦਿੱਤਾ। ਉਸ ਦੇ ਦ੍ਰਿੜ ਵਿਸ਼ਵਾਸ ਨੇ ਉਸ ਨੂੰ ਆਪੱਤੀ ਵਿਚ ਪਾ ਦਿੱਤਾ।

**4. ਧੋਖੇ ਅਤੇ ਚਲਾਕੀ ਵਾਲੇ ਤਰੀਕੇ ਅਪਣਾਉਣਾ :** ਨੈਪੋਲੀਅਨ ਨੇ ਆਪ ਇਕ ਥਾਂ ਲਿਖਿਆ, "ਮੈਨੂੰ ਪਤਾ ਹੈ ਕਿ ਮੈਂ ਸ਼ੇਰ ਦੀ ਖੱਲ ਲੂਮੜੀ ਦੀ ਖੱਲ ਬਦਲੇ ਵਟਾਉਣੀ ਹੈ। ਅਰਥਾਤ ਮੈਂ ਕਦੋਂ ਆਪਣੇ ਢੰਗਾਂ ਵਿਚ ਪਰਿਵਰਤਨ ਲਿਆਉਣਾ ਹੈ।" ਇਸ ਲਈ ਉਹ ਆਪਣੇ ਮਨੋਰਥ ਦੀ ਪੂਰਤੀ ਲਈ ਅਤੇ ਸਫਲਤਾ ਪ੍ਰਾਪਤ ਕਰਨ ਲਈ ਹਰ ਤਰ੍ਹਾਂ ਦੇ ਤਰੀਕੇ ਅਪਨਾਉਣ ਨੂੰ ਤਿਆਰ ਸੀ। ਇੱਥੋਂ ਤੱਕ ਕਿ ਉਹ ਧੋਖੇ ਅਤੇ ਚਲਾਕੀ ਨਾਲ ਤਰੀਕੇ ਅਪਨਾਉਣ ਤੋਂ ਵੀ ਗੁਰੇਜ਼ ਨਹੀਂ ਸੀ ਕਰਦਾ। ਇਹ ਇਕ ਜਾਣਿਆ ਹੋਇਆ ਤੱਥ ਹੈ ਕਿ ਸਪੇਨ ਦੇ ਰਾਜ ਨੂੰ ਆਪਣੇ ਹੱਕ ਵਿਚ ਤਿਆਗਣ ਲਈ ਸਪੇਨ ਦੇ ਬਾਦਸ਼ਾਹ ਚਾਰਲਸ ਚੌਥੇ ਅਤੇ ਕਰਾਉਣ ਪ੍ਰਿੰਸ ਫਰਡੀਨੈਂਡ ਨੂੰ ਕਿਸ ਤਰ੍ਹਾਂ ਹੁਕਮ ਦਿੱਤਾ ਉਹਨੇ 1807 ਤੋਂ ਮਗਰੋਂ ਕੁਝ ਸਾਲਾਂ ਲਈ ਉਸ ਤੁਰਕੀ ਸਾਮਰਾਜ ਜਿੱਤਣ ਲਈ ਸਾਂਝੀ ਮੁਹਿੰਮ ਚਲਾਉਣ ਦੇ ਝੂਠੇ ਵਾਅਦੇ ਕਰਕੇ ਜ਼ਾਰ ਅਲੈਗਜ਼ੈਂਡਰ ਨੂੰ ਆਪਣੇ ਹੱਕ ਵਿਚ ਕਰ ਲਿਆ। ਇਹ ਕੇਵਲ ਦੋ ਉਦਾਹਰਣਾਂ ਹਨ ਕਿ ਉਸ ਨੇ ਕਿਸ ਤਰ੍ਹਾਂ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਧੋਖੇ ਵਾਲਾ ਤਰੀਕਾ ਅਪਣਾਇਆ, ਸਮੇਂ ਦੇ ਬੀਤਣ ਨਾਲ ਧੋਖਾ ਅਤੇ ਚਲਾਕੀ ਸਾਹਮਣੇ ਆ ਗਈ ਅਤੇ ਸ਼ਾਸਕਾਂ ਅਤੇ ਉਨ੍ਹਾਂ ਸਾਰੇ ਦੇਸ਼ਾਂ ਨੂੰ ਜਿਨ੍ਹਾਂ ਤੇ ਉਸ ਨੇ ਕਬਜ਼ਾ ਕੀਤਾ ਸੀ, ਉਸ

ਵਿਰੁੱਧ ਹਥਿਆਰ ਚੁੱਕ ਲਏ। ਉਨ੍ਹਾਂ ਦੇ ਕਰੜੇ ਵਿਰੋਧ ਨੇ ਅਤੇ ਪਿੱਛੋਂ ਤਕੜੀ ਜਦੋਂ ਜਹਿਦ ਨੇ ਉਸ ਦੀ ਪ੍ਰਧਾਨਤਾ ਖਤਮ ਕਰ ਦਿੱਤੀ ਅਤੇ ਅੰਤ ਨੂੰ ਵਾਟਰਲੂ ਦੀ ਜੰਗ ਵਿਚ ਉਸ ਦੀ ਮੁਕੰਮਲ ਹਾਰ ਹੋਈ।

**5. ਨੈਪੋਲੀਅਨ ਨੇ ਆਪਣੀਆਂ ਵਿਰੋਧੀ ਤਾਕਤਾਂ ਦੀ ਸ਼ਕਤੀ ਦਾ ਠੀਕ ਅਨੁਮਾਨ ਨਾ ਲਾਇਆ :** ਨੈਪੋਲੀਅਨ ਨੂੰ ਆਪਣੀ ਫੌਜ ਦੀ ਤਾਕਤ ਤੇ ਹੱਦੋਂ ਵੱਧ ਭਰੋਸਾ ਸੀ ਅਤੇ ਉਸ ਨੇ ਆਪਣੇ ਵਿਰੋਧੀਆਂ ਦੀ ਤਾਕਤ ਦਾ ਸਦਾ ਗ਼ਲਤ ਅਨੁਮਾਨ ਲਾਇਆ। ਜਦੋਂ ਸਪੇਨ ਵਿਰੁੱਧ ਮੁਹਿੰਮ ਸ਼ੁਰੂ ਕਰਨ ਵਾਲਾ ਸੀ ਤਾਂ ਉਸ ਨੇ ਕਿਹਾ ਸੀ ਕਿ ਉਹ ਦੇਸ਼ ਤੇ ਜਿੱਤ ਪ੍ਰਾਪਤ ਕਰੇਗਾ ਭਾਵੇਂ ਉਸ ਨੂੰ 8,000 ਸੈਨਿਕ ਭੇਜਣੇ ਪੈਣ। ਪਰ ਵਾਸਤਵ ਵਿੱਚ ਉਸ ਦਾ ਵਿਸ਼ਵਾਸ ਇਹ ਸੀ ਅਤੇ ਉਸ ਨੇ ਕਿਹਾ ਸੀ ਕਿ ਉਸ ਨੂੰ ਲੜਾਈ ਜਿੱਤਣ ਲਈ ਕੇਵਲ 12,000 ਫੌਜੀਆਂ ਦੀ ਜ਼ਰੂਰਤ ਪਵੇਗੀ। ਉਸ ਨੇ ਆਪਣੀ 1812 ਦੀ ਮਾਸਕੋ ਮੁਹਿੰਮ ਸਮੇਂ ਵੀ ਰੂਸੀਆਂ ਦੀ ਤਾਕਤ ਦਾ ਘੱਟ ਅਨੁਮਾਨ ਲਾਇਆ ਸੀ। ਇਨ੍ਹਾਂ ਸਾਰੀਆਂ ਗੱਲਾਂ ਦਾ ਅੰਤ ਨੂੰ ਉਸ ਦੀ ਅਸਫਲਤਾ ਦਾ ਕਾਰਨ ਬਣਨਾ ਲਾਜ਼ਮੀ ਸੀ।

**6. ਨੈਪੋਲੀਅਨ ਵੱਲੋਂ ਆਪਣੀ ਸੈਨਿਕ ਸ਼ਕਤੀ ਨੂੰ ਵਧਾਉਣ :** ਨੈਪੋਲੀਅਨ ਪੁਨਰ-ਗਠਿਤ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਅਤੇ ਚੰਗੀ ਤਰ੍ਹਾਂ ਅਨੁਸ਼ਾਸਤ ਫੌਜ ਨਾਲ ਇਕ ਵਿਸ਼ਾਲ ਸਾਮਰਾਜ ਸਥਾਪਿਤ ਕਰਨ ਵਿਚ ਸਫਲ ਹੋਇਆ ਜਿਹੜੀ ਨਾ ਕੇਵਲ ਉਸ ਤੇ ਸ਼ਰਧਾ ਹੀ ਰਖਦੀ ਸੀ ਸਗੋਂ ਫਰਾਂਸ ਦੀ ਸ਼ਾਨ ਨੂੰ ਵਧਾਉਣ ਦੀ ਵੀ ਪ੍ਰਬਲ ਇੱਛਾ ਰਖਦੀ ਸੀ। ਉਨ੍ਹਾਂ ਨੂੰ ਫੌਜੀਆਂ ਦੇ ਦਿਲਾਂ ਵਿੱਚ ਸਵੈ ਭਰੋਸੇ, ਨਿਡਰਤਾ ਅਤੇ ਬਹਾਦਰੀ ਦੀ ਭਾਵਨਾ ਪੈਦਾ ਕਰਨ ਵਿਚ ਪੂਰੀ ਤਰ੍ਹਾਂ ਸਫਲਤਾ ਮਿਲੀ, ਜਿਨ੍ਹਾਂ ਨੇ ਉਨ੍ਹਾਂ ਲਈ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ, ਆਪਣੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦੀ ਭਾਵਨਾ ਨਾਲ ਤੀਬਰ ਰਾਸ਼ਟਰੀਅਤਾ ਪੈਦਾ ਕਰਨ ਦੇ ਜ਼ਜਬੇ ਵਾਲੇ ਸੈਨਿਕ ਆਪਣੇ ਦੁਸ਼ਮਣ ਵਿਰੁੱਧ ਜਿੱਤ ਤੇ ਜਿੱਤ ਪ੍ਰਾਪਤ ਕਰਦੇ ਰਹੇ, ਜਿਹੜੇ ਸਿਧਾਂਤ ਦੀ ਬਜਾਏ ਆਪਣੇ ਰਾਜਿਆਂ ਅਤੇ ਰਾਣੀਆਂ ਕਰਕੇ ਜੰਗ ਲੜਦੇ ਰਹੇ। ਪਰੰਤੂ ਕੁਝ ਸਾਲਾਂ ਮਗਰੋਂ ਨੈਪੋਲੀਅਨ ਦੇ ਵਿਰੋਧੀ ਆਪਣੀ ਮਜ਼ਬੂਰੀ ਮਿਲਟਰੀ ਮਸ਼ੀਨਾਂ ਬਣਾਉਣ ਵਿਚ ਉਸ ਦੀ ਮਦਦ ਕੀਤੀ। ਉਦਾਹਰਣ ਵਜੋਂ ਪਰਸ਼ੀਆ ਦੇ ਨੇਤਾ ਜਿਵੇਂ ਕਿ ਜੇਨੀਸੈਨਾਊ (Geneisenou) ਅਤੇ ਸਟੀਨ (Stein) ਨੇ ਵੀ ਆਪਣੇ ਲਈ ਤਕੜੀ ਫੌਜ ਤਿਆਰ ਕਰ ਲਈ। 1808 ਵਿਚ ਆਸਟਰੀਆ ਨੇ ਵੀ ਆਪਣੇ ਲਈ ਵੱਡੀ ਫੌਜ ਬਣਾ ਲਈ। ਹੋਰਨਾਂ ਦੇਸ਼ਾਂ ਨੇ ਵੀ ਇਵੇਂ ਕੀਤਾ। ਇਸ ਲਈ ਕਝ ਸਮੇਂ ਮਗਰੋਂ ਸੈਨਿਕ ਸ਼ਕਤੀ ਦੇ ਵਧਣ ਨਾਲ ਆਸਟਰੀਆ, ਪਰਸ਼ੀਆ ਅਤੇ ਰੂਸ ਆਦਿ ਨੇ ਆਪਣੀ ਫੌਜ ਨਾਲ ਵਿਰੋਧ ਕੀਤਾ ਉਸ ਦੀ ਫੌਜ ਨੂੰ ਦੂਜੇ ਦੇਸ਼ਾਂ ਵਿਸ਼ੇਸ਼ ਕਰਕੇ ਪਰਸ਼ੀਆ ਦੀ ਪੂਰੀ ਤਰ੍ਹਾਂ ਸਿੱਖਿਅਤ ਫੌਜਾਂ ਨਾਲ ਲੜਾਈ ਲੜਨੀ ਪਈ। ਉਨ੍ਹਾਂ ਨੇ ਲੀਪਜਿਗ ਵਿਖੇ ਫਰਾਂਸੀਸੀ ਫੌਜਾਂ ਦਾ ਬਹੁਤ ਨੁਕਸਾਨ ਕੀਤਾ। ਨੈਪੋਲੀਅਨ ਦੀ ਫੌਜ ਲਗਾਤਾਰ ਲੜਾਈਆਂ ਵਿਚ ਆਪਣੀ ਸ਼ਕਤੀ ਖੋ ਬੈਠੀ ਸੀ। ਮਿੱਤਰ ਦੇਸ਼ਾਂ ਵਿਰੁੱਧ ਬਾਅਦ ਦੀ ਲੜਾਈ ਸਮੇਂ ਉਹ ਬਹੁਤੇ ਸਿਪਾਹੀਆਂ ਨੂੰ ਭਰਤੀ ਕਰ ਸਕਿਆ ਤਾਂ ਜੋ ਆਪਣੇ ਵਿਰੋਧੀਆਂ ਨੂੰ ਚੰਗੀ ਹਾਰ ਦੇ ਸਕੇ। ਨੈਪੋਲੀਅਨ ਨੇ ਆਪ ਇਕ ਥਾਂ ਲਿਖਿਆ ਸੀ, "ਪਰਮਾਤਮਾ ਵੱਡੀਆਂ ਬਟਾਲੀਅਨਾਂ ਨਾਲ ਚਲਦਾ ਹੈ," ਅਤੇ ਇਹ ਗੱਲ ਉਦੋਂ ਤਕ ਠੀਕ ਨਿਕਲਦੀ ਹੈ ਜਦੋਂ ਕਿ ਉਸ ਦੇ ਵਿਰੋਧੀਆਂ ਨੇ ਉਸ ਨੂੰ ਜਿੱਤਣ ਲਈ ਵੱਡੀਆਂ ਫੌਜਾਂ ਲਿਆਂਦੀਆਂ।

**7. ਨੈਪੋਲੀਅਨ ਦੇ ਜਰਨੈਲ :** ਨੈਪੋਲੀਅਨ ਦੇ ਪਤਨ ਦਾ ਇਕ ਕਾਰਣ ਉਸ ਦੇ ਆਪਣੇ

1. ਫੁਲਰ : ਸਾਹਮਣਾ, ਪੰਨਾ 455-56

ਜਰਨੈਲਾਂ ਦੀ ਆਪਣੀ ਈਰਖਾ ਸੀ। ਨੈਪੋਲੀਅਨ ਨੇ ਭਿੰਨ ਭਿੰਨ ਮੁਹਿੰਮਾਂ ਨੂੰ ਚਲਾਉਣ ਦਾ ਕੰਮ ਆਪਣੇ ਕੋਲ ਕੇਂਦਰਤ ਕੀਤਾ ਹੋਇਆ ਸੀ। ਉਸ ਦੇ ਜਰਨੈਲਾਂ ਤੇ ਮੁਹਿੰਮ ਚਲਾਉਣ ਦੀ ਜ਼ਿੰਮੇਵਾਰੀ ਜਾਂ ਤਾਂ ਬਿਲਕੁਲ ਹੀ ਨਹੀਂ ਸੀ ਜਾਂ ਘੱਟ ਸੀ। ਉਹਨਾਂ ਨੂੰ ਉਸ ਦੀਆਂ ਹਦਾਇਤਾਂ ਅਨੁਸਾਰ ਕੰਮ ਕਰਨਾ ਪੈਂਦਾ ਸੀ ਅਤੇ ਕਿਸੇ ਸਮੱਸਿਆ ਨੂੰ ਸੁਲਝਾਉਣ ਲਈ ਸੁਤੰਤਰ ਤੌਰ ਤੇ ਕੰਮ ਨਹੀਂ ਕਰ ਸਕਦੇ ਸਨ। ਇਹ ਗੱਲ ਫਰਾਂਸ ਦੇ ਉਲਟ ਸੀ। "ਨੈਪੋਲੀਅਨ ਦੇ ਮਾਰਸ਼ਲ" ਜਿਵੇਂ ਕਿ ਫੁਲਰ ਨੇ ਕਿਹਾ ਹੈ, "ਕਮਾਂਡ ਕਰਨਾ ਨਹੀਂ ਸਗੋਂ ਹੁਕਮ ਦਾ ਪਾਲਣ ਕਰਨਾ ਜਾਣਦੇ ਸਨ, ਉਹ ਪੈਰੋਕਾਰ ਸਨ, ਲੀਡਰ ਨਹੀਂ ਸਨ।"[1] ਮਾਸੇਨਾ, ਅਤੇ ਨੇ (Ney) ਆਦਿ ਬਹੁਤ ਜਰਨੈਲ ਨੀਵੇਂ ਦਰਜੇ ਤੋਂ ਉਪਰ ਉਠੇ ਸਨ। ਸਮਰਾਟ ਨੇ ਉਨ੍ਹਾਂ ਨੂੰ ਅਥਾਹ ਦੌਲਤ ਦਿੱਤੀ ਪਰ ਉਹ ਉਸ ਕਾਰਜ ਵਿਚ ਪੂਰੇ ਨਹੀਂ ਉੱਤਰ ਸਕੇ ਕਿਉਂਕਿ ਉਹ ਜੰਗ ਤੋਂ ਉਕਤਾ ਗਏ ਸਨ। ਇਸ ਲਈ ਉਹ ਨੈਪੋਲੀਅਨ ਦੀਆਂ ਆਸ਼ਾਵਾਂ ਪੂਰੀਆਂ ਕਰਨ ਤੋਂ ਅਸਮਰਥ ਰਹੇ। ਇਸ ਤੋਂ ਇਲਾਵਾ ਉਸ ਦੇ ਜਰਨੈਲ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ ਕਿ ਜਿੱਤ ਦਾ ਸਿਹਰਾ ਕਿਤੇ ਦੂਜੇ ਨੂੰ ਨਾ ਮਿਲ ਜਾਵੇ।

**8. ਕਾਂਟੀਨੈਂਟਲ ਸਿਸਟਮ :** 1805 ਵਿਚ ਆਸਟਰਲਿਟਜ ਵਿਖੇ ਆਸਟਰੀਆ ਦੀ ਹਾਰ ਅਤੇ ਜੇਨਾ ਵਿਖੇ ਪਰਸ਼ੀਆ ਨੂੰ ਹਾਰ ਦੇਣ ਮਗਰੋਂ ਨੈਪੋਲੀਅਨ ਯੂਰਪ ਦਾ ਮਹਾਨ ਸਮਰਾਟ ਬਣ ਗਿਆ। 1807 ਵਿਚ ਰੂਸ ਵਿਚ ਨੈਪੋਲੀਅਨ ਦਾ ਸਹਿਯੋਗੀ ਬਣ ਗਿਆ। ਕੇਵਲ ਇੰਗਲੈਂਡ ਹੀ ਉਸ ਦਾ ਵਿਰੋਧ ਕਰਦਾ ਸੀ। ਉਸ ਨੇ ਇਹ ਗੱਲ ਮਹਿਸੂਸ ਕੀਤੀ ਜਦੋਂ ਤੱਕ ਇੰਗਲੈਂਡ ਨੂੰ ਨੀਵਾਂ ਨਹੀਂ ਦਿਖਾਇਆ ਜਾਂਦਾ ਉਦੋਂ ਤੱਕ ਉਹ ਅਮਨ ਅਤੇ ਸ਼ਾਂਤੀ ਵਿਚ ਨਹੀਂ ਰਹਿ ਸਕਦਾ। ਤ੍ਰਫਾਲਗਰ ਵਿਖੇ ਫਰਾਂਸੀਸੀਆਂ ਦੀ ਸਮੁੰਦਰੀ ਹਾਰ ਤੋਂ ਉਹ ਇਸ ਨਤੀਜੇ ਤੇ ਪੁੱਜਾ ਸੀ ਕਿ ਉਹ ਉਸ ਤੇ ਸਮੁੰਦਰੀ ਜਿੱਤ ਪ੍ਰਾਪਤ ਨਹੀਂ ਸੀ ਕਰ ਸਕਦਾ। ਮੈਟਗੇਲਾਰਡ (Mantgiallard) ਦੇ ਸੁਝਾ ਤੇ ਉਸ ਨੇ ਇੰਗਲੈਂਡ ਦੇ ਵਪਾਰ ਨੂੰ ਨਸ਼ਟ ਕਰਕੇ ਉਸਦੇ ਵਿਰੋਧ ਨੂੰ ਖਤਮ ਕਰਨ ਦਾ ਫੈਸਲਾ ਕੀਤਾ। "ਬ੍ਰਿਟਿਸ਼ ਵਪਾਰ ਨੂੰ ਤਬਾਹ ਕਰਨਾ ਉਸ ਦੇ ਦਿਲ ਤੇ ਹਮਲਾ ਕਰਨ ਦੇ ਸਮਾਨ ਹੈ" ਮੈਂਟਾਗੇਲਾਰਡ ਨੇ ਕਿਹਾ। ਇਸ ਲਈ ਇਸ ਮੰਤਵ ਨੂੰ ਮੁੱਖ ਰਖਦਿਆਂ ਨੈਪੋਲੀਅਨ ਨੇ ਕਾਂਟੀਨੈਂਟਲ ਸਿਸਟਮ ਲਾਗੂ ਕੀਤਾ। 1806 ਵਿਚ ਪਹਿਲੀ ਪ੍ਰਸਿੱਧ ਬਰਲਿਨ ਡਿਕਰੀ ਜਾਰੀ ਕਰਕੇ ਪਹਿਲੀ ਸਥਾਪਨਾ ਦਾ ਐਲਾਨ ਕੀਤਾ ਗਿਆ। ਨੈਪੋਲੀਅਨ ਨੇ ਹੋਰ ਡਿਕਰੀਆਂ ਜਾਰੀ ਕਰਕੇ ਇਸ ਦੀ ਪੁਸ਼ਟੀ ਕੀਤੀ। ਇਨ੍ਹਾਂ ਡਿਕਰੀਆਂ ਰਾਹੀਂ ਇਹ ਆਦੇਸ਼ ਜਾਰੀ ਕੀਤੇ ਗਏ ਕਿ ਬ੍ਰਿਟਿਸ਼ ਟਾਪੂਆਂ ਦਾ ਬਲਾਕੇਡ ਕੀਤਾ ਜਾਂਦਾ ਹੈ ਅਤੇ ਉਸ ਦੇਸ਼ ਨਾਲ ਸਾਰਾ ਵਪਾਰ ਬੰਦ ਕਰ ਦਿੱਤਾ ਗਿਆ ਹੈ। ਇਹ ਵੀ ਐਲਾਨ ਕੀਤਾ ਗਿਆ ਕਿ ਸਾਰੇ ਬਰਤਾਨਵੀ ਜਹਾਜ਼ ਕਬਜ਼ੇ ਵਿਚ ਕਰ ਲਏ ਜਾਣਗੇ ਅਤੇ ਟਾਪੂਆਂ ਤੋਂ ਆਉਂਦਾ ਸਾਰਾ ਮਾਲ ਜ਼ਬਤ ਕਰ ਲਿਆ ਜਾਵੇਗਾ। ਇੰਗਲੈਂਡ ਨੇ ਇਸ ਦਾ ਉੱਤਰ ਦੇ ਦਿੱਤਾ ਸੀ। ਕੌਂਸਲ ਦੇ ਆਦੇਸ਼ ਦੁਆਰਾ ਫਰਾਂਸ ਅਤੇ ਮਿੱਤਰ ਦੇਸ਼ਾਂ ਦੇ ਸਾਹਿਲ ਤੇ ਬਲਾਕੇਡ ਦੀ ਪੁਸ਼ਟੀ ਕਰ ਦਿੱਤੀ ਗਈ। ਨਿਰਸੰਦੇਹ ਕਾਂਟੀਨੈਂਟਲ ਸਿਸਟਮ ਨਾਲ ਬਰਤਾਨਵੀ ਵਪਾਰ ਨੂੰ ਕੁੱਝ ਹੱਦ ਤੱਕ ਧੱਕਾ ਲੱਗਾ ਪਰ ਉਹ ਪੁਰਤਗਾਲ ਅਤੇ ਯੂਰਪੀ ਸਾਹਿਲ ਦੀਆਂ ਨਾਹਕ ਥਾਵਾਂ ਤੇ ਮਾਲ ਸਮੱਗਲ ਕਰਕੇ ਯੂਰਪ ਵਿਚ ਭੇਜ ਸਕਦਾ ਸੀ।

ਐਪਰ ਨੈਪੋਲੀਅਨ ਲਈ ਕਾਂਟੀਨੈਂਟਲ ਸਿਸਟਮ ਨੂੰ ਲਾਗੂ ਕਰਨਾ ਅਸੰਭਵ ਸੀ ਕਿਉਂਕਿ ਸਾਰੇ ਯੂਰਪ ਵਿਚ ਬਰਤਾਨਵੀ ਮਾਲ ਦੀ ਬਹੁਤ ਮੰਗ ਸੀ। ਉਸ ਦੇ ਵੱਡੇ ਸਮਰਥਕ ਵੀ ਬਰਤਾਨਵੀ ਮਾਲ ਦੇ ਸਮਗਲਰ ਹੋ ਕੇ ਆਉਣ ਅਤੇ ਆਪਣੇ ਮਾਲ ਨੂੰ ਚੋਰੀ ਉਧਰ ਜਾਣ ਨੂੰ ਨਜ਼ਰ ਅੰਦਾਜ਼ ਕਰਦੇ ਰਹੇ। ਮਗਰੋਂ ਨੈਪੋਲੀਅਨ ਆਪ ਵੀ ਬਰਤਾਨਵੀ ਮਾਲ ਦੇ ਆਯਾਤ ਦੀ ਆਗਿਆ ਦੇ ਦਿੱਤੀ।

ਪੁਰਤਗਾਲ ਵੱਲੋਂ ਕਾਂਟੀਨੈਂਟਲ ਸਿਸਟਮ ਨੂੰ ਲਾਗੂ ਨਾ ਕਰਨ ਦੇ ਫਲਸਰੂਪ ਨੈਪੋਲੀਅਨ ਨੇ ਉਥੇ ਆਪਣੀ ਫੌਜ ਭੇਜ ਦਿੱਤੀ। ਇਸ ਗੱਲ ਨੇ ਇਕ ਲੰਮੀ ਲੜਾਈ ਉਸ ਤੇ ਥੋਪ ਦਿੱਤੀ, ਜਿਸ ਨਾਲ ਅੰਤ ਨੂੰ ਉਸਦਾ ਪਤਨ ਹੋਇਆ।

ਰੂਸ ਨਾਲ ਉਸਦੇ ਸੰਬੰਧ ਟੁਟਣ ਦਾ ਇਕ ਮੁੱਖ ਕਾਰਣ ਇਹ ਸੀ ਕਿ ਜ਼ਾਰ ਨੇ 1812 ਵਿਚ ਅੰਗਰੇਜ਼ਾਂ ਨਾਲ ਵਪਾਰ ਬੰਦ ਕਰਨ ਤੋਂ ਨਾਂਹ ਕਰਨਾ ਸੀ। ਇਸ ਨਾਲ ਕਾਂਟੀਨੈਂਟਲ ਬੁਰੀ ਤਰ੍ਹਾਂ ਟੁੱਟ ਗਿਆ। ਇਸ ਲਈ ਨੈਪੋਲੀਅਨ ਇਕ ਮੁਹਿੰਮ ਮਾਸਕੋ ਭੇਜਣ ਲਈ ਮਜ਼ਬੂਰ ਹੋ ਗਿਆ। ਇਹ ਬੜੀ ਦੁਰਭਾਗ ਪੂਰਣ ਗੱਲ ਸੀ ਕਿ ਉਸ ਦੀ ਫੌਜ ਨੂੰ ਕਾਂਟੀਨੈਂਟਲ ਸਿਸਟਮ ਲਾਗੂ ਕਰਨ ਲਈ ਰੂਸ ਵਿਚ ਜਾਣਾ ਪਿਆ। ਕਾਂਟੀਨੈਂਟਲ ਸਿਸਟਮ ਦੇ ਅਸਫਲ ਹੋਣ ਦੀ ਇਸ ਤੋਂ ਵੱਧ ਭੈੜੀ ਖਬਰ ਹੋਰ ਕੀ ਹੋ ਸਕਦੀ ਸੀ ਵਾਸਤਵ ਵਿਚ ਇਹ ਸਿਸਟਮ ਉਸ ਦੇ ਪਤਨ ਦਾ ਮੁੱਖ ਕਾਰਣ ਸੀ। ਫਿਸ਼ਰ ਨੇ ਠੀਕ ਹੀ ਕਿਹਾ ਸੀ, "ਨੈਪੋਲੀਅਨ ਦੀ ਨਾਕਾਮੀ ਕਾਂਟੀਨੈਂਟਲ ਸਿਸਟਮ ਦਾ ਨਤੀਜਾ ਸੀ, ਜਿਸ ਦੀ ਪੂਰਤੀ ਲਈ ਉਸ ਨੇ ਦੋ ਸਾਲ ਆਪਣੀ ਵਧੇਰੇ ਤਾਕਤ ਲਾਈ।" ਇਸ ਦੇ ਅੰਤ ਨੂੰ ਉਸ ਦੀ ਕਿਸਮਤ ਦਾ ਬੜਾ ਅਸਰ ਪਾਇਆ। ਵਿਲੀਅਮਸਨ ਨੇ ਲਿਖਿਆ ਹੈ, "ਕਾਂਟੀਨੈਂਟਲ ਸਿਸਟਮ ਦੋ ਧਾਰਾ ਹਥਿਆਰ ਸੀ ਜਿਸ ਨੇ ਵਿਰੋਧੀਆਂ ਦੇ ਮੁਕਾਬਲੇ ਉਸ ਦੇ ਰਚੇਤਾ ਨੂੰ ਵਧੇਰੇ ਹਾਨੀ ਪਹੁੰਚਾਈ।"

**9. ਪੈੱਨਇਨਸੂਲਰ ਜੰਗ :** ਪੈੱਨਇਨਸੂਲਰ ਜੰਗ (1808-14) ਨੈਪੋਲੀਅਨ ਦੇ ਪਤਨ ਦਾ ਮੁੱਖ ਕਾਰਣ ਬਣੀ। ਜਦੋਂ ਉਸ ਨੇ 1807 ਵਿਚ ਆਪਣੀਆਂ ਫੌਜਾਂ ਪੁਰਤਗਾਲ ਵਿਚ ਉਸ ਨੂੰ ਸਬਕ ਸਿਖਾਉਣ ਲਈ ਭੇਜੀਆਂ ਸਨ, ਕਿਉਂਕਿ ਉਸ ਨੇ ਇੰਗਲੈਂਡ ਨਾਲ ਵਪਾਰ ਬੰਦ ਕਰਨ ਤੋਂ ਇਨਕਾਰ ਕੀਤਾ ਸੀ, ਉਦੋਂ ਉਸ ਨੂੰ ਇਸ ਗੱਲ ਦਾ ਬਿਲਕੁਲ ਖਿਆਲ ਨਹੀਂ ਸੀ ਆਇਆ ਕਿ ਉਸ ਨੂੰ ਛੇ ਸਾਲ ਲੰਬੀ ਜੰਗ ਵਿਚ ਉਲਝਾ ਲਿਆ ਜਾਵੇਗਾ। ਉਸ ਨੇ ਪੁਰਤਗਾਲ ਫੌਜਾਂ ਇਸ ਬਹਾਨੇ ਭੇ ਜੀਆਂ ਸਨ ਕਿ ਉਹ ਪੁਰਤਗਾਲ ਤੇ ਆਪਣਾ ਦਬਦਬਾ ਰਖਣਾ ਚਾਹੁੰਦਾ ਸੀ। ਪਰ ਵਾਸਤਵ ਵਿਚ ਇਹ ਕਾਰਵਾਈ ਉਸ ਨੇ ਦੇਸ਼ ਨੂੰ ਨੀਵਾਂ ਦਿਖਾਉਣ ਲਈ ਕੀਤੀ ਸੀ। ਬਾਦ ਵਿਚ ਉਸ ਨੇ ਸਪੇਨ ਦੇ ਬਾਦਸ਼ਾਹ ਚਾਰਲਸ ਚੌਥਾ ਅਤੇ ਉਸ ਦੇ ਪੁੱਤਰ ਨੇ ਆਪਣੇ ਹੱਕ ਵਿਚ ਤਾਜ਼ ਛੱਡਣ ਲਈ ਮਜ਼ਬੂਰ ਕਰ ਦਿੱਤਾ। ਉਸ ਨੇ ਆਪਣੇ ਭਾਈ ਜੋਸਫ ਨੂੰ ਰਾਜ-ਗੱਦੀ ਤੇ ਬਿਠਾ ਦਿੱਤਾ, ਇਸ ਤੇ ਸਪੇਨ ਦੇ ਲੋਕਾਂ ਨੂੰ ਬਹੁਤ ਦੁੱਖ ਹੋਇਆ। ਉਸ ਨੇ ਬਗਾਵਤ ਕਰ ਦਿੱਤੀ ਅਤੇ ਗੁਰੀਲਾ ਤਕਨੀਕ ਅਪਣਾਈ। ਪੁਰਤਗਾਲ ਦੇ ਲੋਕਾਂ ਨੇ ਅੰਗਰੇਜ਼ਾਂ ਨੂੰ ਸਹਾਇਤਾ ਲਈ ਬੁਲਾਇਆ। ਅੰਗਰੇਜ਼ ਤੁਰੰਤ ਆ ਗਏ ਅਤੇ ਬਾਅਦ ਵਿਚ ਵੀ ਸਹਾਇਤਾ ਕਰਦੇ ਰਹੇ, ਉਨ੍ਹਾਂ ਨੇ ਰਾਸ਼ਟਰੀ ਪ੍ਰਤੀਰੋਧ ਪੈਦਾ ਕੀਤਾ ਅਤੇ ਵਿਦੇਸ਼ੀ ਹਮਲੇ ਵਿਰੁੱਧ ਸਪੇਨੀਆਂ ਨੂੰ ਇਖਲਾਕੀ ਅਤੇ ਹਥਿਆਰਾਂ ਆਦਿ ਦੀ ਸਹਾਇਤਾ ਦਿੱਤੀ। ਵਿਦੇਸ਼ੀ ਹਮਲਾਵਰਾਂ ਵਿਰੁੱਧ ਕਿਸਾਨਾਂ ਦੀ ਅਗਵਾਈ ਭਿਕਸ਼ੂ ਅਤੇ ਜ਼ਿੰਮੀਂਦਾਰ ਕਰਦੇ ਸਨ। ਸਪੇਨ ਦੀ ਜਦੋ ਜਹਿਦ ਨੈਪੋਲੀਅਨ ਵਿਰੁੱਧ ਪਹਿਲੀ ਜਨਤਕ ਜਦੋ ਜਹਿਦ ਸੀ। ਇਸ ਤੋਂ ਪਹਿਲਾਂ ਉਸ ਨੇ ਰਾਜਿਆਂ ਅਤੇ ਰਾਣੀਆਂ ਵਿਰੁੱਧ ਜੰਗਾਂ ਲੜੀਆਂ ਸਨ ਪਰ ਸਪੇਨ ਵਿਚ ਉਸ ਨੂੰ ਸਾਰੀ ਜਨਤਾ ਵਿਰੁੱਧ ਲੜਨਾ ਪਿਆ। ਸਪੇਨ ਇਕ ਅਜਿਹਾ ਨਾਸੂਰ ਬਣ ਗਿਆ ਜਿਸ ਨੇ ਨੈਪੋਲੀਅਨ ਦੀ ਸਾਰੀ ਤਾਕਤ ਖਾ ਲਈ। ਨੈਪੋਲੀਅਨ ਨੇ ਆਪਣੀ ਇਹ ਗੱਲ ਸਵੀਕਾਰ ਕੀਤੀ ਕਿ ਉਸ ਨੇ ਮੈਨੂੰ ਤਬਾਹ ਕਰ ਦਿੱਤਾ ਸਰ ਆਰਥਰ ਵੈਲਜਲੀ ਨੇ ਫਰਾਂਸੀਸੀਆਂ ਨੂੰ ਨਾ ਕੇਵਲ ਪੁਰਤਗਾਲ ਵਿਚੋਂ ਬਾਹਰ ਕੱਢ ਦਿੱਤਾ ਸਗੋਂ ਸਪੇਨੀਆਂ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਸਪੇਨ ਵਿਚੋਂ ਵੀ ਕੱਢ ਦਿੱਤਾ। ਉਸ ਨੇ ਫਰਾਂਸ ਦੇਸ਼ ਵਿਚ ਵੀ ਫਰਾਂਸੀਸੀਆਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਸ਼ਹਿਰ ਟਾਊਲਜ ਵਿਖੇ 1814 ਵਿਚ ਹਰਾਇਆ। ਇਸ ਨਾਲ ਨੈਪੋਲੀਅਨ ਦਾ ਇਕ ਵਿਸ਼ਾਲ ਸਾਮਰਾਜ ਸਥਾਪਤ ਕਰਨ ਦਾ ਸੁਪਨਾ ਟੁੱਟ ਗਿਆ।

**10. ਯੂਰਪ ਵਿਚ ਰਾਸ਼ਟਰੀਅਤਾ ਦੀ ਭਾਵਨਾ ਦਾ ਉੱਥਾਨ :** ਇਟਲੀ ਜਰਮਨੀ ਜਾਂ ਹੋਰ ਰਾਜਾਂ ਵਿਚ ਆਪਣੇ ਰਾਜ ਕਾਲ ਦੇ ਸਮੇਂ ਨੈਪੋਲੀਅਨ ਦੇ ਲੋਕਾਂ ਨੂੰ ਕਮਜ਼ੋਰ, ਭ੍ਰਿਸ਼ਟਾਚਾਰ ਕਰਨ ਵਾਲੇ ਅਯੋਗ ਸ਼ਾਸਨ ਤੋਂ ਛੁਟਕਾਰਾ ਦਿਵਾਇਆ ਅਤੇ ਉਥੇ ਚੰਗਾ ਸ਼ਾਸਨ ਸਥਾਪਿਤ ਕੀਤਾ। ਪ੍ਰੰਤੂ ਇਕ ਬਦੇਸ਼ੀ ਚੰਗੀ ਸਰਕਾਰ ਉਥੋਂ ਦੇ ਰਾਜਾ ਜਾਂ ਰਾਣੀ ਦੇ ਰਾਜ ਦਾ ਬਦਲ ਨਹੀਂ ਸੀ। ਸਮੇਂ ਦੇ ਬੀਤਣ ਨਾਲ ਜਿੱਤੇ ਹੋਏ ਖੇਤਰਾਂ ਵਿਚ ਨੈਪੋਲੀਅਨ ਦੁਆਰਾ ਨਾਮਜ਼ਦ ਕੀਤੇ ਵਿਅਕਤੀ ਵਧੇਰੇ ਕਰਕੇ ਉਸ ਦੇ ਰਿਸ਼ਤੇਦਾਰਾਂ ਨੇ ਬਦੇਸ਼ੀ ਸਰਕਾਰ ਵਿਰੁੱਧ ਪ੍ਰਤੀਕਰਮ ਪੈਦਾ ਕੀਤਾ। ਬਦੇਸ਼ੀ ਸਰਕਾਰ ਵਿਰੁੱਧ ਇਸ ਪ੍ਰਤੀਕਰਮ ਨੇ ਲੋਕਾਂ ਵਿਚ ਰਾਸ਼ਟਰੀਅਤਾ ਪੈਦਾ ਕੀਤੀ। ਪਰਸ਼ੀਆ ਨੂੰ ਜੇਨਾ ਵਿਖੇ 1806 ਵਿਚ ਹਾਰ ਹੋਈ ਅਤੇ 1808 ਵਿਚ ਸਪੇਨ ਦੇ ਵਿਰੁੱਧ ਪ੍ਰਤੱਖ ਹੋ ਗਿਆ। ਸਪੇਨ ਦੇ ਲੋਕ ਪਹਿਲਾਂ ਤਾਂ ਫਰਾਂਸੀਸੀਆਂ ਦੇ ਆਉਣ ਤੇ ਖੁਸ਼ ਹੋਏ ਪਰ ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਉਸ ਨੇ ਉਨ੍ਹਾਂ ਦੇ ਪਿਆਰੇ ਨੇਤਾ ਫਰਡੀਨੈਂਡ ਨੂੰ ਗੱਦੀ ਤੋਂ ਲਾਹ ਦਿੱਤਾ ਹੈ ਅਤੇ ਆਪਣੀ ਭਾਈ ਜੋਸਫ ਨੂੰ ਰਾਜ ਗੱਦੀ ਤੇ ਬਿਠਾ ਦਿੱਤਾ ਹੈ ਤਾਂ ਉਹਨਾਂ ਨੇ ਉਸ ਵਿਰੁੱਧ ਬਗਾਵਤ ਕਰ ਦਿੱਤੀ। ਅੰਗਰੇਜ਼ਾਂ ਤੋਂ ਮਦਦ ਲੈ ਕੇ ਬਲੇਨ ਵਿਚ ਫਰਾਂਸ ਨੂੰ ਹਰਾ ਦਿੱਤਾ। ਇਹ ਇਕ ਅਜਿਹੀ ਉਦਾਹਰਣ ਸੀ ਜਿਥੇ ਜਨਤਾ ਨੇ ਮਜ਼ਬੂਤ ਅਤੇ ਸੰਗਠਿਤ ਫਰਾਂਸੀਸੀ ਫੌਜ ਨੂੰ ਹਰਾ ਦਿੱਤਾ। ਰਾਸ਼ਟਰੀ ਵਿਰੋਧ ਅਨੁਸ਼ਾਸਤ ਫੌਜ ਨੂੰ ਦਬਾਉਣ ਵਿਚ ਸਫਲ ਹੋਇਆ। ਇਸ ਤੋਂ ਉਤਸ਼ਾਹ ਲੈ ਕੇ ਆਸਟਰੀਆ ਨਿਵਾਸੀਆਂ ਨੇ 1809 ਵਿਚ ਨੈਪੋਲੀਅਨ ਵਿਰੁੱਧ ਹਥਿਆਰ ਚੁੱਕੇ, ਆਸਟਰੀਆ ਦੇ ਆਰਕਡਿਊਕ ਚਾਰਲਸ ਨੇ ਆਪਣੇ ਲੋਕਾਂ ਨੂੰ ਨੈਪੋਲੀਅਨ ਵਿਰੁੱਧ ਜੰਗ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਸੀ, ਯੂਰਪ ਦੀ ਸੁਤੰਤਰਤਾ ਤੁਹਾਡੇ ਝੰਡਿਆਂ ਹੇਠ ਲੁਕੀ ਹੋਈ ਹੈ। ਤੁਹਾਡੀਆਂ ਜਿੱਤਾਂ ਇਸ ਦੀਆ ਬੇੜੀਆਂ ਨੂੰ ਤੋੜ ਦੇਣਗੀਆਂ, ਤੁਹਾਡੇ ਜਰਮਨ ਭਾਈ ਆਜ਼ਾਦੀ ਲਈ ਤੁਹਾਡੀ ਉਡੀਕ ਕਰ ਰਹੇ ਹਨ।" ਰਾਸ਼ਟਰੀਅਤਾ ਪੈਦਾ ਕਰਨ ਲਈ ਇਹ ਸਪੱਸ਼ਟ ਅਪੀਲ ਸੀ। ਇਸੇ ਤਰ੍ਹਾਂ ਹੀ ਪਰਸ਼ੀਆ ਨੇ ਜੇਨਾ ਵਿਖੇ ਆਪਣੀ ਹਾਰ ਤੋਂ ਮਗਰੋਂ ਆਪਣੇ ਦੇਸ਼ ਨੂੰ ਸੁਧਾਰਨਾ ਅਤੇ ਫੌਜ ਨੂੰ ਮਜ਼ਬੂਤ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਸਪੇ ਨੀਆਂ ਦੀ ਨੈਪੋਲੀਅਨ ਵਿਰੁੱਧ 1813 ਵਿਚ ਹੋਈ ਜਿੱਤ ਤੇ ਉਨ੍ਹਾਂ ਨੂੰ ਉਤਸ਼ਾਹ ਮਿਲਿਆ। ਬਲੂਕਰ ਦੇ ਅਧੀਨ ਉਨ੍ਹਾਂ ਦੀ ਫੌਜ ਵਿਚ ਇਕ ਨਵਾਂ ਜੋਸ਼ ਪੈਦਾ ਹੋਇਆ ਸੀ। ਉਨ੍ਹਾਂ ਨੇ ਨੈਪੋਲੀਅਨ ਦਾ ਪਤਨ ਲਿਆਉਣ ਲਈ ਉਸ ਨੂੰ ਹਰਾਉਣ ਦਾ ਦ੍ਰਿੜ ਇਰਾਦਾ ਕਰ ਲਿਆ ਸੀ। ਸਵੀਡਨਾਂ ਅਤੇ ਬਹੁਤ ਹੋਰ ਲੋਕਾਂ ਨੂੰ ਉਸ ਜਜ਼ਬੇ ਦੇ ਤਹਿਤ ਹਥਿਆਰ ਉਠਾਏ ਤਾਂ ਜੋ ਨੈਪੋਲੀਅਨ ਦੇ ਅਤਿਆਚਾਰ ਨੂੰ ਖਤਮ ਕੀਤਾ ਜਾਵੇ।

**11. ਨੈਪੋਲੀਅਨ ਦਾ ਦੁਰਵਿਵਹਾਰ ਅਤੇ ਪੋਪ ਨੂੰ ਬੰਦੀ ਬਣਾਉਣਾ :** ਪੋਪ ਰਾਜ ਨੂੰ ਆਪਣੇ ਕਬਜ਼ੇ ਵਿਚ ਲੈਣਾ ਅਤੇ ਜਦੋਂ ਪੋਪ ਜੋ ਕੈਥੋਲਿਕ ਚਰਚ ਦਾ ਧਾਰਮਿਕ ਆਗੂ ਸੀ ਨੇ ਕਾਂਟੀਨੈਂਟਲ ਸਿਸਟਮ ਨੂੰ ਲਾਗੂ ਕਰਨ ਤੋਂ ਇਨਕਾਰ ਕੀਤਾ ਤਾਂ ਉਸ ਨੂੰ ਬੰਦੀ ਬਣਾਉਣਾ ਨੈਪੋਲੀਅਨ ਦੀ ਆਪਣੇ ਜੀਵਨ ਵਿਚ ਕੀਤੀ ਸਭ ਤੋਂ ਵੱਡੀ ਭੁੱਲ ਸੀ। ਇਸ ਕਾਰਵਾਈ ਨੇ ਸਾਰੀ ਦੁਨੀਆਂ ਦੇ ਰੋਮਨ ਕੈਥੋਲਿਕ ਲੋਕਾਂ ਵਿਸ਼ੇਸ਼ ਕਰਕੇ ਸਪੇਨ, ਪੁਰਤਗਾਲ, ਇਟਲੀ, ਬੈਲਜੀਅਮ ਆਦਿ ਦੇ ਮਨਾਂ ਵਿਚ ਰੋਸ ਪੈਦਾ ਕਰ ਦਿੱਤਾ। ਉਹ ਨੈਪੋਲੀਅਨ ਨੂੰ ਇੱਕ ਨਾਸਤਿਕ ਸਮਝਣ ਲੱਗੇ ਜਿਸ ਨੂੰ ਰੋਮਨ ਕੈਥੋਲਿਕਵਾਦ ਨੂੰ ਤਬਾਹ ਕਰਨ ਲਈ ਭੇਜਿਆ ਗਿਆ ਸੀ। ਜਦੋਂ ਤਕ ਉਹ ਮਜ਼ਬੂਰ ਸਨ ਉਦੋਂ ਤੱਕ ਹੋਰ ਗੱਲਾਂ ਸਹਿਨ ਕਰਦੇ ਰਹੇ ਪਰ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਨੈਪੋਲੀਅਨ ਦੇ ਉਸਾਰੇ ਢਾਂਚੇ ਵਿਚ ਦਰਾੜਾਂ ਪੈਣੀਆਂ ਸ਼ੁਰੂ ਹੋ ਗਈਆਂ ਹਨ ਤਾਂ ਉਨ੍ਹਾਂ ਨੇ ਸਮੁੱਚੇ ਨੈਪੋਲੀਅਨ ਸਿਸਟਮ ਨੂੰ ਖਤਮ ਕਰਨ ਲਈ ਆਪਣੀ ਸਾਰੀ ਸਮਰੱਥਾ ਲਾ ਦਿੱਤੀ। ਮਿੱਤਰ ਦੇਸ਼ਾਂ ਦੇ ਰੋਮਨ ਕੈਥੋਲਿਕ

ਸੈਨਿਕ ਪਾਸ ਨੈਪੋਲੀਅਨ ਦੇ ਅਤਿਆਚਾਰ ਵਿਰੁੱਧ ਲੜਨ ਲਈ ਹੋਰਨਾਂ ਕਾਰਨਾਂ ਦੇ ਨਾਲ ਨਾਲ ਇਹ ਧਾਰਮਿਕ ਕਾਰਨ ਵੀ ਸੀ।

**12. ਨੈਪੋਲੀਅਨ ਦੇ ਰਿਸ਼ਤੇਦਾਰ :** ਨੈਪੋਲੀਅਨ ਆਪਣੇ ਰਿਸ਼ਤੇਦਾਰਾਂ ਨੂੰ ਬਹੁਤ ਪਿਆਰ ਕਰਦਾ ਸੀ। ਉਸ ਨੇ ਆਪਣੇ ਜਿੱਤੇ ਹੋਏ ਇਲਾਕਿਆਂ ਵਿਚ ਭਾਈਆਂ ਨੂੰ ਬਾਦਸ਼ਾਹ ਅਤੇ ਬਹਿਨੋਈ (ਮੁਰਾਤ) ਨੂੰ ਗਵਰਨਰ ਬਣਾ ਦਿੱਤਾ। ਉਹ ਸੌਂਪੇ ਹੋਏ ਕਾਰਜ ਦੇ ਯੋਗ ਨਹੀਂ ਸਨ। ਨੈਪੋਲੀਅਨ ਨੇ ਆਪ ਵੀ ਕਿਹਾ ਹੈ ਕਿ ਉਸ ਨੇ ਆਪਣੇ ਭਾਈਆਂ ਨੂੰ ਬਾਜ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਪੰਖੇਰੂ ਹੀ ਸਿੱਧ ਹੋਏ ਉਸ ਦੇ ਲਈ ਬਦਨਾਮੀ ਦਾ ਕਾਰਣ ਬਣੇ। ਉਸ ਨੇ ਮਗਰੋਂ ਆਪ ਵੀ ਇਹ ਗੱਲ ਸਵੀਕਾਰ ਕੀਤੀ ਕਿ ਸਪੇਨ ਦੇ ਰਾਜ ਤੇ ਜੋਸਫ ਨੂੰ ਬਿਠਾਉਣਾ ਉਸ ਦੀ ਗਲਤੀ ਸੀ। ਜ਼ਰੂਰਤ ਦੇ ਸਮੇਂ ਜਦੋਂ ਉਸ ਨੂੰ ਆਪਣੇ ਰਿਸ਼ਤੇਦਾਰਾਂ ਦੇ ਸਹਿਯੋਗ ਦੀ ਲੋੜ ਸੀ ਉਨ੍ਹਾਂ ਨੇ ਧੋਖਾ ਦਿੱਤਾ। ਇਹ ਗੱਲ ਵਿਸ਼ੇਸ਼ ਕਰਕੇ ਉਸਦੀ ਭੈਣ ਦੇ ਸੰਬੰਧ ਵਿਚ ਸੱਚੀ ਸੀ ਜਿਸ ਦੇ ਪ੍ਰਤੀ ਮੁਰਾਦ ਨੂੰ ਨੇਪਲਜ਼ ਦਾ ਬਾਦਸ਼ਾਹ ਬਣਾਇਆ ਗਿਆ ਸੀ। ਉਨ੍ਹਾਂ ਵਿਚੋਂ ਕੁਝ ਨੇ ਉਸ ਵਿਰੁੱਧ ਸ਼ਿਕਾਇਤ ਕੀਤੀ। ਇਸ ਕਰਕੇ ਨੈਪੋਲੀਅਨ ਨੂੰ ਇਹ ਗੱਲ ਲਿਖਣੀ ਪਈ ਕਿ ਉਸ ਦੇ ਭਾਈ ਇਸ ਤਰ੍ਹਾਂ ਸ਼ਿਕਾਇਤ ਕਰ ਰਹੇ ਹਨ ਜਿਵੇਂ ਪਿਤਾ ਪੁਰਖੀ ਸੰਪਤੀ ਨੂੰ ਨਸ਼ਟ ਕਰ ਦਿੱਤਾ ਹੋਵੇ। ਉਸ ਨੇ ਨਿਰਾਸ਼ ਹੋ ਕੇ ਕਿਹਾ, "ਮੇਰੇ ਰਿਸ਼ਤੇਦਾਰਾਂ ਨੇ ਮੈਨੂੰ ਉਸ ਨਾਲੋਂ ਵੱਧ ਹਾਨੀ ਪਹੁੰਚਾਈ ਹੈ ਜਿੰਨੀ ਕਿ ਮੈਂ ਉਨ੍ਹਾਂ ਨਾਲ ਭਲਾਈ ਕੀਤੀ ਹੈ।" ਜੇਕਰ ਉਸ ਨੇ ਆਪਣੇ ਰਿਸ਼ਤੇਦਾਰਾਂ ਨਾਲ ਇਨੀ ਨਰਮੀ ਨਾ ਵਰਤੀ ਹੁੰਦੀ ਅਤੇ ਉਨ੍ਹਾਂ ਨੂੰ ਬਾਦਸ਼ਾਹ ਅਤੇ ਡਿਊਕ ਦੀਆਂ ਪਦਵੀਆਂ ਨਾ ਦਿੱਤੀਆਂ ਹੁੰਦੀਆਂ ਤਾਂ ਉਸ ਦੀ ਬੇਕਦਰੀ ਇੰਨੀ ਛੇਤੀ ਨਾ ਹੁੰਦੀ।

**13. ਉਸ ਦੇ ਮੰਤਰੀ :** ਉਸ ਦੇ ਕੁਝ ਮੰਤਰੀ, ਜਿਨ੍ਹਾਂ ਨੂੰ ਉਸ ਨੇ ਉੱਚੇ ਅਹੁੱਦੇ ਦਿੱਤੇ ਸਨ, ਉਸ ਦੇ ਵਫਾਦਾਰ ਨਹੀਂ ਸਨ। ਉਸ ਦੇ ਮੰਤਰੀ ਜਿਵੇਂ ਕਿ ਤੈਲੀਰਾਂ ਅਤੇ ਫਾਊਚੇ ਨੇ ਉਸ ਨਾਲ ਬੇਵਫਾਈ ਕੀਤੀ। ਭਾਵੇਂ ਉਹ ਬਾਹਰੀ ਤੌਰ ਤੇ ਉਸ ਪ੍ਰਤੀ ਵਫਾਦਾਰੀ ਦਰਸਾਉਂਦੇ ਸਨ ਪਰ ਵਾਸਤਵ ਵਿਚ ਉਸ ਦੀ ਸੱਤਾ ਨੂੰ ਖਤਮ ਕਰਨਾ ਚਾਹੁੰਦੇ ਸਨ। ਇਸ ਗੱਲ ਦਾ ਪਤਾ ਲੱਗਣ ਤੇ ਟੈਲੀਰਾਂ ਅਤੇ ਫਾਊਚੇ ਉਸ ਵਿਰੁੱਧ ਮੈਟਰਨਿਕ ਨਾਲ ਸਾਜਬਾਦ ਕਰ ਰਹੇ ਸਨ। ਨੈਪੋਲੀਅਨ ਨੂੰ ਸਪੇਨ ਵਿਚੋਂ 1809 ਵਿਚ ਜਲਦੀ ਆਉਣਾ ਪਿਆ। ਦੂਜੀ ਗੱਲ ਇਹ ਹੈ ਕਿ ਨੈਪੋਲੀਅਨ ਦੀ ਹਾਰ ਮਗਰੋਂ ਉਨ੍ਹਾਂ ਦਾ ਵਤੀਰਾ ਇਕ ਦਮ ਬਦਲ ਗਿਆ।

ਜਦੋਂ ਨੈਪੋਲੀਅਨ ਨੂੰ ਇਹ ਗੱਲ ਮਹਿਸੂਸ ਹੋਈ ਕਿ ਉਸ ਦੇ ਵਿਦੇਸ਼ ਮੰਤਰੀ ਠੀਕ ਢੰਗ ਨਾਲ ਕੰਮ ਨਹੀਂ ਕਰ ਸਕਦੇ ਤਾਂ ਉਸ ਨੇ ਉਨ੍ਹਾਂ ਨੂੰ ਤੁਰੰਤ ਬਦਲ ਦਿੱਤਾ, ਟੈਲੀਰਾਂ ਦੀ ਥਾਂ ਚੈਮਪੇਨ (Champaign) ਅਤੇ ਫਾਊਚੇ ਦੀ ਥਾਂ ਮਾਰਿਟ (Maret) ਨੂੰ ਬਦਲ ਦਿੱਤਾ। ਇਸ ਦਾ ਵਿਦੇਸ਼ ਨੀਤੀ ਤੇ ਅਸਰ ਪਿਆ ਜਿਸ ਨੇ ਫਰਾਂਸ ਦੇ ਹਿੱਤਾਂ ਤੇ ਪ੍ਰਭਾਵ ਪਾਇਆ।

**14. ਫਰਾਂਸੀਸੀ ਮੱਧ-ਸ਼੍ਰੇਣੀ ਦਾ ਵਿਰੋਧ :** ਕੁਝ ਇਤਿਹਾਸਕਾਰਾਂ ਦਾ ਇਹ ਮਤ ਹੈ ਕਿ ਨੈਪੋਲੀਅਨ ਨੇ ਜੰਗ ਦੀ ਨੀਤੀ ਅਪਣਾ ਕੇ ਅਤੇ ਕਾਂਟੀਨੈਂਟਲ ਸਿਸਟਮ ਲਾਗੂ ਕਰਕੇ ਫਰਾਂਸੀਸੀ ਮੱਧ ਸ਼੍ਰੇਣੀ ਨੂੰ ਹਾਨੀ ਪਹੁੰਚਾਈ। ਇਨ੍ਹਾਂ ਨੇ ਫਰਾਂਸ ਦੀ ਆਰਥਿਕਤਾ ਤੇ ਪ੍ਰਭਾਵ ਪਾਇਆ ਅਤੇ ਮੁਦਰਾ ਦੇ ਫੈਲਾਓ ਲਈ ਜ਼ਿੰਮੇਵਾਰ ਬਣੀਆਂ। ਤਿਆਰ ਮਾਲ ਜਿਸ ਦੀ ਮੱਧ ਸ਼੍ਰੇਣੀ ਨੂੰ ਬਹੁਤ ਲੋੜ ਸੀ, ਮਾਰਕੀਟ ਤੋਂ ਅਲੋਪ ਹੋ ਗਈਆਂ। ਇਸ ਨਾਲ ਨੈਪੋਲੀਅਨ ਵਿਰੁੱਧ ਮੰਦ ਭਾਵਨਾ ਪੈਦਾ ਹੋਈ ਲੋਕਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਤਾਨਾਸ਼ਾਹ ਦੀ ਹਕੂਮਤ ਤੋਂ ਮੁਕਤੀ ਮਿਲਣੀ ਚਾਹੀਦੀ ਹੈ,

ਜੋ ਆਪਣੇ ਆਪ ਨੂੰ ਕ੍ਰਾਂਤੀ ਦਾ ਬੱਚਾ ਦੱਸਦਾ ਹੈ ਪਰ ਵਾਸਤਵ ਵਿਚ ਉਸ ਨੇ ਸਾਡੀ ਸੁਤੰਤਰਤਾ ਖਤਮ ਕਰ ਦਿੱਤੀ ਹੈ।

**15. ਬ੍ਰਿਟਿਸ਼ ਵਿਰੋਧ :** ਨੈਪੋਲੀਅਨ ਨੇ ਇੰਗਲੈਂਡ ਤੋਂ ਬਾਕੀ ਸਾਰੇ ਯੂਰਪੀ ਦੇਸ਼ਾਂ ਦੀ ਦੁਸ਼ਮਣੀ ਸਮਾਪਤ ਕਰ ਦਿੱਤੀ ਸੀ। ਇੰਗਲੈਂਡ 1793 ਤੋਂ ਲੈ ਕੇ ਲਗਾਤਾਰ ਫਰਾਂਸ ਦਾ ਵਿਰੋਧ ਕਰਦਾ ਆ ਰਿਹਾ ਸੀ, ਸਿਰਫ 1802–03 ਦੇ ਥੋੜ੍ਹੇ ਜਿਹੇ ਸਮੇਂ ਦੇ ਅਰਥਾਤ 1802 ਵਿਚ ਅਮੀਨ ਦੀ ਸੰਧੀ ਤੇ ਹਸਤਾਖਰ ਕਰਨ ਉਪਰੰਤ ਉਨ੍ਹਾਂ ਨੇ ਨੈਪੋਲੀਅਨ ਵਿਰੁੱਧ ਲੜਨ ਲਈ ਭਿੰਨ ਭਿੰਨ ਤਾਕਤਾਂ ਨੂੰ ਬਹੁਤ ਸਬਸਿਡੀ ਦਿੱਤੀ। ਆਸਟਰੀਆ ਪਰਸੀਆ ਆਦਿ ਨੂੰ ਫਰਾਂਸੀਸੀ ਸਮਰਾਟ ਵਿਰੁੱਧ ਲੜਨ ਲਈ ਧਨ ਅਤੇ ਸਮਾਨ ਆਦਿ ਦੀ ਸ਼ਕਲ ਵਿਚ ਅਖਲਾਕੀ ਅਤੇ ਮਾਇਕ ਮਦਦ ਦਿੱਤੀ ਗਈ ਤਾਂ ਜੋ ਨੈਪੋਲੀਅਨ ਦਾ ਡਟ ਕੇ ਮੁਕਾਬਲਾ ਕਰਨ। ਬਹੁਤ ਗਿਣਤੀ ਵਿਚ ਅੰਗਰੇਜ਼ ਸੈਨਿਕਾਂ ਦੇ ਸਰਗਰਮ ਸਹਿਯੋਗ ਕਾਰਣ ਹੀ ਲਿਪਜਿੰਗ ਵਿਖੇ ਨੈਪੋਲੀਅਨ ਨੂੰ ਹਾਰ ਹੋਈ। ਸਰਗਰਮ ਅਤੇ ਮਨੋਰਥ ਭਰਪੂਰ ਗੱਲਬਾਤ ਦੁਆਰਾ ਹੀ ਚੋਮੈਂਟ ਦੀ ਸੰਧੀ ਤੇ ਹਸਤਾਖਰ ਹੋਏ। ਇਸ ਸੰਧੀ ਨੇ ਇੰਗਲੈਂਡ, ਰੂਸ ਪਰਸੀਆ ਅਤੇ ਆਸਟਰੀਆ ਨੂੰ ਇਕ ਮਜ਼ਬੂਤ ਗਠਜੋੜ ਵਿਚ ਪਰੋ ਦਿੱਤਾ ਜਿਨ੍ਹਾਂ ਨੇ ਨੈਪੋਲੀਅਨ ਦੀ ਸੱਤਾ ਨੂੰ ਖਤਮ ਕਰਨ ਲਈ ਦ੍ਰਿੜ ਇਰਾਦਾ ਕੀਤਾ। ਗਰੇਟ ਬ੍ਰਿਟੇਨ ਦੁਆਰਾ ਕੀਤੀ ਇਸ ਦ੍ਰਿੜ ਲੀਡਰਸ਼ਿਪ ਕਰਕੇ ਹੀ ਮਿੱਤਰ ਦੇਸ਼ ਨੈਪੋਲੀਅਨ ਨੂੰ ਬੁਰੀ ਤਰ੍ਹਾਂ ਹਰਾਉਣ ਮਗਰੋਂ 1815 ਵਿਚ ਸੈਂਟ ਹੈਲੀਨਾ ਵਿਖੇ ਕੈਦ ਕਰਨ ਵਿਚ ਸਫਲ ਹੋਏ।

**16. ਬ੍ਰਿਟਿਸ਼ ਨੇਵੀ :** ਬ੍ਰਿਟਿਸ਼ ਨੇਵੀ ਨੇ ਨੈਪੋਲੀਅਨ ਦਾ ਪਤਨ ਲਿਆਉਣ ਵਿਚ ਬੜਾ ਮਹੱਤਵਪੂਰਣ ਰੋਲ ਅਦਾ ਕੀਤਾ। ਨੈਲਸਨ ਦੀ ਕਮਾਂਡ ਵਿਚ ਬ੍ਰਿਟਿਸ਼ ਨੇਵੀ ਨੇ ਨੈਪੋਲੀਅਨ ਨੂੰ 1798 ਵਿਚ ਮਿਸਰ ਨੂੰ ਛੱਡਣ ਤੇ ਮਜ਼ਬੂਰ ਕਰ ਦਿੱਤਾ। ਬ੍ਰਿਟਿਸ਼ ਨੇਵੀ ਕਰਕੇ ਹੀ ਨੈਪੋਲੀਅਨ ਗਰੇਟ ਬ੍ਰਿਟੇਨ ਵਿਚ ਆਪਣੀਆਂ ਫੌਜਾਂ ਨਹੀਂ ਉਤਾਰ ਸਕਿਆ। ਨੈਲਸਨ ਦੀ ਕਮਾਂਡ ਅਧੀਨ ਬ੍ਰਿਟਿਸ਼ ਨੇਵੀ ਸਪੇਨ ਅਤੇ ਫਰਾਂਸ ਦੀਆਂ ਸਾਂਝੀਆਂ ਫੌਜਾਂ ਨੂੰ 1805 ਵਿਚ ਤ੍ਰਫਾਲਗਰ ਵਿਖੇ ਹਰਾਉਣ ਵਿਚ ਸਫਲ ਹੋਈ। ਇਸ ਤੋਂ ਬਾਅਦ ਸਮੁੰਦਰ ਤੇ ਇੰਗਲੈਂਡ ਦੀ ਸੱਤਾ ਨੂੰ ਸਵੀਕਾਰ ਕਰ ਲਿਆ ਗਿਆ, ਇੰਗਲੈਂਡ ਨੂੰ ਸਮੁੰਦਰ ਵਿਚ ਹਰਾਉਣ ਵਿਚ ਅਸਫਲ ਰਹਿਣ ਕਰਕੇ, ਨੈਪੋਲੀਅਨ ਨੇ ਕਾਂਟੀਨੈਂਟਲ ਸਿਸਟਮ ਰਾਹੀਂ ਇੰਗਲੈਂਡ ਦੀ ਆਰਥਿਕ ਹਾਲਤ ਤਬਾਹ ਕਰਨ ਬਾਰੇ ਸੋਚਿਆ। ਐਪਰ ਫਰਾਂਸੀਸੀ ਸਮਰਾਟ ਇਸ ਨੂੰ ਪੂਰਨ ਤੌਰ ਤੇ ਲਾਗੂ ਕਰਨ ਵਿਚ ਸਫਲ ਨਾ ਹੋ ਸਕਿਆ। ਬ੍ਰਿਟਿਸ਼ ਨੇਵੀ ਨੈਪੋਲੀਅਨ ਵਿਰੁੱਧ ਪੁਰਤਗਾਲ ਰਾਹੀਂ ਸੈਨਿਕ ਅਤੇ ਮਾਲ ਨੂੰ ਭੇਜਣ ਵਿਚ ਸਫਲ ਰਹੀ। ਬ੍ਰਿਟਿਸ਼ ਨੇਵੀ ਤੋਂ ਬਿਨਾਂ ਬ੍ਰਿਟਿਸ਼ ਫੌਜਾਂ ਪੈਨਇਨਸੂਲਰ ਪੁੱਜ ਸਕਦੀਆਂ ਹਨ ਅਤੇ ਨਾ ਹੀ ਉਥੋਂ ਫਰਾਂਸੀਸੀ ਤਾਕਤ ਨੂੰ ਖਤਮ ਕਰ ਸਕਦੀਆਂ ਸਨ। ਯੂਰਪੀ ਮਹਾਂਦੀਪ ਦੀਆਂ ਨਾਜ਼ੁਕ ਥਾਵਾਂ ਤੋਂ ਬ੍ਰਿਟਿਸ਼ ਨੇਵੀ ਮਿੱਤਰ ਦੇਸ਼ਾਂ ਲਈ ਸੈਨਿਕ ਅਤੇ ਮਾਲੀ ਇਮਦਾਦ ਰਹੀ ਤਾਂ ਜੋ ਉਹ ਨੈਪੋਲੀਅਨ ਵਿਰੁੱਧ 1813 ਦੀ ਕੌਮਾਂ ਦੀ ਲੜਾਈ ਅਤੇ ਬਾਅਦ ਵਿਚ ਵਾਟਰਲੂ ਦੀ ਜੰਗ ਲੜ ਸਕਣ।

**17. ਮਾਸਕੋ ਮੁਹਿੰਮ (1812) :** ਨੈਪੋਲੀਅਨ ਵੱਲੋਂ 1812 ਵਿਚ ਅਪਣਾਈ ਮਾਸਕੋ ਮੁਹਿੰਮ ਉਸ ਦੇ ਪਤਨ ਵਿਚ ਵਿਸ਼ੇਸ਼ ਮਹੱਤਤਾ ਰਖਦੀ ਹੈ। ਫਿਸ਼ਰ ਨੇ ਠੀਕ ਹੀ ਕਿਹਾ ਹੈ, "ਨੈਪੋਲੀਅਨ ਦਾ ਪਤਨ ਇਕ ਪਰਕਾਰ ਦੀ ਤਿਗੜੀ ਹੈ ਜਿਸ ਵਿਚ ਮਾਸਕੋ, ਲਿਪਜਿਗ ਅਤੇ ਫਾਉਂਟੇਨਬਿਲਿਊ ਲੜੀਵਾਰ ਟੁਕੜੇ ਹਨ ਅਤੇ ਵਾਟਰਲੂ ਉਸਦਾ ਆਖਰੀ ਨਤੀਜਾ ਹੈ।" ਜਿਸ ਤਿਗੜੀ ਵਿਚ ਮਾਸਕੋ ਮੁਹਿੰਮ ਦੀ ਵਾਸਤਵਿਕ ਅਸਫਲਤਾ ਨੈਪੋਲੀਅਨ ਦੇ ਪਤਨ ਦਾ ਵੱਡਾ ਕਾਰਣ ਬਣੀ। ਸਮਰਾਟ ਨੇ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਕੀਤੀ ਜਦੋਂ ਉਸ ਨੇ ਕਾਂਟੀਨੈਂਟਲ ਸਿਸਟਮ ਨੂੰ ਲਾਗੂ ਨਾ ਕਰਕੇ ਰੂਸ ਦੇ ਜ਼ਾਰ ਅਲੈਗਜੈਂਡਰ ਪਹਿਲੇ ਨੂੰ ਸਬਕ ਸਿਖਾਉਣ ਲਈ ਰੂਸ ਤੇ ਹਮਲਾ ਕਰ ਦਿੱਤਾ ਸੀ। ਉਹ ਭਾਰੀ ਫੌਜ ਲੈ ਕੇ ਉਸ ਨੂੰ ਫਤਹਿ ਕਰਨ ਲਈ ਚੱਲ ਪਿਆ। ਰੂਸੀਆਂ ਖੁਲ੍ਹੇ ਝਗੜੇ ਨੂੰ ਉਦੋਂ

ਤੱਕ ਟਾਲਿਆ ਜਦੋਂ ਤੱਕ ਨੈਪੋਲੀਅਨ ਕੋਰੋਡੀਨੋ ਨਾ ਪੁੱਜ ਗਿਆ, ਉਥੇ ਉਸ ਨਾਲ ਸਖਤ ਮੁਕਾਬਲਾ ਹੋਇਆ। ਜਦੋਂ ਉਹ ਮਾਸਕੋ ਵਿਚ ਗਿਆ ਤਾਂ ਉਥੇ ਸ਼ਹਿਰ ਜਲ ਰਿਹਾ ਸੀ। ਖੁਰਾਕ ਦੀ ਬਹੁਤ ਕਿਲਤ ਹੋ ਗਈ। ਉਸ ਦੀ ਫੌਜ ਨੂੰ ਭੁੱਖ ਦਾ ਸਾਹਮਣਾ ਕਰਨਾ ਪਿਆ। ਫੇਰ ਰੂਸ ਦੀ ਆਖਰਾਂ ਦੀ ਸਰਦੀ ਆਈ ਅਤੇ ਬਹੁਤ ਸਾਰੇ ਲੋਕ ਮੌਤ ਦਾ ਸ਼ਿਕਾਰ ਹੋ ਗਏ। ਨੈਪੋਲੀਅਨ ਨੂੰ ਨਿਰਾਸ਼ ਹੋ ਕੇ ਰੂਸ ਤੋਂ ਪਰਤਣਾ ਪਿਆ। ਇਸ ਮੁਹਿੰਮ ਦੇ ਦੌਰਾਨ ਉਸ ਦਾ ਫੌਜੀ ਕਰਿਸ਼ਮਾ ਖਤਮ ਹੋ ਗਿਆ ਸੀ। ਉਸ ਨਾਲ ਨੈਪੋਲੀਅਨ ਨੂੰ ਬਹੁਤ ਨਿਰਾਸ਼ਾ ਹੋਈ। ਨੈਪੋਲੀਅਨ ਦੇ ਅਜਿੱਤ ਹੋਣ ਦੀ ਕਹਾਣੀ ਖਤਮ ਹੋ ਗਈ ਸੀ। ਇਸ ਦੇ ਦੂਜੇ ਯੂਰਪੀ ਦੇਸ਼ਾਂ ਅਰਥਾਤ ਪਰਸੀਆ ਅਤੇ ਆਸਟਰੀਆ ਨੇ ਇਕ ਵਾਰੀ ਫੇਰ ਉਸ ਵਿਰੁੱਧ ਹਥਿਆਰ ਚੁੱਕੇ। ਰੂਸੀ ਮੁਹਿੰਮ ਦੇ ਅਸਫਲ ਰਹਿਣ ਮਗਰੋਂ ਜ਼ਾਰ ਨੇ ਪਰਸੀਆ ਦੇ ਰਾਜੇ ਨੂੰ ਉਕਸਾਇਆ ਕਿ ਉਹ ਨੈਪੋਲੀਅਨ ਵਿਰੁਧ ਜੰਗ ਦਾ ਐਲਾਨ ਕਰੇ। ਕੁਝ ਦਿਨਾਂ ਮਗਰੋਂ ਆਸਟਰੀਆ ਨੇ ਵੀ ਇਸ ਵਿਚ ਆਪਣਾ ਯੋਗਦਾਨ ਪਾਇਆ ਅਤੇ "ਮੁਕਤੀ ਦੀ ਜੰਗ" ਲੜਨ ਲਈ ਉਨ੍ਹਾਂ ਵਿਚ ਸ਼ਾਮਲ ਹੋ ਗਿਆ।

**18. ਲਿਪਜ਼ਿਗ ਦੀ ਲੜਾਈ :** ਅਕਤੂਬਰ 1813 ਵਿਚ ਲੜੀ ਲਿਪਜਿਗ ਦੀ ਲੜਾਈ ਦੀ ਨੈਪੋਲੀਅਨ ਦੇ ਪਤਨ ਨਾਲ ਬਹੁਤ ਨੇੜੇ ਦਾ ਸੰਬੰਧ ਸੀ। ਯੂਰਪ ਦੀਆਂ ਸਾਰੀਆਂ ਵੱਡੀਆਂ ਤਾਕਤਾਂ ਨੈਪੋਲੀਅਨ ਨੂੰ ਮੂੰਹ ਤੋੜਵੀਂ ਹਾਰ ਦੇਣ ਲਈ ਇਕੱਠੀਆਂ ਹੋ ਗਈਆਂ। ਉਨ੍ਹਾਂ ਨੇ ਪੈਰਿਸ ਨੂੰ ਘੇਰ ਲਿਆ, ਜਿਸ ਨੇ ਮਿੱਤਰ ਦੇਸ਼ਾਂ ਅੱਗੇ ਹਥਿਆਰ ਸੁੱਟ ਦਿੱਤੇ, ਨੈਪੋਲੀਅਨ ਨੇ ਭੱਜ ਜਾਣ ਦੀ ਕੋਸ਼ਿਸ਼ ਕੀਤੀ ਪਰ ਉਹ ਫੜਿਆ ਗਿਆ। ਉਸ ਨੇ ਫਾਊਟੈਨਬਿਲਿਊ ਵਿਖੇ ਰਾਜ ਛੱਡਣ ਦੇ ਕਾਗਜ਼ਾਂ ਤੇ ਹਸਤਾਖਰ ਕਰ ਦਿੱਤੇ ਅਤੇ ਉਸ ਨੂੰ ਐਲਬਾ ਭੇਜ ਦਿੱਤਾ ਗਿਆ। ਪਰ ਉਹ ਖੁਫੀਆ ਤੌਰ ਤੇ ਮਾਰਚ 1815 ਵਿਚ ਮੁੜ ਫਰਾਂਸ਼ ਆ ਗਿਆ ਅਤੇ ਉਸ ਨੇ 100 ਦਿਨ ਹੋਰ ਰਾਜ ਕੀਤਾ।

**19. ਵਾਟਰਲੂ ਦੀ ਲੜਾਈ (ਜੂਨ 1815) :** ਮਿੱਤਰ ਦੇਸ਼ਾਂ ਨੂੰ ਨੈਪੋਲੀਅਨ ਵਾਟਰਲੂ ਦੀ ਜੰਗ ਵਿਚ ਫੈਸਲਾਕੁੰਨ ਹਾਰ ਦੇਣ ਦਾ ਦ੍ਰਿੜ੍ਹ ਨਿਸ਼ਚਾ ਕੀਤਾ ਹੋਇਆ ਸੀ। ਡਿਊਕ ਆਫ ਵੈਲਿੰਗਟਨ ਦੀ ਸੁਚੱਜੀ ਜੰਗੀ ਚਾਲ ਅਤੇ ਬਲੂਚਰ ਅਧੀਨ ਪਰਸ਼ੀਅਨ ਫੌਜ ਵੱਲੋਂ ਦਿੱਤੀ ਮਿਲਟਰੀ ਸਹਾਇਤਾ ਕਰਕੇ ਨੈਪੋਲੀਅਨ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਸ਼ੁਰੂ ਵਿਚ ਇਉਂ ਜਾਪਦਾ ਸੀ ਕਿ ਨੈਪੋਲੀਅਨ ਦੀ ਜਿੱਤ ਹੋ ਰਹੀ ਹੈ। ਐਪਰ ਉਹ ਬਲੂਚਰ ਦੀਆਂ ਫੌਜਾਂ ਨੂੰ ਜੰਗ ਦੇ ਮੈਦਾਨ ਤੋਂ ਪਰੇ ਰਖਣ ਵਿਚ ਅਸਫਲ ਰਿਹਾ। ਬਲੂਚਰ ਨੇ ਇਕ ਪਾਸੇ ਤੋਂ ਫਰਾਂਸ ਦੀ ਫੌਜ ਤੇ ਹਮਲਾ ਕਰ ਦਿੱਤਾ ਜਦੋਂ ਕਿ ਦੂਜੇ ਪਾਸੇ ਵੈਲਿੰਗਟਨ ਫਰਾਂਸੀਸੀ ਫੌਜ ਨਾਲ ਲੋਹਾ ਲੈ ਰਿਹਾ ਸੀ। ਨੈਪੋਲੀਅਨ ਦੋ ਵੱਡੀਆਂ ਫੌਜਾਂ ਵਿਚਾਲੇ ਘਿਰ ਗਿਆ। ਉਸ ਦੀ ਕਿਸਮਤ ਦਾ ਸਿਤਾਰਾ ਛਿਪ ਗਿਆ ਉਸ ਨੂੰ ਕੈਦੀ ਬਣਾ ਕੇ ਸੈਂਟ ਹੈਲੀਨਾ ਦੇ ਜ਼ਜ਼ੀਰੇ ਵਿਚ ਭੇਜ ਦਿੱਤਾ ਗਿਆ। ਇਸ ਤਰ੍ਹਾਂ ਮਹਾਨ ਜਰਨੈਲ ਦੇ ਕੈਰੀਅਰ ਦਾ ਖਾਤਮਾ ਹੋ ਗਿਆ ਜਿਸ ਦੀ ਦੋ ਦਹਾਕਿਆਂ ਤੱਕ ਯੂਰਪ ਤੇ ਪ੍ਰਭੂਸੱਤਾ ਰਹੀ।

ਅਖੀਰ ਵਿਚ ਅਸੀਂ ਇਕ ਵਾਰ ਫੇਰ ਫੁਲਰ ਦੇ ਸ਼ਬਦਾਂ ਨੂੰ ਦੁਹਰਾਉਂਦੇ ਹੋਏ ਇਸ ਨੂੰ ਸਮਾਪਤ ਕਰਦੇ ਹਾਂ। ਉਹ ਲਿਖਦਾ ਹੈ, "ਨੈਪੋਲੀਅਨ ਦੀ ਜੰਗੀ ਚਾਲ ਵਿਚ ਇਸ ਕਰਕੇ ਅਸਫਲ ਨਹੀਂ ਹੋਈ ਕਿ ਉਸ ਦੇ ਸਾਧਨ ਨਾਕਾਫੀ ਸਨ ਜਾਂ ਉਸ ਦਾ ਅਨੁਮਾਨ ਸਹੀ ਨਹੀਂ ਸੀ। ਸਗੋਂ ਉਸ ਦੀ ਨੀਤੀ ਸਮੇਂ ਦੀ ਮੰਗ ਅਨੁਸਾਰ ਨਹੀਂ ਰਹੀ ਸੀ। ਉਸ ਨੇ ਇਕ ਸਰਵਵਿਆਪੀ ਸਾਮਰਾਜ ਸਥਾਪਿਤ ਕਰਨ ਦੀ ਕਾਮਨਾ ਕੀਤੀ ਸੀ ਅਤੇ ਉਹ ਭੂਤਕਾਲ ਦੇ ਜੇਤੂਆਂ ਦੇ ਪੂਰਨਿਆਂ ਤੇ ਚਲਿਆ ਸੀ। ਪਰ ਸਮਾਂ ਬਦਲ ਚੁੱਕਿਆ ਸੀ। ਯੂਰਪ ਦੇ ਹਾਲਾਤ ਬਦਲ ਚੁੱਕੇ ਸਨ।" ਉਹ ਲਿਖਦਾ ਹੈ ਕਿ ਉਸ ਨੇ ਜਿਨਾਂ (Jenna) ਵਿਖੇ ਫੈਡਰਲ ਫੌਜ ਨੂੰ ਨਹੀਂ ਸਗੋਂ ਝਗੜਾਵਾਦ ਨੂੰ ਹਰਾਇਆ ਸੀ। ਉਹ ਕੌਮੀ ਫੌਜ ਸੀ ਜਿਸ ਨੇ ਲਿਪਜੰਗ ਵਿਖੇ ਨੈਪੋਲੀਅਨ ਨੂੰ ਤਬਾਹ ਕੀਤਾ।

## ਅਧਿਐਨ ਯੋਗ ਹਵਾਲਾ ਪੁਸਤਕਾਂ

| | | | |
|---|---|---|---|
| 1. | ਕੈਟਲਬੀ | : | *ਏ ਸ਼ਾਰਟ ਹਿਸਟਰੀ ਆਫ ਮਾਡਰਨ ਯੂਰਪ* |
| 2. | ਐਚ. ਏ. ਐਲ. ਫਿਸ਼ਰ | : | *ਨੈਪੋਲੀਅਨ* |
| 3. | ਫੁਲਰ | : | *ਦੀ ਡੀਸਾਸਿਵ ਬੈਟਲਜ਼ ਆਫ ਦੀ ਵੈਸਟਰਨ ਵਰਲਡ* ਜਿਲਦ–II |
| 4. | ਲਿਓ ਗਰਸ਼ਾਏ | : | *ਦੀ ਫਰੈਂਚ ਰੈਵੋਲਿਊਸ਼ਨ ਐਂਡ ਨੈਪੋਲੀਅਨ* |
| 5. | ਏ. ਸੀ. ਅਰੋੜਾ | : | *ਵਿਸ਼ਵ ਦਾ ਇਤਿਹਾਸ (1500–1950)* |

## ਅਭਿਆਸ ਲਈ ਪ੍ਰਸ਼ਨ

1. ਨੈਪੋਲੀਅਨ ਦੇ ਅਸਫਲਤਾਂ ਦੇ ਕਾਰਨ ਲਿਖੋ।

**ਪਾਠ ਨੰਬਰ : 2.5**

# ਵਿਆਨਾ ਦਾ ਸਮਝੌਤਾ 1815

ਵਿਆਨਾ ਸੰਧੀ ਜੂਨ, 1815 ਵਿਚ, ਵਾਟਰਲੂ ਦੀ ਲੜਾਈ ਤੋਂ ਕੁਝ ਦਿਨ ਪਹਿਲਾਂ ਨੇਪਰੇ ਚੜ੍ਹੀ, ਇਸ ਦੁਆਰਾ ਪੈਰਿਸ ਦੀ ਦੂਜੀ ਸੰਧੀ (20 ਨਵੰਬਰ, 1815) ਅਨੁਸਾਰ ਲਾਜ਼ਮੀ ਬਣਾਏ ਗਏ ਕੁਝ ਉਪਬੰਧਾਂ ਵਿਚ ਤਬਦੀਲੀਆਂ ਕੀਤੀਆਂ ਗਈਆਂ। ਇਹ ਸੰਧੀ ਵਿਸ਼ੇਸ਼ ਤੌਰ ਤੇ ਹਿਤ ਰੱਖਣ ਵਾਲੀਆਂ ਤਾਕਤਾਂ ਵਿਚਕਾਰ ਇਲਾਕਾਈ ਪ੍ਰਬੰਧ ਬਾਰੇ ਸੰਧੀਆਂ, ਪੂਰਵ ਲਿਖਤਾਂ ਅਤੇ ਐਲਾਨਾਂ ਦਾ ਇਕ ਦਸਤਾਵੇਜ਼ ਵਿਚ "ਰੂਪਾਂਤਰਣ" (Reaction) ਸੀ। ਵਿਆਨਾ ਕਾਂਗਰਸ ਦੀ ਅੰਤਮ ਕਾਰਵਾਈ ਸਮੇ ਵੱਡੀਆਂ ਯੂਰਪੀ ਤਾਕਤਾਂ ਦੇ ਸਰਬ ਅਧਿਕਾਰਾਂ ਵਾਲੇ ਪ੍ਰਤੀਨਿਧ ਬੁਲਾਏ ਗਏ ਸਨ, ਪਰ ਫੈਸਲਾ ਕਰਨ ਦੀ ਤਾਕਤ ਵਿਸ਼ੇਸ਼ ਤੌਰ ਤੇ ਪੰਜ ਵੱਡੇ ਦੇਸ਼ਾਂ ਅਰਥਾਤ ਰੂਸ, ਆਸਟਰੀਆ, ਪਰੂਸ਼ੀਆ, ਬਰਤਾਨੀਆ ਅਤੇ ਫਰਾਂਸ ਦੇ ਪ੍ਰਤਿਨਿਧਾਂ ਦੇ ਹੱਥਾਂ ਵਿਚ ਸੀ। ਛੋਟੀਆਂ ਤਾਕਤਾਂ ਨੂੰ ਕੇਵਲ ਸੰਧੀ ਦੀ ਪੁਸ਼ਟੀ ਕਰਨ ਲਈ ਬੁਲਾਇਆ ਜਾਂਦਾ ਸੀ। ਇਹ ਫੈਸਲਾ ਸਮੁੱਚੇ ਯੂਰਪੀ ਮਹਾਂਦੀਪ ਨਾਲ ਸੰਬੰਧਤ ਸੀ ਅਤੇ ਸਾਰੇ ਵਿਵਾਦ-ਵਿਸ਼ਿਆਂ ਦਾ ਨਿਪਟਾਰਾ ਕਰਨ ਲਈ ਇਸ ਵਿਚ ਆਮ ਵਿਸ਼ਿਆਂ ਜਿਵੇ ਕਿ ਦਾਸ ਵਪਾਰ ਸੰਬੰਧੀ ਦੀ ਧਾਰਾ (clause) ਸਨ।

ਇਸ ਸੰਧੀ ਤੇ ਅੱਠ ਮਹਾਨ ਯੂਰਪੀ ਤਾਕਤਾਂ ਨੇ ਹਸਤਾਖਰ ਕੀਤੇ ਸਨ ਅਤੇ ਪੋਪ ਅਤੇ ਤੁਰਕੀ ਸਰਕਾਰ ਦੇ ਪ੍ਰਤਿਨਿਧਾਂ ਤੋਂ ਛੁੱਟ ਹੋਰ ਸਾਰੇ ਰਾਜਾਂ ਨੇ ਇਸ ਦੀ ਪੁਸ਼ਟੀ ਕੀਤੀ ਸੀ। ਸਾਰੇ ਨੁਕਸਾਂ ਅਤੇ ਤਰੁੱਟੀਆਂ ਦੇ ਬਾਵਜੂਦ ਫੈਸਲੇ ਕਾਰਨ ਬਾਕੀ ਦੀ ਉਨ੍ਹੀਵੀਂ ਸਦੀ ਵਿਚ ਸ਼ਾਂਤੀ ਰਹੀ। ਭਾਵੇ ਇਸ ਤੋ ਇਹ ਦੋਸ਼ ਲਾਇਆ ਗਿਆ ਕਿ ਇਸ ਵਿਚ ਰਾਸ਼ਟਰੀਅਤਾ ਅਤੇ ਲੋਕਤੰਤਰ ਦੀਆਂ ਵੱਧ ਰਹੀਆਂ ਤਾਕਤਾਂ ਅਤੇ ਵੱਧ ਰਹੀ ਪ੍ਰਤਿਕ੍ਰਿਆ ਵਲ ਧਿਆਨ ਨਹੀਂ ਦਿੱਤਾ ਗਿਆ, ਪਰ ਇਸ ਗੱਲ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਸਮੇਦੇ ਹਾਲਾਤ ਨੂੰ ਮੁੱਖ ਰੱਖਦਿਆਂ ਸਮੁੱਚੇ ਤੌਰ ਤੇ ਇਹ ਇਕ ਉਚਿਤ ਪ੍ਰਬੰਧ ਸੀ।

## ਸਮੱਸਿਆ

ਫਰਾਂਸ ਦੀਆਂ ਕ੍ਰਾਂਤੀਕਾਰੀ ਜੰਗਾਂ ਅਤੇ ਨੈਪੋਲੀਅਨ ਦੀ ਮਿਲਟਰੀ ਧੱਕੇਸ਼ਾਹੀ 1792 ਤੋਂ 1815 ਤਕ 23 ਸਾਲਾਂ ਤਕ ਚਲਦੀ ਰਹੀ, ਇਸ ਨੇ ਯੂਰਪ ਦਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ। ਨੈਪੋਲੀਅਨ ਨੇ ਕੁਝ ਰਾਜਾਂ ਤੋ ਇਲਾਕੇ ਲੈ ਕੇ ਆਪਣੀ ਸੋਖ ਅਨੁਸਾਰ ਦੂਜੇ ਰਾਜਾਂ ਵਿਚ ਸ਼ਾਮਲ ਕਰ ਦਿੱਤੇ, ਅਜਿਹਾ ਦੰਡ ਜਾਂ ਸਿਲੇ ਵਜੋ ਕੀਤਾ ਗਿਆ ਸੀ। ਮੌਜੂਦਾ ਰਾਜਾਂ ਵਿਚੋ ਇਲਾਕੇ ਲੈ ਕੇ ਨਵੇ ਰਾਜ ਸਥਾਪਿਤ ਕੀਤੇ ਗਏ ਜੇਕਰ ਇਹ ਠੀਕ ਤਰ੍ਹਾਂ ਨਾ ਚੱਲਣ ਤਾਂ ਇਨ੍ਹਾਂ ਨੂੰ ਤਰੁੰਤ ਤੋੜ ਦਿੱਤਾ ਜਾਂਦਾ ਸੀ। ਯੂਰਪ ਦਾ ਨਕਸ਼ਾ ਬਦਲਦਾ ਰਿਹਾ ਅਤੇ ਰਾਜਾਂ ਦੀਆਂ ਹੱਦਾਂ ਨਵੀਆਂ ਮੁਹਿੰਮਾਂ ਦੇ ਨਾਲ ਬਦਲਦੀਆਂ ਰਹੀਆਂ।

ਇਸ ਸਮੇ ਦੇ ਦੌਰਾਨ ਫਰਾਂਸੀਸੀ ਮਿਲਟਰੀ ਤਾਕਤ ਯੂਰਪੀ ਮਹਾਂਦੀਪ ਵਿਚ ਸਰਵਉੱਚ ਸੀ। ਮਹਾਂ-ਸਮੁੰਦਰ (High Seas) ਵਿਚ ਬਰਤਾਨੀਆਂ ਦਾ ਮੁਕੰਮਲ ਅਧਿਕਾਰ ਸੀ। ਉਸ ਨੇ ਫਰਾਂਸੀਸੀ, ਡੱਚ ਅਤੇ ਡੇਨਸ ਕਾਲੋਨੀਆਂ ਨੂੰ ਜਿੱਤਣ ਲਈ ਆਪਣੀ ਸਮੁੰਦਰੀ ਸਰਵਉੱਚਤਾ ਦੀ ਵਰਤੋ ਕੀਤੀ। ਸਮੁੰਦਰ ਤੇ ਉਸ ਦੀ ਪ੍ਰਭੁੱਤਾ ਨੇ ਉਸ ਨੂੰ ਇਸ ਯੋਗ ਬਣਾ ਦਿੱਤਾ ਕਿ ਉਹ 'ਸਮੁੰਦਰੀ ਅਧਿਕਾਰਾਂ' ਸਬੰਧੀ

ਆਪਣੀ ਪਰਿਭਾਸ਼ਾ ਅਤੇ ਅਰਥ-ਨਿਰਣੇ ਨੂੰ ਲਾਗੂ ਕਰੇ। ਉਹ ਆਪਣੇ ਤੋਂ ਇਲਾਵਾ ਕਿਸੇ ਨਿਰਣੇ ਨਾਲ ਸਹਿਮਤ ਨਹੀਂ ਸੀ ਅਤੇ ਉਸ ਨੇ 'ਨਿਰਪੱਖਤਾ' ਦੇ ਮਾਮਲੇ ਤੇ ਅਮਰੀਕਾ ਨਾਲ ਜੰਗ ਲੜੀ।

ਨੈਪੋਲੀਅਨ ਦੀ ਹਾਰ ਨੇ ਯੂਰਪ ਦਾ ਨਕਸ਼ਾ ਮੁੜ ਉਲੀਕਣ ਦੀ ਜ਼ਰੂਰਤ ਪੈਦਾ ਕੀਤੀ। ਇਲਾਕਿਆਂ ਦੀ ਮੁੜ ਤਰਤੀਬ ਦਾ ਜੇਤੂਆਂ ਅਤੇ ਮਿੱਤਰ ਦੇਸ਼ਾਂ ਨੂੰ ਲਾਭ ਸੀ ਐਪਰ ਉਨ੍ਹਾਂ ਦੇ ਵਿਰੋਧੀ ਹਿੱਤਾਂ ਨੇ ਗੱਲਬਾਤ ਵਿਚ ਰੁਕਾਵਟ ਪੈਦਾ ਕੀਤੀ ਅਤੇ ਜੰਗ ਸਬੰਧੀ ਕਿਸੇ ਤਸੱਲੀਬਖਸ਼ ਫੈਸਲੇ ਤੇ ਪੁਜਣ ਵਿਚ ਰੁਕਾਵਟ ਪੈਦਾ ਕੀਤੀ।

ਕਾਲੋਨੀਅਲ ਤਾਕਤ ਦੀ ਨਵੀਂ ਵੰਡ ਕਰਨ ਦੀ ਵੀ ਲੋੜ ਮਹਿਸੂਸ ਹੋਈ ਕਿਉਂਕਿ ਬਰਤਾਨੀਆਂ ਨੇ 'ਸਾਂਝੇ ਹਿੱਤ' ਨੂੰ ਮੁੱਖ ਰੱਖਦਿਆਂ ਫਰਾਂਸ, ਡੱਚ ਅਤੇ ਡੇਨ ਤੋਂ ਜਿੱਤੀਆਂ ਕਾਲੋਨੀਆਂ ਦੇ ਵੱਡੇ ਭਾਗ ਨੂੰ ਛੱਡਣਾ ਸਵੀਕਾਰ ਕਰ ਲਿਆ ਸੀ, ਪਰ ਉਹ ਅਜਿਹਾ ਕਰਨ ਲਈ ਉਸ ਸ਼ਰਤ ਤੇ ਸਹਿਮਤ ਹੋਇਆ ਸੀ ਕਿ ਯੂਰਪ ਦਾ ਫੈਸਲਾ ਬਰਤਾਨਵੀ ਨੀਤੀ ਦੇ ਅਨੁਕੂਲ ਹੋਣਾ ਚਾਹੀਦਾ ਹੈ। ਹੋਰ ਉਹ ਇਨ੍ਹਾਂ ਕਾਲੋਨੀਆਂ ਦਾ ਕਬਜ਼ਾ ਫਰਾਂਸ ਵਲੋਂ ਭਵਿਖ ਹਮਲੇ ਤੋਂ ਬਚਾਉ ਲਈ ਆਪਣੇ ਕੋਲ ਰੱਖਣਾ ਚਾਹੁੰਦਾ ਸੀ।

## ਸਮੱਸਿਆਵਾਂ

## (The issues)

ਉਹ ਸਮੱਸਿਆਵਾਂ ਜਿਨ੍ਹਾਂ ਤੇ ਪੰਜ ਮਹਾਨ ਤਾਕਤਾਂ ਨੇ ਜਿਹੜੀਆਂ ਵਿਆਨਾ ਕਾਂਗਰਸ ਦੇ ਫੈਸਲੇ ਕਰਨ ਵਾਲੇ ਅੰਸ਼ ਸਨ, ਫ਼ੈਸਲੇ ਤੇ ਪੁਜਣ ਲਈ ਵਿਚਾਰ ਕਰਨੀ ਸੀ, ਦੇ ਸਿਰਲੇਖਾਂ ਵਿਚ ਵੰਡੀਆਂ ਜਾ ਸਕਦੀਆਂ ਹਨ :

### (ੳ) ਇਲਾਕਾਈ

ਇਹ ਭਿੰਨ ਭਿੰਨ ਰਾਜਾਂ ਦੇ ਇਲਾਕਾਈ ਕਲੇਮਾਂ ਦੇ ਫੈਸਲੇ ਨਾਲ ਸਬੰਧਤ ਸਨ। ਮਹਾਨ ਤਾਕਤਾਂ ਦੇ ਵਿਰੋਧੀ ਹਿੱਤਾਂ ਨੇ ਇਲਾਕਾਈ ਵੰਡ ਦੇ ਸਮਾਧਾਨ ਅਤੇ ਵੰਡ ਨੂੰ ਜੇਕਰ ਅਸੰਭਵ ਨਹੀਂ ਤਾਂ ਕਾਫ਼ੀ ਮੁਸ਼ਕਿਲ ਬਣਾ ਦਿੱਤਾ ਸੀ। ਇਨ੍ਹਾਂ ਮਾਮਲਿਆਂ ਨੂੰ ਨਜਿਠਣ ਲਈ ਕਾਫ਼ੀ ਸਮਾਂ ਚਾਹੀਦਾ ਸੀ। ਇਨ੍ਹਾਂ ਲਈ ਧੀਰਜ ਅਤੇ ਦ੍ਰਿੜ੍ਹਤਾ ਦੀ ਲੋੜ ਸੀ। ਕੁਝ ਉੱਘੇ ਸਿਆਸਤਦਾਨਾਂ, ਲਾਰਡ ਕੈਸਲਰੇ (Castlereagh) ਬ੍ਰਿਟਿਸ਼ ਵਿਦੇਸ਼ ਮੰਤਰੀ ਅਤੇ ਤੈਲੀਰਾਂ (Talleyrand) ਫਰਾਂਸ ਦੇ ਪੂਰਨ ਅਧਿਕਾਰ ਵਾਲੇ ਰਾਜਦੂਤ ਨੇ ਕਾਫੀ ਬੁੱਧੀਮਤਾ ਦਿਖਾਈ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੇ ਚੰਗੇ ਨਤੀਜੇ ਵੀ ਪ੍ਰਾਪਤ ਹੋਏ। ਪਾਇਦਾਰ ਸਮਝੌਤੇ ਕੀਤੇ ਗਏ, ਜਿਨ੍ਹਾਂ ਦਾ ਘੱਟੋ ਘੱਟ ਕੁਝ ਸਮੇ ਲਈ ਸੁਖਾਵਾਂ ਪ੍ਰਭਾਵ ਪਿਆ।

### (ਅ) ਆਮ ਸਮੱਸਿਆਵਾਂ

ਕੁਝ ਮਾਮਲੇ ਆਮ ਕਿਸਮ ਦੇ ਸਨ ਜਿਵੇ ਨਸ਼ਾਬੰਦੀ, ਗੁਲਾਮ ਵਪਾਰ ਦੀ ਮਨਾਹੀ ਅਤੇ ਅੰਤਰਸ਼ਰਾਸ਼ਟਰੀ ਦਰਿਆਵਾਂ ਵਿਚ ਜਹਾਜ਼ਰਾਨੀ ਕਰਨਾ ਆਦਿ। ਪਰ ਇਸ ਉਦੇਸ਼ ਦੇ ਭਾਵ ਨੂੰ ਆਮ ਕਰਕੇ ਗ਼ਲਤ ਸਮਝਿਆ ਗਿਆ ਅਤੇ ਇਹ ਨਤੀਜਾ ਕੱਢਿਆ ਗਿਆ ਕਿ ਇਹ ਆਪਣੀਆਂ ਵਿਰੋਧੀ ਕਾਲੋਨੀਆਂ ਦੀ ਆਰਥਿਕਤਾ ਨੂੰ ਖਰਾਬ ਕਰਨਾ ਚਾਹੁੰਦਾ ਹੈ ਜਿਹੜੀਆਂ ਵਧੇਰੇ ਕਰਕੇ ਗੁਲਾਮਾਂ ਦੀ ਮਜ਼ਦੂਰੀ ਤੇ ਨਿਰਭਰ ਕਰਦੀਆਂ ਹਨ।

## (ਏ) ਇਲਾਕਾਈ ਸਮੱਸਿਆਵਾਂ

### 1. ਫਰਾਂਸ ਦੀ ਸੰਧੀ

ਇਹ ਸਮੱਸਿਆ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਕਰਕੇ, ਜਿਨ੍ਹਾਂ ਦਾ ਪਹਿਲਾਂ ਅਨੁਮਾਨ ਨਹੀਂ ਸੀ ਲਾਇਆ ਗਿਆ, ਵਾਸਤਵ ਵਿਚ ਪਹਿਲਾਂ ਹੀ ਨਜਿਠੀਆਂ ਜਾ ਚੁੱਕੀਆਂ ਸਨ। ਨੈਪੋਲੀਅਨ ਦੇ ਰਾਜ ਤਿਆਗਣ ਅਤੇ ਐਲਬਾ ਚਲੇ ਜਾਣ ਕਰਕੇ ਬੂਰਬਾਨ ਬਾਦਸ਼ਾਹ ਲੂਈ ਅਠਾਰਵਾਂ ਪੈਰਿਸ ਵਿਚ ਦਾਖਲ ਹੋ ਗਿਆ ਸੀ। ਉਸ ਨੇ ਜੂਨ, 1814 ਵਿਚ ਪੈਰਿਸ ਦੀ ਪੱਕੀ ਸੰਧੀ ਕਰ ਲਈ ਸੀ। ਫਰਾਂਸ ਨਾਲ ਚੰਗਾ ਸਲੂਕ ਹੋ ਰਿਹਾ ਸੀ। ਬੂਰਬਨ ਬਾਦਸ਼ਾਹ ਦੇ ਅਧੀਨ ਉਸ ਨੂੰ ਦੁਸ਼ਮਣ ਨਹੀਂ ਸਗੋਂ ਮਿੱਤਰ ਸਮਝਿਆ ਜਾਣਾ ਸੀ। ਤੈਲੀਰਾਂ ਦੁਆਰਾ ਲੂਈ ਅਠਾਰ੍ਹਵੇ ਵਲੋ ਕੀਤੀ ਫਰਾਂਸ ਦੀ ਪਹਿਲੀ ਸੰਧੀ ਅਨੁਸਾਰ ਇਹ ਫੈਸਲਾ ਕੀਤਾ ਗਿਆ ਕਿ ਫਰਾਂਸ ਨੂੰ 1792 ਦੀ ਸਰਹੱਦ ਤੇ ਪਰਤ ਜਾਣਾ ਚਾਹੀਦਾ ਹੈ। ਉਸ ਨੂੰ ਮੋਰੇਸ਼ੀਅਸ, ਸੇਂਟ ਤੋਬੇਗੋ ਅਤੇ ਸੇਂਟ ਲੂਸੀਆ ਤੋ ਛੁੱਟ ਆਪਣੀਆਂ ਖੋਹੀਆਂ ਗਈਆਂ ਕਾਲੋਨੀਆਂ ਵਾਪਿਸ ਮਿਲ ਗਈਆਂ। ਉਸ ਨੂੰ ਉਹ ਸਾਰੀਆਂ ਵਸਤਾਂ ਰੱਖਣ ਦੀ ਆਗਿਆ ਮਿਲ ਗਈ ਜਿਹੜੀਆਂ ਨੈਪੋਲੀਅਨ ਨੇ ਜਿੱਤੇ ਹੋਏ ਇਲਾਕਿਆਂ ਵਿਚੋ ਲੁਟ ਕੇ ਲਿਆਂਦੀਆਂ ਸਨ।

ਐਪਰ ਨੈਪੋਲੀਅਨ ਨੇ ਮਾਰਚ, 1815 ਵਿਚ ਐਲਬਾ ਤੋ ਪਰਤਣ ਅਤੇ ਵਾਟਰਲੂ ਦੀ ਜੰਗ ਵਿਚ ਹਾਰ ਖਾ ਜਾਣ ਕਰਕੇ ਉਹ ਹੁਣ ਮਿੱਤਰ ਦੇਸ਼ਾਂ ਵਲੋ ਇੰਨੀਆਂ ਖੁਲ੍ਹੀਆਂ ਸ਼ਰਤਾਂ ਦੀ ਆਸ ਨਹੀਂ ਸੀ ਰੱਖ ਸਕਦਾ।

### 2. ਪੋਲੈਂਡ ਦੀ ਸਮੱਸਿਆ

ਨੈਪੋਲੀਅਨ ਦੀ ਭਾਰੀ ਸੈਨਾ ਦੀ ਖਤਰਨਾਕ ਵਾਪਸੀ ਨੇ ਵਾਰਸਾ ਦੀ ਡੱਚੀ, ਜਿਹੜੀ ਉਸ ਨੇ ਅਠਾਰਵੀਂ ਸਦੀ ਦੀ ਪੋਲਿਸ਼ ਵੰਡ ਵਿਚੋ ਪਰਸ਼ੀਆ ਅਤੇ ਆਸਟਰੀਆ ਦੇ ਹਿੱਸੇ ਵਿਚੋ ਬਣਾਈ ਸੀ, ਨੂੰ ਰੂਸ ਦੇ ਜ਼ਾਰ ਅਲੈਗਜ਼ੈਂਡਰ ਦੇ ਕਬਜ਼ੇ ਵਿਚ ਛੱਡ ਦਿੱਤਾ। ਉਸ ਨੂੰ ਦ੍ਰਿੜ੍ਹ ਵਿਸ਼ਵਾਸ ਸੀ ਕਿ ਉਸ ਦੀ ਜਿੱਤ ਮਗਰੋ ਇਕ ਸੰਯੁਕਤ ਖੁਦਮੁਖਤਾਰ ਰਾਜ ਕਾਇਮ ਕੀਤਾ ਜਾਵੇ ਜਿਸ ਤੇ ਜ਼ਾਰ ਨੇ ਰਾਜ ਕੀਤਾ ਸੀ। ਉਸ ਦੇ ਇਸ ਮਨਸੂਬੇ ਦੀ ਫਰਾਂਸ ਦੇ ਚੰਗੇ ਤਬਕੇ ਦੀ ਹਿਮਾਇਤ ਪ੍ਰਾਪਤ ਹੋਈ ਸੀ।

ਦੂਜੇ ਪਾਸੇ ਆਸਟਰੀਆ ਦੀ ਇਹ ਨੀਤੀ ਸੀ ਕਿ ਜ਼ਾਰ ਪ੍ਰਤੀ ਵੱਧ ਤੋ ਵੱਧ ਸ਼ਕ ਪੈਦਾ ਕੀਤਾ ਜਾਵੇ ਅਤੇ ਹੌਲੀ ਹੌਲੀ ਉਸ ਵਿਰੁੱਧ ਇਕ ਗੱਠਜੋੜ ਕੀਤਾ ਜਾਵੇ। ਮੈਟਰਨਿਖ ਆਸਟਰੀਅਨ ਚਾਂਸਲਰ ਪਰਸ਼ੀਆ ਅਤੇ ਦੂਜੇ ਜਰਮਨ ਰਾਜ ਨੂੰ ਤੋੜਨ ਲਈ ਹਰ ਸੰਭਵ ਯਤਨ ਕਰ ਰਿਹਾ ਸੀ। ਉਸ ਨੇ ਪਰਸ਼ੀਅਨ ਚਾਂਸਲਰ ਹਾਰਡਨਬਰਗ ਨਾਲ ਜ਼ਬਾਨੀ ਸਮਝੌਤਾ ਕਰ ਲਿਆ। ਲਾਰਡ ਕੈਸਲਰੇ ਵੀ ਇਸ ਗੱਲ ਦੇ ਹੱਕ ਵਿਚ ਨਹੀਂ ਸੀ ਕਿ ਜ਼ਾਰ ਪੋਲੈਂਡ ਦੇ ਰਾਜ ਨੂੰ ਆਪਣੇ ਅਧੀਨ ਕਰ ਲਵੇ। ਉਸ ਨੇ ਰੂਸ ਪ੍ਰਤੀ ਅਵਿਸ਼ਵਾਸ ਪਿਟ ਤੋ ਗ੍ਰਹਿਣ ਕੀਤਾ ਸੀ, ਇਸ ਲਈ ਉਹ ਰੂਸ ਨੂੰ ਜਿਥੋ ਤਕ ਸੰਭਵ ਹੋ ਸਕੇ ਕੇਂਦਰੀ ਯੂਰਪ ਤੋ ਦੂਰ ਰੱਖਣਾ ਚਾਹੁੰਦਾ ਸੀ। ਉਸ ਨੇ ਪੂਰੀ ਤਾਕਤ ਨਾਲ ਜ਼ਾਰ ਦਾ ਵਿਰੋਧ ਕੀਤਾ।

ਅਲੈਗਜ਼ੈਡਰ ਅੱਡ ਪੋਲਿਸ ਰਾਜ ਬਣਾਉਣ ਤੇ ਦ੍ਰਿੜ੍ਹ ਵਿਸ਼ਵਾਸ ਰੱਖਦਾ ਸੀ। ਫਰਵਰੀ, 1814 ਵਿਚ ਉਸ ਨੇ ਪੱਛਮੀ ਗਲੀਸ਼ੀਆ ਨੂੰ ਪ੍ਰਵਾਨ ਕਰਨ ਲਈ ਆਪਣੀ ਸਹਿਮਤੀ ਦੇ ਦਿੱਤੀ।

## 3. ਸੈਕਸਨੀ ਦੀ ਸਮੱਸਿਆ

ਸੈਕਸਨੀ ਦਾ ਬਾਦਸ਼ਾਹ ਆਖਰੀ ਦਮ ਤਕ ਨੈਪੋਲੀਅਨ ਦਾ ਵਫ਼ਾਦਾਰ ਰਿਹਾ ਸੀ। ਬਾਦਸ਼ਾਹ ਨੂੰ ਕੈਦੀ ਬਣਾ ਲਿਆ ਸੀ ਤੇ ਉਸ ਦੇ ਇਲਾਕੇ ਤੇ ਪਰਸ਼ੀਆ ਦੀਆਂ ਫੌਜ਼ਾਂ ਨੇ ਕਬਜ਼ਾ ਕਰ ਲਿਆ ਸੀ। ਜ਼ਾਰ ਦੇ ਪੋਲੈਂਡ ਵਿਚਲੇ ਮਨਸੂਬਿਆਂ ਦੇ ਵਿਰੁੱਧ ਪਰਸ਼ੀਆ ਦੀ ਸਹਾਇਤਾ ਪ੍ਰਾਪਤ ਕਰਨ ਲਈ, ਆਸਟਰੀਆ ਨੇ ਪਰਸ਼ੀਆ ਦੇ ਸਾਰੇ ਸੈਕਸਨੀ ਇਲਾਕੇ ਤੇ ਕਲੇਮ ਸੰਬੰਧੀ ਸਹਾਇਤਾ ਕਰਨ ਦਾ ਵਚਨ ਦਿੱਤਾ। ਐਪਰ ਮੈਟਰਨਿਖ ਨਿਸ਼ਚਿਤ ਤੌਰ ਤੇ ਲਿਖਤੀ ਵਾਅਦਾ ਕਰਨ ਦੇ ਹੱਕ ਵਿਚ ਨਹੀਂ ਸੀ।

ਫਰਾਂਸ ਦਾ ਲੂਈ ਅਠਾਰ੍ਹਵਾਂ ਅਤੇ ਉਸ ਦਾ ਮੰਤਰੀ ਤੈਲੀਰਾਂ ਇਸ ਤੱਥ ਨੂੰ ਅੱਖੋ ਉਹਲੇ ਨਹੀਂ ਸਨ ਕਰ ਸਕਦੇ ਕਿ ਸੈਕਸਨੀ ਦਾ ਬਾਦਸ਼ਾਹ ਫਰਾਂਸ ਦਾ ਮਿੱਤਰ ਰਿਹਾ ਸੀ ਭਾਵੇ ਨੈਪੋਲੀਅਨ ਦੇ ਸਮੇ ਵਿਚ ਹੀ ਸਹੀ, ਇਸ ਲਈ ਸੈਕਸਨੀ ਨੂੰ ਕੁਰਬਾਨ ਕਰਨਾ ਇਕ ਮਿੱਤਰ ਦੇਸ਼ ਨਾਲ ਧਰੋਹ ਕਰਨ ਸਮਾਨ ਸੀ। ਇਸ ਲਈ ਲੂਈ ਅਠਾਰ੍ਹਵਾਂ ਇਸ ਗੱਲ ਨੂੰ ਨਹੀਂ ਸੀ ਭੁਲਾ ਸਕਦਾ ਕਿ ਉਸ ਦੀ ਮਾਂ ਸੈਕਸਨੀ ਸ਼ਹਿਜ਼ਾਦੀ ਸੀ ਅਤੇ ਬਾਦਸ਼ਾਹ ਰਿਸ਼ਤੇਦਾਰ ਸੀ।

ਕੈਸਲਰੇ ਨੇ ਹਾਲਾਤ ਨੂੰ ਦੇਖਦੇ ਹੋਏ ਸੈਕਸਨੀ ਦੇ ਪ੍ਰਸ਼ਨ ਬਾਰੇ ਆਪਣੀ ਨੀਤੀ ਬਦਲ ਲਈ। ਉਸ ਨੇ ਆਸਟਰੀਆ ਤੇ ਉਸ ਗਲ ਸਬੰਧੀ ਜ਼ੋਰ ਦੇਣਾ ਛੱਡ ਦਿੱਤਾ ਕਿ ਉਹ ਪਰਸ਼ੀਆ ਨਾਲ ਸਹਿਯੋਗ ਦੀ ਨੀਤੀ ਅਪਣਾਏ। ਇਸ ਲਈ ਆਸਟਰੀਆ ਨੇ ਪਰਸ਼ੀਆ ਨੂੰ ਸੈਕਸਨੀ ਨੂੰ ਸ਼ਾਮਲ ਕਰਨ ਦੀ ਆਗਿਆ ਦੇਣ ਤੋ ਇਨਕਾਰ ਕਰ ਦਿੱਤਾ।

ਮਗਰ ਜਦੋ ਪਰਸ਼ੀਆ ਨੇ ਇਹ ਵੇਖਿਆ ਕਿ ਪੋਲਿਸ਼ ਪ੍ਰਸ਼ਨ ਤੇ ਜ਼ਾਰ ਦਾ ਰਵੱਈਆ ਨਰਮ ਹੋ ਰਿਹਾ ਹੈ ਤਾਂ ਉਸ ਨੇ ਆਪਣੇ ਹੱਕ ਵਿਚ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਜੇਕਰ ਸੈਕਸਨੀ ਵਿਚ ਉਸ ਦੇ ਅਧਿਕਾਰਾਂ ਤੇ ਛਾਪਾ ਮਾਰਿਆ ਗਿਆ ਤਾਂ ਉਹ ਇਸ ਜੰਗ ਦੀ ਸੰਧੀ ਦੇ ਵਿਰੁਧ ਸਮਝੇਗਾ। ਇਸ ਦੇ ਫਲਸਰੂਪ ਆਸਟਰੀਆ, ਬ੍ਰਿਟੇਨ ਅਤੇ ਫਰਾਂਸ ਨੇ ਵੀ ਜਨਵਰੀ, 1813 ਨੂੰ ਸੰਧੀ ਕਰ ਲਈ।

## 4. ਜਰਮਨੀ ਦੇ ਸੰਵਿਧਾਨ ਦੀ ਸਮੱਸਿਆ

ਪਵਿੱਤਰ ਰੋਮਨ ਸਾਮਰਾਜ 1806 ਵਿਚ ਸਥਾਪਤ ਹੋ ਗਿਆ ਸੀ ਜਦੋ ਫਰਾਂਸੀਸੀ ਦੂਜਾ, ਆਸਟਰੀਆ ਦੇ ਬਾਦਸ਼ਾਹ ਨੇ ਆਪਣੇ ਪਦ ਤੋ ਅਸਤੀਫਾ ਦੇ ਕੇ ਆਸਟਰੀਆ ਦੇ ਬਾਦਸ਼ਾਹ ਦੀ ਪਦਵੀ ਧਾਰਣ ਕਰ ਲਈ ਸੀ। ਨੈਪੋਲੀਅਨ ਨੇ ਆਪਣੀ ਪ੍ਰੈਜ਼ੀਡੈਂਸੀ ਅਧੀਨ ਰਾਇਨ ਦੀ ਕਨਫੈਡਰੇਸ਼ਨ ਬਣਾਈ ਜਿਸ ਵਿਚ ਪਰਸ਼ੀਆ ਅਤੇ ਆਸਟਰੀਆ ਤੋ ਛੁੱਟ ਸਾਰੇ ਜਰਮਨ ਰਾਜ ਸ਼ਾਮਲ ਸਨ। ਨੈਪੋਲੀਅਨ ਦੀ ਹਾਰ ਦੇ ਨਤੀਜੇ ਵਜੋ ਰਾਇਨ ਫੈਡਰੇਸ਼ਨ ਨੂੰ ਤੋੜਨਾ ਅਤੇ ਫਰਾਂਸ ਵਿਚ ਲਗਾਏ ਗਏ ਖੇਤਰਾਂ ਨੂੰ ਮੁੜ ਜਿੱਤ ਕੇ ਅਲੱਗ ਕਰਨਾ ਇਕ ਅਜਿਹਾ ਪ੍ਰਸ਼ਨ ਬਣ ਗਿਆ ਸੀ ਕਿ ਹੁਣ ਜਰਮਨੀ ਵਿਚ ਕੀ ਕੀਤਾ ਜਾਣਾ ਚਾਹੀਦਾ ਹੈ। ਜਰਮਨੀ ਦਾ ਇਹ ਪ੍ਰਬੱਲ ਵਿਚਾਰ ਸੀ ਕਿ ਫਰਾਂਸ ਦੇ ਮੁਕਾਬਲੇ ਜਰਮਨੀ ਦੀ ਕਮਜ਼ੋਰੀ ਉਨ੍ਹਾਂ ਦਾ ਏਕਾ ਨਾ ਹੋਣਾ ਹੈ। ਪਿਛਲੀ ਹਾਲਾਤ ਨੂੰ ਮੁੜ ਦੁਹਰਾਉਣ ਤੋ ਰੋਕਣ ਲਈ ਇਹ ਬੜੀ ਜ਼ਬਰਦਸਤ ਮੰਗ ਸੀ ਕਿ ਏਕਾ ਪੈਦਾ ਕੀਤਾ ਜਾਵੇ। ਜਦੋ ਉਨ੍ਹਾਂ ਨੇ 1813 ਵਿਚ ਨੈਪੋਲੀਅਨ ਦੇ ਵਿਰੁੱਧ ਗਠਜੋੜ ਕੀਤਾ ਸੀ ਉਦੋ ਵਾਸਤਵ ਵਿਚ ਉਨ੍ਹਾਂ ਦੀ ਪ੍ਰਭੁੱਤਾ ਯਕੀਨੀ ਹੋ ਗਈ ਸੀ। ਜੇਕਰ ਉਸ ਸਮੇ ਮੈਟਰਨਿਖ ਹਾਊਸ ਆਫ ਹੈਪਸਬਰਗ ਅਧੀਨ ਪਵਿੱਤਰ ਰੋਮਨ ਸਾਮਰਾਜ ਦੀ ਬਹਾਲੀ ਲਈ ਰਜ਼ਾਮੰਦ ਹੋ ਜਾਂਦਾ ਤਾਂ ਉਸ ਨੂੰ ਬਹੁਤੀ ਮੁਸ਼ਕਿਲ ਪੇਸ਼ ਨਹੀਂ

ਆਉਣੀ ਸੀ। ਐਪਰ ਉਹ ਪਰਸ਼ੀਆ ਅਤੇ ਜਰਮਨ ਨੂੰ ਨਾਰਾਜ਼ ਕਰਨ ਤੋ ਡਰਦਾ ਸੀ।

ਆਸਟਰੀਆ ਅਤੇ ਪਰਸ਼ੀਆ ਜਰਮਨ ਹਿੱਤਾਂ ਨੂੰ ਆਪਣੇ ਹਿੱਤਾਂ ਦੇ ਅਧੀਨ ਸਮਝਦੇ ਸਨ। ਇਸ ਲਈ ਏਕਤਾ ਦੀ ਬਜਾਏ ਉਹ ਇਹ ਚਾਹੁੰਦੇ ਸਨ ਕਿ ਜਰਮਨੀ ਨੂੰ ਫੈਡਰਲ ਬਾਂਡ ਦੁਆਰਾ ਸੰਮਲਿਤ ਕੀਤਾ ਜਾਵੇ। ਚੌਮਾਂਟ (Chaumont) ਦੀ ਸੰਧੀ ਵਿਚ ਇਸ ਬਾਰੇ ਸਹਿਮਤੀ ਹੋ ਗਈ ਸੀ ਅਤੇ ਇਸ ਨੂੰ ਪੈਰਿਸ ਸੰਧੀ ਵਿਚ ਸ਼ਾਮਿਲ ਕਰ ਲਿਆ ਗਿਆ ਸੀ।

ਜਰਮਨ ਕਮੇਟੀ ਫਰਵਰੀ, 1815 ਵਿਚ ਵੱਡੇ ਪੈਮਾਨੇ ਤੇ ਮੁੜ ਬਣਾਈ ਗਈ। ਇਹ ਫੈਸਲਾ ਕੀਤਾ ਗਿਆ ਕਿ ਇਸ ਪਾਸ ਪੇਸ਼ ਕੀਤੀਆਂ ਜਾਣ ਵਾਲੀਆਂ ਤਜਵੀਜਾਂ ਘੱਟ ਅਭਿਲਾਸ਼ੀ ਕਿਸਮ ਦੀਆਂ ਹੋਣੀਆਂ ਚਾਹੀਦੀਆਂ ਹਨ। ਪਰਸ਼ੀਆ ਵਲੋ ਪੇਸ਼ ਕੀਤੇ ਗਏ ਬਹੁਤ ਸਾਰੇ ਪ੍ਰਾਜੈਕਟ ਮੈਟਰਨਿਖ ਵਲੋ ਨਾਮਨਜ਼ੂਰ ਕਰ ਦਿੱਤੇ ਗਏ।

## 5. ਰਾਇਠੀਜ਼ ਇਲਾਕਿਆਂ ਦੀ ਸਮੱਸਿਆ

ਰਾਇਨ ਦੇ ਖੱਬੇ ਕਿਨਾਰੇ ਤੇ ਜ਼ਿਲਿਆਂ ਦੀ ਅੰਤਮ ਵਿਉਤ, ਜਿਨ੍ਹਾਂ ਤੇ 1794 ਤੋ ਲੈ ਕੇ ਫਰਾਂਸ ਦਾ ਕਬਜ਼ਾ ਰਿਹਾ ਸੀ, ਇਕ ਵਿਖਰੀ ਕਿਸਮ ਦੀ ਸਮੱਸਿਆ ਸੀ। ਪੈਰਿਸ ਦੀ ਸੰਧੀ ਦੇ ਖੁਫੀਆ ਅਨੁਛੇਦਾਂ (Secret articles) ਵਿਚ ਇਹ ਗੱਲ ਲਿਖੀ ਗਈ ਸੀ ਕਿ ਇਨ੍ਹਾਂ ਖੇਤਰਾਂ ਦੀ ਵਰਤੋ ਫਰਾਂਸ ਦੀ ਸਰਹੱਦ ਤੇ ਮਜ਼ ਬੂਤ ਸੱਤਾ ਕਾਇਮ ਕਰਨ ਲਈ ਕੀਤੀ ਜਾਵੇਗੀ। ਮੁੱਖ ਸਮੱਸਿਆ ਇਹ ਸੀ ਕਿ ਮੇਐਂਸ (Mayence) ਅਤੇ ਲਕਸ਼ਮਵਰਗ (Lexumberg) ਦੇ ਕਿਲਿਆਂ ਦੇ ਮਸਲੇ ਨੂੰ ਕਿਵੇ ਨਜਿਠਿਆ ਜਾਵੇ, ਕਲੇਮਾਂ ਅਤੇ ਵਿਰੋਧੀ ਕਲੇਮਾਂ ਤੇ ਵਿਚਾਰ ਕੀਤੀ ਜਾਂਦੀ ਰਹੀ ਪਰ ਕਿਸੇ ਤਸਲੀਬਖਸ਼ ਸਿੱਟੇ ਤੇ ਨਹੀ ਪੁਜ ਸਕੇ। ਇਨ੍ਹਾਂ ਖੇਤਰਾਂ ਦੀ ਵਿਉਤ ਦਾ ਅੰਤਮ ਕਾਰਜ ਕੈਸਲਰੇ ਦੇ ਜ਼ਿੰਮੇ ਸੀ।

## 6. ਸਵਿਟਜ਼ਰਲੈਂਡ ਦੀ ਸਮੱਸਿਆ

ਡਾਇਰੈਕਟਰੀ ਨੇ ਸਵਿਟਰਜ਼ਰਲੈਡ ਵਿਚ ਹੈਲਵੇਟਿਕ ਰੀਪਬਲਿਕ ਸਥਾਪਿਤ ਕੀਤੀ। ਇਸ ਨੇ ਸਿਵਿਲ ਜੰਗ ਨੂੰ ਜਨਮ ਦਿੱਤਾ। ਨੈਪੋਲੀਅਨ ਨੇ 1803 ਵਿਚ ਲੋਗਿਰੀ ਕਾਨੂੰਨ ਨਾਲ ਕੰਨਫੈਡਰਸ਼ਨ ਕਾਇਮ ਕੀਤੀ। ਦੇਸ਼ ਨੂੰ 19 ਕੈਟਨਾਂ ਵਿਚ ਵੰਡ ਦਿੱਤਾ ਗਿਆ। ਉਨ੍ਹਾਂ ਵਿਚੋ 6 ਗਣਤੰਤਰਵਾਦੀ, 7 ਅਲਪਤੰਤਰਵਾਦੀ ਅਤੇ 6 ਨਵੇ ਕੈਂਨਟੇਨ ਸ਼ਾਮਲ ਕੀਤੇ ਗਏ।

ਪੈਰਿਸ 1814 ਦੀ ਸੰਧੀ ਵਿਚ ਇਹ ਗੱਲ ਲਿਖੀ ਗਈ ਕਿ ਸਾਰੀਆਂ ਮਹਾਨ ਤਾਕਤਾਂ ਸਵਿਟਜ਼ ਰਲੈਡ ਦੀ ਸੁਤੰਤਰਤਾ ਦੀਆਂ ਜ਼ਾਮਨ ਸਨ। ਭਾਵੇ ਸਵਿਟਜ਼ਰਲੈਡ ਦੀ ਸਮੱਸਿਆ ਪੇਚੀਦਾ ਸੀ ਪਰ ਇਹ ਗੰਭੀਰ ਨਹੀਂ ਸੀ ਕਿਉਕਿ ਵੱਡੀਆਂ ਤਾਕਤਾਂ ਦੇ ਬੁਨਿਆਦੀ ਹਿਤ ਇਕ ਦੂਜੇ ਦੇ ਵਿਰੋਧੀ ਸਨ।

## 7. ਇਟਲੀ ਦੀ ਸਮੱਸਿਆ

ਇਟਲੀ ਦੇ ਮਾਮਲਿਆਂ ਦੇ ਨਿਪਟਾਰੇ ਨੇ ਇਕ ਤੋ ਵੱਧ ਵਿਸ਼ੇਸ਼ ਸਮੱਸਿਆਵਾਂ ਪੈਦਾ ਕੀਤੀਆਂ। ਉਨ੍ਹਾਂ ਵਿਚੋ ਸਭ ਤੋ ਵਧ ਮੁਸ਼ਕਲ ਸਮੱਸਿਆ ਦਾ ਕੇਦਰ ਬਿੰਦੂ ਮੁਰਾਤ, ਨੈਪੋਲੀਅਨ ਦਾ ਬਹਿਨੋਈ ਸੀ, ਜਿਸ ਨੂੰ ਨੇਪਲਜ਼ ਦਾ ਬਾਦਸ਼ਾਹ ਬਣਾਇਆ ਗਿਆ ਸੀ। ਜਦੋ ਨੈਪੋਲੀਅਨ ਦੇ ਚੰਗੇ ਦਿਨਾਂ ਨੇ ਪਲਟਾ ਖਾਧਾ ਅਤੇ ਮਿੱਤਰ ਦੇਸ਼ਾਂ ਨੇ 11 ਜਨਵਰੀ, 1814 ਦੀ ਸੰਧੀ ਅਨੁਸਾਰ ਉਸ ਦੇ ਰਾਜ ਨੂੰ ਬਰਕਰਾਰ ਰੱਖਣ ਦਾ ਵਚਨ ਦਿੱਤਾ ਤਾਂ ਉਸ ਨੇ ਧੋਖਾ ਦਿੱਤਾ ਅਤੇ ਨੈਪੋਲੀਅਨ ਵਲੋ ਅੱਖਾਂ ਫੇਰ ਲਈਆਂ। ਮੁਰਾਤ ਦੇ ਪ੍ਰਤਿਨਿਧ ਨੂੰ ਉਸ ਵਲੋ ਕਾਂਗਰਸ ਵਿਚ ਬੋਲਣ ਦੀ ਆਗਿਆ ਦੇ ਦਿੱਤੀ

ਗਈ। ਬੂਰਬਨ ਬਾਦਸ਼ਾਹ ਫਰਡੀਨੈਂਡ ਦੇ ਪ੍ਰਤਿਨਿਧ ਨੂੰ ਕਾਂਗਰਸ ਲਈ ਪ੍ਰਤਿਨਿਧ ਵਜੋ ਸਵੀਕਾਰ ਕਰਨਾ ਮੁਸ਼ਕਿਲ ਹੋ ਗਿਆ। ਫਰਾਂਸ ਅਤੇ ਸਪੇਨ ਨੇ ਫਰਡੀਲੈਂਡ ਦੇ ਦਾਅਵੇ ਦੀ, ਹੱਕ ਦੇ ਆਧਾਰ ਤੇ ਹਮਾਇਤ ਕੀਤੀ, ਜਿਸ ਨੂੰ ਰੱਦ ਕਰਨਾ ਔਖਾ ਸੀ।

ਇਟਲੀ ਦਾ ਦੂਜਾ ਪ੍ਰਸ਼ਨ ਜੋ ਚਿੰਤਾ ਦਾ ਕਾਰਨ ਬਣਿਆ, ਜਨੋਆ ਉਸ ਦੇ ਪਾਸ ਦੇ ਇਲਾਕੇ ਦਾ ਨਿਪਟਾਰਾ ਸੀ। ਦੂਜੇ ਲਾਰਡ ਵਿਲੀਅਮ ਬੈਂਟਿਕ ਨੇ ਸ਼ਹਿਰ ਤੇ ਕਬਜ਼ਾ ਕੀਤਾ ਤਾਂ ਉਸ ਨੇ ਗਰੇਟ ਬ੍ਰਿਟੇਨ ਵਲੋਂ ਉਸ ਨੂੰ ਸੁਤੰਤਰਤਾ ਦੇਣ ਦਾ ਐਲਾਨ ਕਰ ਦਿੱਤਾ। ਕੈਸਲਰੇ ਨੇ ਇਸ ਦਾ ਖੰਡਨ ਕੀਤਾ।

ਤੀਜਾ ਮੁਸ਼ਕਲ ਪ੍ਰਸ਼ਨ ਮਹਾਰਾਣੀ ਮੇਰੀ ਲੂਸੇ, ਨੈਪੋਲੀਅਨ ਦੀ ਪਤਨੀ ਲਈ ਇਕ ਰਾਜ ਦੀ ਸਥਾਪਨਾ ਕਰਨਾ ਸੀ। ਉਸ ਨੂੰ ਸੁਤੰਤਰ ਪ੍ਰਿੰਸੀਪੈਲਟੀ ਦਾ ਵਚਨ ਦਿੱਤਾ ਗਿਆ ਸੀ। ਉਸ ਦੇ ਪਿਤਾ ਬਾਦਸ਼ਾਹ ਫਰਾਂਸਿਸ ਦੂਜਾ ਨੇ ਉਸ ਦੀ ਸਹਾਇਤਾ ਕੀਤੀ।

## 8. ਗਰੇਟ ਬ੍ਰਿਟੇਨ ਦੁਆਰਾ ਜਿਤੀਆਂ ਕਾਲੋਨੀਆਂ ਦੀ ਸਮੱਸਿਆ

ਗਰੇਟ ਬ੍ਰਿਟੇਨ ਨੇ ਫਰਾਂਸ ਵਿਰੁੱਧ ਜੰਗਾਂ ਵਿਚ ਆਰਥਿਕ ਤੌਰ ਤੇ ਸਹਾਇਤਾ ਦਿੱਤੀ ਸੀ ਅਤੇ ਨੈਪੋਲੀਅਨ ਨੂੰ ਰਾਜ ਗੱਦੀ ਤੋ ਲਾਹੁਣ ਲਈ ਮਹੱਤਵਪੂਰਣ ਰੋਲ ਅਦਾ ਕੀਤਾ ਸੀ। ਉਸ ਦੀ ਸਮੁੰਦਰੀ ਪ੍ਰਭੁਤਾ ਦੇ ਕਾਰਨ ਉਸ ਨੇ ਸਪੇਨ, ਫਰਾਂਸ, ਹਾਲੈਂਡ ਅਤੇ ਡੈਨਮਾਰਕ ਦੀਆਂ ਕਾਲੋਨੀਆਂ ਜਿੱਤ ਲਈਆਂ। ਭਾਵੇ ਉਹ ਇਨ੍ਹਾਂ ਵਿਚੋ ਕੁਝ ਨੂੰ ਲੱਭਣ ਲਈ ਤਿਆਰ ਸੀ ਪਰ ਕੁਝ ਨੂੰ ਆਪਣੇ ਕਬਜ਼ੇ ਵਿਚ ਰੱਖਣਾ ਵੀ ਚਾਹੁੰਦਾ ਸੀ, ਵਿਸ਼ੇਸ਼ ਕਰਕੇ ਮਾਲਟਾ, ਤ੍ਰਿਨੀਦਾਦ, ਕੇਪ ਆਫ਼ ਗੁਡ ਹੋਪ ਤਾਂ ਜੋ ਉਹ ਆਪਣੀ ਸਮੁੰਦਰੀ ਤਾਕਤ ਨੂੰ ਬਰਕਰਾਰ ਰੱਖ ਸਕੇ।

ਮਹਾਂਦੀਪ ਵਿਚ ਗਰੇਟ ਬ੍ਰਿਟੇਨ ਬੈਲਜੀਅਮ ਨੂੰ ਮਿਲਾ ਕੇ ਹਾਲੈਂਡ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਸੀ। ਉਹ ਇਸ ਪ੍ਰਬੰਧ ਨੂੰ ਆਪਣੀ ਸੁਰੱਖਿਆ ਲਈ ਵੀ ਮਹੱਤਵਪੂਰਣ ਸਮਝਦਾ ਸੀ।

ਮੁੱਖ ਤੌਰ ਤੇ ਗਰੇਟ ਬ੍ਰਿਟੇਨ ਇਸ ਗੱਲ ਦਾ ਚਾਹਵਾਨ ਸੀ ਕਿ ਉਸ ਦੇ ਸਮੁੰਦਰੀ ਅਧਿਕਾਰਾਂ ਬਾਰੇ ਕੋਈ ਵਿਚਾਰ ਵਟਾਂਦਰਾ ਨਾ ਕੀਤਾ ਜਾਵੇ ਅਤੇ ਇਸ ਸੰਬੰਧ ਵਿਚ ਸਾਰੀਆਂ ਤਾਕਤਾਂ ਨੂੰ ਉਸ ਦੀ ਸਰਵੇਚਤਾ ਨੂੰ ਸਵੀਕਾਰ ਕਰਨ।

ਉਪਰੋਕਤ ਮਹੱਤਵਪੂਰਨ ਸਮੱਸਿਆ ਤੋ ਇਲਾਵਾ ਸਪੇਨ, ਪੁਰਤਗਾਲ, ਸਵੀਡਨ ਅਤੇ ਡੈਨਮਾਰਕ ਆਦਿ ਨਾਲ ਸਬੰਧਤ ਹੋਰ ਵੀ ਬਹੁਤ ਸਾਰੀਆਂ ਜਾਨਸ਼ੀਨੀਆਂ, ਅਦਲਾ ਬਦਲੀਆਂ ਅਤੇ ਖੇਤਰਾਂ ਸੰਬੰਧੀ ਵਿਉਤਾਂ ਸਨ। ਮੁੱਖ ਤਾਕਤਾਂ ਦੇ ਸਾਹਮਣੇ ਕੰਮ ਜੇਕਰ ਅਸੰਭਵ ਨਹੀਂ ਤਾਂ ਔਖਾ ਅਤੇ ਭਾਰੀ ਜ਼ਰੂਰ ਸੀ। ਇਸ ਦਾ ਸਿਹਰਾ ਇਨ੍ਹਾਂ ਤਾਕਤਾਂ ਦੇ ਪ੍ਰਤਿਨਿਧਾਂ ਦੀਆਂ ਡਿਪਲੋਮੈਟਿਕ ਭਾਵਨਾਵਾਂ ਦੇ ਸਿਰ ਹੈ, ਜਿਨ੍ਹਾਂ ਨਾਲ ਉਹ ਜਟਿਲ ਸਮੱਸਿਆਵਾਂ ਲਈ ਹੱਲ ਮੁਹੱਈਆ ਕਰਨ ਦੇ ਯੋਗ ਹੋਇਆ ਜੋ ਕਾਫ਼ੀ ਸਮੇ ਤਕ ਕਾਇਮ ਰਹੇ।

### ਆਮ ਸਮੱਸਿਆਵਾਂ

### (The General Issues)

ਆਮ ਸਮੱਸਿਆਵਾਂ ਜਿਹੜੀਆਂ ਕਾਂਗਰਸ ਦੇ ਵਿਚਾਰ ਵਟਾਂਦਰੇ ਅਤੇ ਫੈਸਲੇ ਲਈ ਪੇਸ਼ ਕੀਤੀਆਂ ਗਈਆਂ ਨਿਮਨ ਅਨੁਸਾਰ ਸਨ :

**1. ਗੁਲਾਮ ਵਪਾਰ :–** ਬ੍ਰਿਟੇਨ ਸਭ ਤੋ ਵਧ ਦਾਸ–ਵਪਾਰ ਕਰਨ ਵਾਲਾ ਅਤੇ ਬਹੁਤ ਬੜਾ

ਅਪਰਾਧੀ ਸੀ। ਇਹ ਗੱਲ ਸੰਤੋਖਜਨਕ ਸੀ ਕਿ ਗੁਲਾਮੀ ਦੇ ਖਾਤਮੇ ਲਈ ਅੰਦੋਲਨ 1772 ਵਿਚ ਸ਼ੁਰੂ ਹੋਇਆ ਸੀ। ਵਿਲਬਰਫੋਰਸ (Wilber force) ਜਿਹੇ ਆਦਮੀਆਂ ਦੀਆਂ ਕੋਸ਼ਿਸ਼ਾਂ ਕਰਕੇ ਦਾਸ-ਵਪਾਰ 1807 ਵਿਚ ਖਤਮ ਹੋ ਗਿਆ। ਉਨ੍ਹਾਂ ਮਹਾਨ ਵਿਅਕਤੀਆਂ ਦੇ ਗੁਲਾਮ-ਵਪਾਰ ਵਿਰੁੱਧ ਕੀਤੇ ਕੰਮ ਦਾ ਹੀ ਸਿੱਟਾ ਸੀ ਕਿ ਇੰਗਲੈਂਡ ਵਿਆਨਾ ਕਾਂਗਰਸ ਵਿਚ ਸ਼ਾਮਲ ਹੋ ਗਿਆ। ਕੈਸਲਰੇ ਤੇ ਪਾਰਲੀਮੈਂਟ ਅਤੇ ਦੇਸ਼ ਵਲੋਂ ਬਹੁਤ ਦਬਾ ਪਿਆ ਕਿ ਉਹ ਗੁਲਾਮ ਵਪਾਰ ਨੂੰ ਖ਼ਤਮ ਕਰਨ ਲਈ ਯਤਨ ਕਰੇ। ਬ੍ਰਿਟੇਨ ਵਿਚ ਇਸ ਮਸਲੇ ਤੇ ਲੋਕ ਰਾਏ ਇੰਨਾ ਜ਼ੋਰ ਫੜ ਗਈ ਕਿ ਕੈਸਲਰੇ ਦੇ ਆਪਣੇ ਸ਼ਬਦਾਂ ਵਿਚ ਲਗਭਗ ਹਰ ਪਿੰਡ ਵਿਚ ਮਨੋਰਥ ਲਈ ਇਕੱਤਰਤਾਵਾਂ ਹੁੰਦੀਆਂ ਸਨ ਤਾਂ ਜੋ ਉਹ ਆਪਣੇ ਅਧਿਕਾਰ ਦੀ ਵਰਤੋ ਕਰਕੇ ਦੇਸ਼ ਵਿਚੋ ਹਬਸ਼ੀ ਗੁਲਾਮਾਂ ਦਾ ਗੁਲਾਮ-ਵਪਾਰ ਬੰਦ ਕਰੇ। ਉਸ ਨੂੰ ਆਪਣੇ ਦੇਸ਼ ਵਾਸੀਆਂ ਦੀ ਇਸ ਮੰਗ ਨੂੰ ਪੂਰਾ ਕਰਨ ਦੇ ਆਸ਼ੇ ਨਾਲ ਆਪਣੀ ਵੱਧ ਤੋ ਵੱਧ ਕੋਸ਼ਿਸ਼ ਕਰਨੀ ਪਈ।

ਦੂਜੇ ਦੇਸ਼ਾਂ ਦੇ ਰਾਜਦੂਤ ਇਹ ਗੱਲ ਸਮਝਣ ਤੋ ਅਸਮਰੱਥ ਸਨ ਕਿ ਕੈਸਲਰੇ ਇਸ ਛੋਟੇ ਜਿਹੇ ਮਸਲੇ ਬਾਰੇ ਇੰਨੀ ਕੋਸ਼ਿਸ਼ ਕਿਉਂ ਕਰ ਰਿਹਾ ਸੀ। ਉਨ੍ਹਾਂ ਨੂੰ ਇਸ ਗੱਲ ਦੇ ਪਿਛੇ ਕਿਸੇ ਗੁੱਝੇ ਭੇਦ ਦਾ ਸ਼ਕ ਸੀ। ਉਹ ਬ੍ਰਿਟੇਨ ਦੇ ਇਸ ਕਾਰਜ ਨੂੰ ਇਸ ਗੱਲ ਨਾਲ ਜੋੜ ਰਹੇ ਸਨ ਕਿ ਉਸ ਦੀਆਂ ਪੱਛਮ ਭਾਰਤੀ ਕਾਲੋਨੀਆਂ ਵਿਚ ਬਹੁਤ ਸਾਰੇ ਹਬਸ਼ੀ ਗੁਲਾਮ ਸਨ, ਜਦੋ ਉਹ ਜਜ਼ੀਰੇ ਜਿਥੋ ਉਹ ਇਸ ਨੂੰ ਬਹਾਲ ਕਰ ਰਹੇ ਸਨ, ਬਿਲਕੁਲ ਗੁਲਾਮ ਨਹੀਂ ਸਨ, ਇਸ ਲਈ ਸਰਬ ਅਧਿਕਾਰ ਪ੍ਰਾਪਤ ਕਾਲੋਨੀਆਂ ਕੈਸਲਰੇ ਦੀ ਬੇਨਤੀ ਨੂੰ ਸਵੀਕਾਰ ਨਹੀਂ ਸਨ ਕਰ ਰਹੀਆਂ।

2. ਵਿਆਨਾ ਕਾਂਗਰਸ ਪਾਸ ਫੈਸਲੇ ਲਈ ਪੇਸ਼ ਹੋਇਆ ਦੂਜਾ ਮਹੱਤਵਪੂਰਣ ਮਸਲਾ ਦਰਿਆਵਾਂ ਵਿਚ ਜਹਾਜ਼ਰਾਨੀ ਨਾਲ ਸੰਬੰਧਤ ਸੀ। ਸਾਰੇ ਛੋਟੇ ਰਾਜਾਂ ਦੀ ਇਹ ਪ੍ਰਥਾ ਸੀ ਉਹ ਆਪਣੀ ਹੱਦ ਦੇ ਅੰਦਰ ਜਹਾਜ਼ਰਾਨੀ ਤੇ ਇੰਨਾ ਭਾਰੀ ਮਸੂਲ ਲੈਂਦੇ ਸਨ ਕਿ ਰਾਇਨ ਅਤੇ ਡਾਨੂਬੇ (Danube) ਵਰਗੇ ਵੱਡੇ ਦਰਿਆ ਵਪਾਰ ਪਖੋ ਲਗਭਗ ਨਿਕੰਮੇ ਬਣ ਚੁੱਕੇ ਸਨ। ਇਸ ਦੇ ਸਾਰੇ ਪੱਖਾਂ ਤੇ ਵਿਚਾਰ ਕਰਨ ਲਈ ਇਕ ਕਮੇਟੀ ਬਣਾਈ ਗਈ ਸੀ।

3. ਇਨ੍ਹਾਂ ਵਿਨਿਯਿਮਾਂ (Regulations) ਤੋਂ ਪਹਿਲਾਂ ਵੀ ਕਈ ਵਾਰੀ ਵਿਚਾਰ ਕੀਤੀ ਜਾ ਚੁੱਕੀ ਸੀ ਪਰ ਬਹੁਤ ਸਾਰੀਆਂ ਸਮੱਸਿਆਵਾਂ ਦੇਸ਼ਾਂ ਵਿਚਕਾਰ ਸਦੀਵੀ ਝਗੜੇ ਦਾ ਰੂਪ ਧਾਰਣ ਕਰ ਗਈਆਂ ਸਨ। ਕਾਂਗਰਸ ਦਾ ਲਾਭ ਉਠਾਉਦੇ ਹੋਏ, ਇਹ ਮਸਲਾ ਉਸ ਵਿਚ ਪੇਸ਼ ਕੀਤਾ ਗਿਆ।

## ਵਿਆਨਾ ਕਾਂਗਰਸ

ਯੂਰਪ ਦੇ ਮਸਲਿਆਂ ਦੇ ਨਿਪਟਾਰੇ ਅਤੇ ਅਮਨ ਸਥਾਪਿਤ ਕਰਨ ਲਈ ਕਾਂਗਰਸ ਬੁਲਾਉਣ ਦਾ ਫੈਸਲਾ ਲੈਂਗਰਜ਼ ਪਰੋਟੋਕਲ (Langer's Protocol) ਵਿਚ ਸ਼ਾਮਲ ਕੀਤਾ ਗਿਆ ਸੀ, ਜਿਸ ਦਾ ਸਮਰੱਥਨ ਆਸਟਰੀਆ, ਰੂਸ, ਪਰਸ਼ੀਆ ਅਤੇ ਗਰੇਟ ਬ੍ਰਿਟੇਨ ਦੇ ਮੰਤਰੀਆਂ ਦੁਆਰਾ ਜਨਵਰੀ, 1814 ਨੂੰ ਕੀਤਾ ਜਾ ਚੁਕਾ ਸੀ ਕਾਂਗਰਸ ਦੀ ਇਕੱਤਰਤਾ ਲਈ ਵਿਆਨਾ ਦੀ ਚੋਣ ਕੇਂਦਰੀ ਸਥਾਨ ਹੋਣ ਕਰਕੇ ਅਤੇ ਮੈਟਰਨਿਖ ਦੁਆਰਾ 1813 ਵਿਚ ਦੇਸ਼ਾਂ ਵਿਚਕਾਰ ਦਿੱਤੇ ਯੋਗਦਾਨ ਨੂੰ ਮੁੱਖ ਰੱਖ ਕੇ ਕੀਤੀ ਗਈ ਸੀ। ਤਿੰਨੇ ਕਾਂਟੀਨੈਂਟਲ ਸ਼ਕਤੀਆਂ ਦੇ ਪ੍ਰਭੂਸੱਤਾ ਧਾਰੀਆਂ ਨੇ ਆਪ ਆਉਣ ਲਈ ਵਾਅਦਾ ਕੀਤਾ ਸੀ।

ਕਾਂਗਰਸ ਬੁਲਾਉਣ ਦਾ ਉਪਬੰਧ 1814 ਦੀਆਂ ਪੈਰਿਸ ਸੰਧੀਆਂ ਦਾ ਇਕ ਭਾਗ ਬਣਾ ਦਿੱਤਾ ਗਿਆ ਸੀ। ਇਸ ਗੱਲ ਤੇ ਸਹਿਮਤੀ ਹੋ ਗਈ ਸੀ ਕਿ ਇਸ ਦੀ ਇਕੱਤਰਤਾ ਵਿਚ ਸ਼ਾਮਲ ਹੋਣ ਲਈ

ਯੂਰਪ ਦੇ ਸਾਰੇ ਦੇਸ਼ਾਂ ਨੂੰ ਸਦਾ-ਪੱਤਰ ਭੇਜੇ ਜਾਣਗੇ। ਘੱਟੋ ਘੱਟ ਵੱਡੀਆਂ ਤਾਕਤਾਂ ਇਸ ਗੱਲ ਤੇ ਸਹਿਮਤ ਹੋ ਗਈਆਂ ਕਿ ਫੈਸਲੇ ਉਹ ਆਪ ਕਰਨਗੇ ਅਤੇ ਦੂਜੇ ਦੇਸ਼ਾਂ ਨੂੰ ਉਨ੍ਹਾਂ ਦੀ ਕੇਵਲ ਸੂਚਨਾ ਭੇਜ ਦਿੱਤੀ ਜਾਵੇਗੀ। ਨੇਪੋਲੀਅਨ ਦੇ ਵਿਜੇਤਾਵਾਂ ਦੀ ਇਹ ਇੱਛਾ ਨਹੀਂ ਸੀ ਕਿ ਉਨ੍ਹਾਂ ਦੀ ਫੈਸਲਾ ਕਰਨ ਦੀ ਸੱਤਾ ਵਿਚ ਛੋਟੇ ਦੇਸ਼ ਸ਼ਰੀਕ ਹੋਣ। ਇਸ ਦਾ ਸਿੱਟਾ ਇਹ ਹੋਇਆ ਕਿ ਬੜੇ ਦੇਸ਼ਾਂ ਦੇ ਸਰਬਰਾਹ ਕਾਂਗਰਸ ਵਿਚ ਆਪ ਆਉਂਦੇ ਸਨ ਅਤੇ ਛੋਟੇ ਦੇਸ਼ਾਂ ਦੇ ਪੂਰਨ ਅਧਿਕਾਰਾਂ ਵਾਲੇ ਰਾਜਦੂਤ ਇਸ ਵਿਚ ਸ਼ਾਮਲ ਹੁੰਦੇ ਸਨ। ਇਸ ਤਰ੍ਹਾਂ ਕਾਂਗਰਸ ਰਸਮੀ ਤੌਰ ਤੇ ਕਦੇ ਨਹੀਂ ਮਿਲੀ। ਪੰਜ ਵੱਡੀਆਂ ਤਾਕਤਾਂ ਦੀ ਕਮੇਟੀ ਨੇ ਸਾਰੇ ਫੈਸਲੇ ਕੀਤੇ। ਫਰਾਂਸ ਨੇ ਪੰਜਾਂ ਵਿਚੋ ਚਾਰ ਵੱਡੀਆਂ ਤਾਕਤਾਂ ਨਾਲ ਨਿਕਟ ਸੰਬੰਧ ਪੈਦਾ ਕਰ ਲਏ ਸਨ। ਸਤੰਬਰ ਅਤੇ ਅਕਤੂਬਰ, 1814 ਵਿਚ ਕਾਂਗਰਸ ਨੂੰ ਬਣਾਉਣ ਲਈ ਦੋ ਵਾਰ ਕੀਤੇ ਯਤਨ ਸਫਲ ਨਾ ਹੋ ਸਕੇ। ਤੈਲੀਰਾਂ ਨੂੰ ਰਸਮੀ ਸੈਸ਼ਨ ਬੁਲਾਉਣ ਵਿਚ ਕੋਈ ਦਿਲਚਸਪੀ ਨਾ ਰਹੀ ਉਸ ਫਰਾਂਸ ਨੂੰ ਪੰਜਵੀਂ ਵੱਡੀ ਤਾਕਤ ਦਾ ਦਰਜਾ ਦੁਆਉਣ ਵਿਚ ਸਫ਼ਲ ਹੋ ਗਿਆ।

## ਕਾਂਗਰਸ ਦੀਆਂ ਪ੍ਰਮੁੱਖ ਹਸਤੀਆਂ

ਉਹ ਪ੍ਰਮੁੱਖ ਹਸਤੀਆਂ ਜਿਨ੍ਹਾਂ ਨੇ ਵਿਆਨਾ ਕਾਂਗਰਸ ਦੇ ਮਾਮਲਿਆਂ ਵਿਚ ਆਪਣਾ ਮਹੱਤਵਪੂਰਣ ਯੋਗਦਾਨ ਪਾਇਆ ਤਿੰਨ ਕਾਂਟੀਨੈਂਟਲ ਤਾਕਤਾਂ ਦੇ ਪੂਰਨ ਅਧਿਕਾਰਾਂ ਵਾਲੇ ਰਾਜਦੂਤ ਅਤੇ ਚੌਥਾ ਗਰੇਟ ਬ੍ਰਿਟੇਨ ਸੀ। ਕੋਈ ਵੀ ਫੈਸਲਾ ਉਦੋਂ ਤਕ ਪ੍ਰਭਾਵੀ ਨਹੀਂ ਸੀ ਹੁੰਦਾ ਜਦੋਂ ਤਕ ਕਿ ਉਸ ਤੇ ਉਨ੍ਹਾਂ ਦੀ ਸਹਿਮਤੀ ਨਹੀਂ ਸੀ ਹੁੰਦੀ। ਜ਼ਾਰ ਅਲੈਗਜ਼ੈਡਰ ਦੇਸ਼ ਦੇ ਮਾਮਲਿਆਂ ਨੂੰ ਆਪ ਸੋਧ ਦੇਣ ਵਿਚ ਵਿਸ਼ਵਾਸ ਰੱਖਦਾ ਸੀ। ਉਸ ਦੇ ਸਰਬ ਅਧਿਕਾਰ ਪ੍ਰਾਪਤ ਅਧਿਕਾਰੀ ਨੈਮੇਲ ਦੀ ਕੌਸਲ ਵਿਚ ਬਹੁਤੀ ਪੁਛਗਿੱਛ ਨਹੀਂ ਸੀ। ਜ਼ਾਰ ਵਿਚ ਅਸਾਧਾਰਣ ਝੂਠਾ ਘੁਮੰਡ ਸੀ ਅਤੇ ਉਹ ਆਪਣੇ ਆਪ ਨੂੰ ਯੂਰਪ ਦਾ ਮੁਕਤੀਦਾਤਾ ਸਮਝਦਾ ਸੀ। ਪਰ ਉਹ ਬਹੁਤ ਸੂਝਵਾਨ ਅਤੇ ਦੂਰਦਰਸ਼ੀ ਵੀ ਸੀ ਅਤੇ ਆਪਣੇ ਦੇਸ਼ ਦੇ ਹਿੱਤਾਂ ਦਾ ਬਹੁਤ ਧਿਆਨ ਰੱਖਦਾ ਸੀ। ਮਹਾਨ ਤਾਕਤਾਂ ਦੇ ਉਨ੍ਹਾਂ ਸਾਰੇ ਸਿਆਸਤਦਾਨਾਂ ਵਿਚੋ, ਜਿਨ੍ਹਾਂ ਨੇ ਨੈਪੋਲੀਅਨ ਦੀ ਸ਼ਿਕਸਤ ਵਿਚ ਆਪਣਾ ਯੋਗਦਾਨ ਦਿੱਤਾ ਕੇਵਲ ਉਸੇ ਨੂੰ ਰਾਸ਼ਟਰੀਅਤਾ ਅਤੇ ਗਣਤੰਤਰ ਦੀਆਂ ਨਵੀਆਂ ਤਾਕਤਾਂ ਨੂੰ ਉਚਿਤ ਸੂਝ ਸੀ।

ਹਾਲਤ ਮੈਟਰਨਿਖ ਨੂੰ ਕਾਂਗਰਸ ਦੀ ਪ੍ਰਮੁੱਖ ਹਸਤੀ ਬਣਾਉਣ ਵਿਚ ਸਹਾਈ ਹੋਏ। ਉਹ ਇਸ ਸਭਾ ਦਾ ਪ੍ਰਧਾਨ ਸੀ। ਉਹ ਹਮੇਸ਼ਾਂ ਬਦਲਵਾਂ ਸੁਝਾਓ ਪੇਸ਼ ਕਰ ਸਕਦਾ ਸੀ। ਉਹ ਪਹਿਲੇ ਦਰਜੇ ਦਾ ਪ੍ਰਤਿਕ੍ਰਿਆਵਾਦੀ ਅਤੇ ਸਾਰੇ ਉਦਾਰ ਖਿਆਲਾਂ ਦਾ ਵਿਰੋਧੀ ਸੀ। ਉਸ ਨੂੰ ਹਰ ਗੱਲ ਵਿਚ ਸਥਿਰਤਾ ਦਾ ਜ਼ਿਆਦਾ ਧਿਆਨ ਸੀ। ਉਹ ਯੂਰਪ ਵਿਚ ਰੂਸ ਦੇ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਸੀ ਅਤੇ ਪਰਸ਼ੀਆ ਦੇ ਅਣ-ਉਚਿਤ ਮਹੱਤਤਾ ਹਾਸਿਲ ਕਰਨ ਦੇ ਵੀ ਵਿਰੁੱਧ ਸੀ। ਉਸ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਉਹ ਆਪਣੇ ਮੰਤਵ ਨੂੰ ਕੈਸਲਰੇ ਅਤੇ ਤੈਲੀਰਾਂ ਦੇ ਸਹਿਯੋਗ ਨਾਲ ਹੀ ਪੂਰਾ ਕਰ ਸਕਦਾ ਹੈ।

ਹੈਡਨਬਰਗ, ਪਰਸ਼ੀਆ ਦਾ ਪ੍ਰਤਿਨਿਧ ਇਕ ਬੀਮਾਰ ਤੇ ਕਮਜ਼ੋਰ ਵਿਅਕਤੀ ਸੀ। ਐਪਰ ਇਕ ਪੱਕੇ ਪਰਸ਼ੀਅਨ ਦੀ ਤਰ੍ਹਾਂ ਉਸ ਦੇ ਦਿਲ ਵਿਚ ਫ਼ਰਾਂਸ ਪ੍ਰਤੀ ਨਫਰਤ ਕੁਟ ਕੁਟ ਕੇ ਭਰੀ ਹੋਈ ਸੀ। ਮੈਟਰਨਿਖ ਦੇ ਵਿਪਰੀਤ ਉਸ ਨੂੰ ਫ੍ਰੈਡਰਿਕ ਵਿਲੀਅਮ ਤੀਜੇ ਦਾ ਪੂਰਨ ਵਿਸ਼ਵਾਸ ਪ੍ਰਾਪਤ ਨਹੀਂ ਸੀ, ਜਿਸ ਦੀ ਜ਼ਾਰ ਨਾਲ ਗੂੜ੍ਹੀ ਮਿੱਤਰਤਾ ਸੀ। ਮਿਲਟਰੀ ਨਾਲ ਵੀ ਉਸਦਾ ਪੂਰਾ ਮੇਲ ਜੋਲ ਨਹੀਂ ਸੀ। ਭਾਵੇਂ ਉਹ ਪੂਰਾ ਸੈਕਸਨੀ ਪ੍ਰਾਪਤ ਨਹੀਂ ਕਰ ਸਕਿਆ ਪਰ ਉਹ ਆਪਣੇ ਦੇਸ਼ ਦੀਆਂ ਹੱਦਾਂ ਨੂੰ ਵਧਾਉਣ ਵਿਚ ਸਫ਼ਲ ਰਿਹਾ। ਉਸ ਨੇ ਪਰਸ਼ੀਆ ਨੂੰ ਜਰਮਨੀ ਦੀ ਵੱਡੀ ਤਾਕਤ ਬਣਾ ਦਿੱਤਾ।

ਯੂਰਪ ਵਿਚ ਲਾਰਡ ਕੈਸਲਰੇ ਨੈਪੋਲੀਅਨ ਨੂੰ ਹਰਾਉਣ ਲਈ ਸਾਰੇ ਮਿੱਤਰ ਦੇਸ਼ਾਂ ਨੂੰ ਇਕੱਠੇ ਰੱਖਣ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ। ਸ਼ਾਂਤੀ ਸੰਮੇਲਨਾਂ ਵਿਚ ਵੀ ਉਸ ਦਾ ਭਾਰੀ ਯੋਗਦਾਨ ਸੀ। ਉਸ ਦੀ ਡਿਪਲੋਮੈਟਿਕ ਸਲਾਹੀਅਤ ਨੇ ਉਸ ਨੂੰ ਇਸ ਯੋਗ ਬਣਾਇਆ ਕਿ ਉਸ ਦਾ ਦੇਸ਼ ਕਾਂਗਰਸ ਵਿਚ ਬਤੌਰ ਸਾਲਸ ਕੰਮ ਕਰੇ। ਪੋਲਿਸ਼ ਪ੍ਰਸ਼ਨ ਤੋ ਇਲਾਵਾ ਉਹ ਬਾਕੀ ਸਾਰੀਆਂ ਗੱਲਾਂ ਦੇ ਨਿਰਣੇ ਆਪਣੇ ਪੱਖ ਵਿਚ ਕਰਵਾ ਸਕਿਆ। ਉਹ ਅਦਭੁੱਤ ਸੂਝ ਬੂਝ ਦਾ ਮਾਲਕ ਸੀ। ਉਸ ਨੇ ਜ਼ ਾਰ ਅਤੇ ਪਰਸ਼ੀਆ ਨੂੰ ਬੜੀ ਹਿੰਮਤ ਨਾਲ ਨਜਿਠਿਆ। ਉਹ ਮੈਟਰਨਿਖ ਅਤੇ ਤੈਲੀਰਾਂ ਨੂੰ ਵੀ ਆਪਣੀ ਸੀਮਾਂ ਵਿਚ ਰੱਖਣ ਵਿਚ ਸਫ਼ਲ ਰਿਹਾ। ਉਹ ਆਪਣੇ ਸਮੇਵਿਚ ਵਧੇਰੇ ਪ੍ਰਸਿੱਧ ਨਹੀਂ ਸੀ ਪ੍ਰੰਤੂ ਬਾਅਦ ਦੇ ਇਤਿਹਾਸਕਾਰਾਂ ਨੇ ਪਿਛਲੇ ਨਿਰਣਿਆਂ ਵਿਚ ਕਾਫ਼ੀ ਤਬਦੀਲੀਆਂ ਕੀਤੀਆਂ ਅਤੇ ਉਸ ਦਾ ਸ਼ੁਮਾਰ ਬ੍ਰਿਟੇਨ ਦੇ ਉਘੇ ਬਿਦੇਸ਼ ਮੰਤਰੀਆਂ ਵਿਚ ਕੀਤਾ। ਉਸ ਦਾ ਕਥਨ ਹੈ, "ਅਸੀਂ ਟਰਾਫੀਆਂ ਇਕੱਠੀਆਂ ਕਰਨ ਦੇ ਚਾਹਵਾਨ ਨਹੀਂ ਪ੍ਰੰਤੂ ਸੰਸਾਰ ਵਿਚ ਮੁੜ ਸ਼ਾਂਤੀ ਸਥਾਪਿਤ ਕਰਨ ਦੇ ਅਭਿਲਾਸ਼ੀ ਹਾਂ।" "It is not our business to collect trophies of war but to bring back the world to peaceful habits".

ਤੈਲੀਰਾਂ ਬਦਨਾਮ ਅਤੇ ਸ਼ਾਦੀ ਸ਼ੁਦਾ ਬਿਸ਼ਪ ਵੀ ਸੀ ਉਹ ਕੋਟੀ ਦਾ ਸਿਆਸਤਦਾਨ ਸੀ। ਉਹ ਫਰਾਂਸ ਦੇ ਖੋਏ ਹੋਏ ਸਿਆਸੀ ਵਕਾਰ ਨੂੰ ਮੁੜ ਸਥਾਪਿਤ ਕਰਨ ਦੀ ਪ੍ਰਬਲ ਇੱਛਾ ਰੱਖਦਾ ਸੀ। ਯੂਰਪ ਦੇ ਸੰਮੇਲਨਾਂ ਵਿਚ ਉਸ ਦਾ ਮਹੱਤਵਪੂਰਣ ਸਥਾਨ ਰਿਹਾ, ਉਸ ਨੂੰ ਫਰਾਂਸ ਦੇ ਹਿੱਤਾਂ ਦੀ ਬੜੀ ਚਿੰਤਾ ਸੀ। ਉਹ ਫਰਾਂਸ ਨੂੰ ਯੂਰਪ ਦੀ ਪੰਜਵੀਂ ਬੜੀ ਸ਼ਕਤੀ ਦਾ ਦਰਜਾ ਦੁਆਉਣ ਵਿਚ ਸਫ਼ਲ ਹੋਇਆ। ਉਹ ਫਰਾਂਸ ਵਿਰੋਧੀ ਗਠਜੋੜ ਨੂੰ ਤੋੜਨ ਵਿਚ ਸਫਲ ਰਿਹਾ।

ਉਕਤ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਨੂੰ ਕੁਝ ਸੂਝਵਾਨ ਵਿਅਕਤੀਆਂ ਦੀ ਸਹਾਇਤਾ ਮਿਲਣ ਦਾ ਮਾਣ ਪ੍ਰਾਪਤ ਰਿਹਾ। ਸਾਰੀਆਂ ਵੱਡੀਆਂ ਤਾਕਤਾਂ ਦੇ ਚੰਗੇ ਯੋਗ ਸਲਾਹਕਾਰ ਸਨ ਜਿਹੜੇ ਉਚਿਤ ਸਮੇ ਆਪਣੀ ਵਡਮੁੱਲੀ ਸਲਾਹ ਦਿੰਦੇ ਸਨ। ਛੋਟੇ ਰਾਜਾਂ ਅਤੇ ਹੋਰਨਾਂ ਤਾਕਤਾਂ ਦੇ ਪੂਰਨ ਅਧਿਕਾਰਾਂ ਵਾਲੇ ਰਾਜਦੂਤਾਂ ਨੂੰ ਕੇਵਲ ਉਦੋ ਹੀ ਬੁਲਾਇਆ ਜਾਂਦਾ ਸੀ ਜਦੋ ਉਨ੍ਹਾਂ ਦੇ ਮਾਮਲਿਆਂ ਬਾਰੇ ਵਿਚਾਰ ਵਟਾਂਦਰਾਂ ਹੁੰਦਾ ਸੀ। ਹੋਰਵੇ ਹਾਲਾਤ ਵਿਚ ਉਹ ਕੇਵਲ ਬੀਤ ਰਹੇ ਹਾਲਾਤ ਦੇ ਦਰਸ਼ਕ ਹੁੰਦੇ ਸਨ।

## ਕਾਂਗਰਸ ਦੀ ਕਾਰਜ ਵਿਧੀ

ਚਾਰ ਮਹਾਨ ਤਾਕਤਾਂ ਇਸ ਗੱਲ ਤੇ ਦ੍ਰਿੜ੍ਹ ਸਨ ਕਿ ਕਾਂਗਰਸ ਯੂਰਪ ਦੀ ਉੱਚਤਮ ਕੌਸਲ ਨਾ ਸਮਝੀ ਜਾਵੇ ਜਿਵੇ ਕਿ ਤੈਲੀਰਾਂ ਦਾ ਸ਼ੁਰੂ ਵਿਚ ਵਿਚਾਰ ਸੀ, ਪ੍ਰੰਤੂ ਕੇਵਲ ਇਕ ਸੁਵਿਧਾਜਨਕ ਸਭਾ ਹੀ ਸਮਝੀ ਜਾਵੇ ਜਿਹੜੀ ਉਨ੍ਹਾਂ ਦੇ ਫੈਸਲਿਆਂ ਦਾ ਰਜਿਸਟਰੇਸ਼ਨ ਬਣਾ ਸਕੇ। ਉਨ੍ਹਾਂ ਨੇ ਕਾਂਗਰਸ ਦੀ ਸੰਚਾਲਨ ਕਮੇਟੀ ਵਜੋ ਕਾਰਜ ਕਰਨ ਦਾ ਫੈਸਲਾ ਕੀਤਾ। ਕਮੇਟੀ ਵਿਚ ਫਰਾਂਸ ਅਤੇ ਸਪੇਨ ਨੂੰ ਸ਼ਾਮਲ ਕਰਨ ਲਈ ਇਸ ਨੂੰ ਛੇ ਤਾਕਤਾਂ ਤਕ ਵਧਾਉਣ ਦਾ ਫੈਸਲਾ ਕੀਤਾ ਗਿਆ। ਪਰ ਤੈਲੀਰਾਂ ਪੁਰਤਗਾਲ ਅਤੇ ਸਵੀਡਨ ਨੂੰ ਵੀ ਸ਼ਾਮਲ ਕਰਵਾਉਣ ਵਿਚ ਸਫ਼ਲ ਹੋ ਗਿਆ। ਇਸ ਤਰ੍ਹਾਂ ਇਸ ਕਮੇਟੀ ਵਿਚ ਅੱਠ ਤਾਕਤਾਂ ਸ਼ਾਮਲ ਹੋ ਗਈਆਂ। ਇਨ੍ਹਾਂ ਅੱਠਾਂ ਤਾਕਤਾਂ ਦਾ ਪ੍ਰਧਾਨ ਮੈਟਰਨਿਖ ਸੀ। ਭਾਵੇ ਇਨ੍ਹਾਂ ਅੱਠ ਤਾਕਤਾਂ ਦੀ ਇਕੱਤਰਤਾ ਕਈ ਮੌਕਿਆਂ ਤੇ ਹੋਈ ਅਤੇ ਅੱਠਾਂ ਨੂੰ ਵਿਆਨਾਂ ਸਮਝੌਤੇ ਤੇ ਹਸਤਾਖਰ ਕਰਨ ਲਈ ਵੀ ਬੁਲਾਇਆ ਗਿਆ ਪ੍ਰੰਤੂ ਵਾਸਤਵ ਵਿਚ ਫੈਸਲਾ ਪੰਜਾਂ ਤਾਕਤਾਂ ਦੀ ਕਮੇਟੀ ਹੀ ਕਰਦੀ ਸੀ (ਚਾਰ ਮਹਾਨ ਤਾਕਤਾਂ ਅਤੇ ਪੰਜਵਾਂ ਫ਼ਰਾਂਸ)। ਇਹੀ ਤਾਕਤਾਂ ਸਾਰੇ ਮਾਮਲਿਆਂ ਤੇ ਵਿਚਾਰ ਵਟਾਂਦਰਾ ਅਤੇ ਫੈਸਲਾ ਕਰਦੀਆਂ ਸਨ। ਕਈ ਹੋਰ ਫੈਸਲੇ

ਕਰਨ ਲਈ ਦਸ ਤੋ ਵਧ ਹੋਰ ਕਮੇਟੀਆਂ ਵੀ ਸਨ। ਇਨ੍ਹਾਂ ਵਲੋਂ ਕੀਤੇ ਫੈਸਲੇ ਵੀ ਪੰਜਾਂ ਤਾਕਤਾਂ ਦੁਆਰਾ ਕੀਤੇ ਫੈਸਲੇ ਹੀ ਸਮਝੇ ਜਾਂਦੇ ਸਨ।

## ਮੁੱਖ ਸਿਧਾਂਤ

ਵਿਆਨਾ ਸਮਝੌਤੇ ਵਿਚ ਜਿੱਥੋ ਤੱਕ ਸੰਭਵ ਹੋ ਸਕਿਆ ਬਹਾਲੀ ਉਚਿੱਤ (Legitimacy) ਅਤੇ ਮੁਆਵਜੇ ਦੇ ਸਿਧਾਂਤਾਂ ਨੂੰ ਅਪਣਾਇਆ ਗਿਆ। ਬਹਾਲੀ ਦੇ ਸਿਧਾਂਤਾਂ ਦਾ ਅਰਥ ਸੀ, ਕਿ ਜਿੱਥੋ ਤਕ ਸੰਭਵ ਹੋ ਸਕੇ ਜਿਹੜੇ ਵੰਸ਼ ਫਰਾਂਸ ਦੀ ਕਰਾਂਤੀ ਤੋਂ ਅਤੇ ਨੈਪੋਲੀਅਨ ਦੇ ਉਥਾਨ ਤੋਂ ਪਹਿਲਾਂ ਰਾਜ ਕਰਦੇ ਸਨ ਉਨ੍ਹਾਂ ਨੂੰ ਉਹ ਇਲਾਕੇ ਮੁੜ ਸੌਂਪ ਦਿੱਤੇ ਜਾਣ। ਬਹਾਲੀ ਦੇ ਸਿਧਾਂਤ ਨਾਲ ਜੁੜਿਆ ਹੋਇਆ ਸੀ ਉਚਿੱਤਤਾ ਦਾ ਪ੍ਰਸ਼ਨ ਸੀ। ਤੈਲੀਰਾਂ ਨੇ ਇਹ ਸਿਧਾਂਤ ਇਸ ਲਈ ਪੇਸ਼ ਕੀਤਾ ਸੀ ਤਾਂ ਜੋ ਕੋਈ ਦੇਸ਼ ਫਰਾਂਸ ਦੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਨਾ ਕਰ ਲਵੇ। ਦੂਜੇ ਫ਼ਰਾਂਸ ਉਕਤ ਕਾਰਜ ਵਿਚ ਆਪਣਾ ਗੌਰਵਮਈ ਯੋਗਦਾਨ ਦੇ ਸਕੇ।

ਉਚਿੱਤਤਾ ਦੇ ਸਿਧਾਂਤ ਵਿਚ ਦੋ ਹੋਰ ਕਾਰਨਾਂ ਕਰਕੇ ਵੀ ਤਰਮੀਮ ਕਰਨੀ ਪਈ। ਮੁਆਵਜ਼ੇ ਦਾ ਸਿਧਾਂਤ ਮਹਾਨ ਤਾਕਤਾਂ ਦੀ ਜ਼ਮੀਨ ਦੀ ਭੁੱਖ ਦੀ ਸੰਤੁਸ਼ਟੀ ਕਰਕੇ ਲਾਗੂ ਕੀਤਾ ਗਿਆ ਸੀ। ਵਿਜੇਤਾ ਤਾਕਤਾਂ ਹੋਰ ਇਲਾਕਿਆਂ ਨੂੰ ਆਪਣੇ ਰਾਜ ਵਿਚ ਸ਼ਾਮਿਲ ਕਰਕੇ ਆਪਣੀ ਤਾਕਤ ਨੂੰ ਵਧਾਉਣਾ ਚਾਹੁੰਦੀਆਂ ਸਨ।

ਦੂਜਾ ਕਾਰਨ ਜਿਸ ਨੇ ਉਚਿੱਤਤਾ ਦੇ ਸਿਧਾਂਤ ਨੂੰ ਲਾਗੂ ਕਰਨ ਵਿਚ ਘਾਟੇ ਵਾਧੇ ਕੀਤੇ ਫ਼ਰਾਂਸ ਦਾ ਡਰ ਅਤੇ ਦੁਸ਼ਮਣੀ ਸੀ। ਜੇਤੂ ਤਾਕਤਾਂ ਫਰਾਂਸ ਦੇ ਆਲੇ ਦੁਆਲੇ ਦੇ ਦੇਸ਼ਾਂ ਨੂੰ ਤਾਕਤਵਾਰ ਬਣਾ ਦੇਣ ਦੀਆਂ ਚਾਹਵਾਨ ਸਨ।

ਭਵਿੱਖ ਵਿਚ ਅਮਨ ਨੂੰ ਯਕੀਨੀ ਬਣਾਉਣ ਲਈ ਸ਼ਕਤੀ ਦੇ ਸੰਤੁਲਨ ਦਾ ਕੋਈ ਢਾਂਚਾ ਸਥਾਪਿਤ ਕਰਨਾ ਜ਼ਰੂਰੀ ਸਮਝਿਆ ਗਿਆ। ਇਸੇ ਕਾਰਨ ਕਰਕੇ ਬ੍ਰਿਟੇਨ ਅਤੇ ਆਸਟਰੀਆ ਪੂਰਬੀ ਯੂਰਪ ਵਿਚ ਰੂਸ ਦੇ ਹਿੱਤਾਂ ਦੇ ਵਧਣ ਦੇ ਵਿਰੁੱਧ ਸਨ।

## ਮੁੱਖ ਫੈਸਲੇ

1. ਜ਼ਾਰ ਅਲੈਗਜ਼ੈਂਡਰ ਦੇ ਕਬਜ਼ੇ ਵਿਚ ਵਾਰਸਾ ਦੀ ਡੱਚੀ ਸੀ। ਫੈਸਲੇ ਅਨੁਸਾਰ ਪੋਲੈਂਡ ਹੱਦਾਂ ਵਿਚ ਜ਼ਾਰ ਦੇ ਨਿਜੀ ਸ਼ਾਸਨ ਅਧੀਨ ਮੁੜ ਸਥਾਪਿਤ ਕੀਤੀਆਂ ਗਈਆਂ। ਰੂਸ ਦਾ ਫਿਨਲੈਂਡ ਉੱਤੇ ਅਧਿਕਾਰ ਵੀ ਮੰਨ ਲਿਆ ਗਿਆ।
2. ਪਰਸ਼ੀਆਂ ਨੂੰ ਪੋਲੈਂਡ ਵਿਚਲੇ ਇਲਾਕੇ ਦੇ ਬਦਲੇ ਸਾਰੀ ਸੈਕਸਨੀ ਪ੍ਰਾਪਤ ਨਾ ਹੋ ਸਕੀ ਅਤੇ ਉਸ ਨੂੰ ਅੱਧੇ ਸੈਕਸਨੀ ਇਲਾਕੇ ਤੇ ਹੀ ਸੰਤੁਸ਼ਟ ਹੋਣਾ ਪਿਆ। ਰਾਇਨ ਪ੍ਰਦੇਸ਼ ਵਿਚ ਪ੍ਰਸ਼ੀਆ ਨੂੰ ਵੈਸਟਫੇਲੀਆ, ਕਲੀਵਜ਼ ਅਤੇ ਬਰਗ ਦੇ ਇਲਾਕੇ ਮਿਲ ਗਏ।
3. ਜਰਮਨ ਕਨਫੈਡਰੇਸ਼ਨ ਵਿਚ 38 ਰਾਜ ਸ਼ਾਮਲ ਸਨ। ਜਰਮਨ ਰਾਸ਼ਟਰਵਾਦੀ ਫੈਡਰਲ ਯੂਨਾਈਟਿਡ ਜਰਮਨੀ ਦੀ ਖਾਹਿਸ਼ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ।
4. ਇਸ ਫੈਸਲੇ ਅਨੁਸਾਰ ਬੈਲਜੀਅਮ ਅਤੇ ਡੱਚ ਗਣਤੰਤਰ ਮਿਲਾ ਕੇ ਓਰੈਂਜ ਵੰਸ਼ ਦੇ ਅਧੀਨ ਕਰ ਦਿੱਤੇ ਗਏ, ਇਹ ਡੱਚ ਰਾਜ ਦਾ ਜਾਇਜ਼ ਹੱਕਦਾਰ ਵੰਸ਼ ਸੀ। ਇਸ ਦਾ ਨਾਂ ਨੀਦਰਲੈਂਡ ਰੱਖ ਦਿੱਤਾ ਗਿਆ। ਇਹ ਫ਼ਰਾਂਸ ਦੇ ਗੁਆਂਢ ਵਿਚ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ ਗਿਆ ਸੀ। ਇਹ ਯੂਨੀਅਨ ਲੋਕ ਪ੍ਰਿਆ ਨਹੀਂ ਹੋਈ ਕਿਉਕਿ ਦੋਨੋ ਦੇਸ਼ਾਂ ਦੇ ਧਰਮ ਅਤੇ ਭਾਸ਼ਾ ਵੱਖ-ਵੱਖ ਸਨ। ਇਹ ਦੋਵੇ ਦੇਸ਼ 1830 ਵਿਚ ਅੱਡ ਹੋ ਗਏ।

5. ਰੂਸ ਨੂੰ ਸਵੀਡਨ ਤੋ ਫ਼ਿਨਲੈਂਡ ਮਿਲਿਆ ਅਤੇ ਸਵੀਡਨ ਨੂੰ ਡੈਨਮਾਰਕ ਤੋਂ ਨਾਰਵੇ ਦਾ ਇਲਾਕਾ ਦਿਵਾਇਆ ਗਿਆ।
6. ਬਵੇਰੀਆਂ ਨੂੰ ਹਾਨੀ ਪੂਰਤੀ ਵਜੋ ਅਲਸੇਸ ਤਕ ਵਧਿਆ ਇਲਾਕਾ ਮਿਲਿਆ। ਮੇਐਸ ਬਵੇਰੀਆ ਨੂੰ ਨਹੀਂ ਦਿੱਤਾ ਗਿਆ ਪ੍ਰੰਤੂ ਕਨਫੈਡਰੇਸ਼ਨ ਦੇ ਸਪੁਰਦ ਕਰ ਦਿੱਤਾ ਗਿਆ।
7. ਸਵਿਸ ਕਨਫੈਡਰੇਸ਼ਨ ਨੇ ਨੈਪੋਲੀਅਨ ਦੁਆਰਾ 1808 ਵਿਚ ਦਿੱਤੇ ਸੰਵਿਧਾਨ ਦੀਆਂ ਲੀਹਾਂ ਨੂੰ ਅਪਣਾਇਆ। ਪਰ ਹੁਣ ਉਸ ਵਿਚ 19 ਦੀ ਬਜਾਏ 22 ਕੈਟਨ ਸਨ। ਉਸ ਦੀ ਸੁਤੰਤਰਤਾ ਅਤੇ ਨਿਰਪੱਖਤਾ ਨੂੰ ਸਾਰੇ ਦੇਸ਼ਾਂ ਨੇ ਪਰਵਾਨ ਕਰ ਲਿਆ।
8. ਇੰਗਲੈਂਡ ਨੂੰ ਮਹੱਤਵਪੂਰਣ ਕਾਲੋਨੀਅਲ ਖੇਤਰ ਪ੍ਰਾਪਤ ਹੋਏ। ਉਸ ਨੂੰ ਯੂਰਪ ਵਿਚ ਮਾਲਟਾ, ਹੋਲੀਗੋਲੈਂਡ ਅਤੇ ਆਇਓਨੀਅਨ ਦੇ ਦੀਪ ਮਿਲੇ ਉਸ ਨੂੰ ਸਪੇਨ ਤੋ ਤ੍ਰਿਨੀਦਾਦ, ਫਰਾਂਸ ਤੋਂ ਮਾਰੇਸ਼ੀਅਸ (Marutius), ਸੇਟ ਤੇਬੋਗੋ, ਹਾਂਡਰਸ ਅਤੇ ਸੇਟ ਲੂਸੀਆ ਅਤੇ ਹਾਲੈਡ ਤੋਂ ਕੈਂਪ ਕਾਲੋਨੀ ਅਤੇ ਲੰਕਾ ਦੇ ਇਲਾਕੇ ਪ੍ਰਾਪਤ ਹੋਏ।
9. ਇਟਲੀ ਵਿਚ ਨੈਪੋਲੀਅਨ ਦੁਆਰਾ ਸਥਾਪਿਤ ਵਿਵਸਥਾ ਖ਼ਤਮ ਕਰ ਦਿੱਤੀ ਅਤੇ ਪਹਿਲਾਂ ਵਾਲੀ ਹਾਲਤ ਬਹਾਲ ਕਰ ਦਿੱਤੀ। ਨੇਪਲਜ਼ ਤੇ ਸਿਸਲੀ ਦੇ ਰਾਜ ਉੱਤੇ ਪੁਰਾਣੇ ਬੂਰਬੋ ਵੰਸ਼ ਦਾ ਰਾਜੇ ਫਰਡੀਨੈਡ ਚੌਥੇ ਦਾ ਰਾਜ ਸਥਾਪਿਤ ਕਰ ਦਿੱਤਾ, ਪੀਡਮਾਂਟ ਤੇ ਸਾਰਡੀਨੀਆ ਦੇ ਰਾਜ ਨੂੰ ਨੀਸ, ਸਵਾਏ ਅਤੇ ਜੇਨੋਆ ਦੇ ਪ੍ਰਦੇਸ਼ ਦਿੱਤੇ ਗਏ। ਪੋਪ ਨੂੰ ਰੋਮ ਦਾ ਰਾਜ ਵਾਪਿਸ ਕਰ ਦਿੱਤਾ ਗਿਆ। ਨੈਪੋਲੀਅਨ ਦੀ ਦੂਜੀ ਪਤਨੀ ਮੇਰੀ ਲੂਈਸੇ ਨੂੰ ਪਰਮਾ ਤੇ ਡੱਚੀ ਦਾ ਰਾਜ ਦੇ ਦਿੱਤਾ ਗਿਆ। ਲੰਬਾਰਡੀ ਤੇ ਵੇਨਿਸ਼ਿਆ ਤੇ ਆਸਟਰੀਆ ਦਾ ਅਧਿਕਾਰ ਮੰਨ ਲਿਆ ਗਿਆ, ਆਸਟਰੀਆ ਦੇ ਰਾਜਕੁਮਾਰ ਦਾ ਟਸਕਨੀ ਅਤੇ ਮੋਡੇਨਾ ਦੇ ਰਾਜਾਂ ਤੇ ਅਧਿਕਾਰ ਮੰਨ ਲਿਆ।
10. ਸਪੇਨ ਦੀਆਂ ਪੁਰਾਣੀਆਂ ਸੀਮਾਵਾਂ ਕਾਇਮ ਕਰ ਦਿੱਤੀਆਂ ਗਈਆਂ, ਉਨ੍ਹਾਂ ਉੱਤੇ ਉਥੋ ਦੇ ਪੁਰਾਣੇ ਰਾਜਿਆਂ ਦਾ ਅਧਿਕਾਰ ਮੰਨ ਲਿਆ ਗਿਆ।

ਰਾਜਨੀਤਿਕ ਖੇਤਰ ਵਿਚ ਤਬਦੀਲੀਆਂ ਕਰਨ ਤੋਂ ਇਲਾਵਾ ਕੁਝ ਮਨੁੱਖੀ ਕਲਿਆਣ ਸੰਬੰਧੀ ਵੀ ਨਿਯਮ ਬਣਾਏ ਜਿਵੇਂ ਦਾਸ ਪ੍ਰਥਾ ਦੀ ਨਿਖੇਧੀ, ਅੰਤਰ ਰਾਸ਼ਟਰੀ ਜਹਾਜ਼ਰਾਨੀ ਦਾ ਕਾਨੂੰਨ ਅਤੇ ਯੂਰਪੀ ਸੰਯੁਕਤ ਵਿਵਸਥਾ ਦੀ ਸਥਾਪਨਾ ਕਰਨੀ।

## ਆਲੋਚਨਾ

ਵਿਆਨਾ ਸਮਝੌਤੇ ਪੁਰਾਣੇ ਸਮੇਂ ਦੇ ਰਾਜਿਆਂ ਅਤੇ ਕੁਲੀਨਤੰਤਰ ਵਾਦੀ ਡਿਪਲੋਮੇਟਾਂ ਦੁਆਰਾ ਅਮਲ ਵਿਚ ਲਿਆਂਦਾ ਗਿਆ। ਇਹ ਅਠਾਰਵੀਂ ਸਦੀ ਦੀ ਭਾਵਨਾ ਨੂੰ ਰੂਪਮਾਨ ਕਰਦਾ ਸੀ। 19ਵੀਂ ਸਦੀ ਦੀ ਤੇਜੀ ਨਾਲ ਬਦਲ ਰਹੀ ਦੁਨੀਆਂ ਵਿਚ ਇਹ ਕੇਵਲ ਇਕ ਸੀਮਤ ਹੱਦ ਤਕ ਹੀ ਲਾਗੂ ਹੋ ਸਕਦਾ ਸੀ। ਇਸ ਵਿਚ ਨਵੀਆਂ ਉਭਰ ਰਹੀਆਂ ਰਾਸ਼ਟਰੀਅਤਾ ਅਤੇ ਉਦਾਰਵਾਦ ਵਲ ਉਚਿਤ ਧਿਆਨ ਨਹੀਂ ਸੀ ਦਿੱਤਾ ਗਿਆ। ਵਾਸਤਵ ਵਿਚ ਉਸ ਸਮੇ ਅਰਥਾਤ 1815 ਵਿਚ ਬਹੁਤ ਘੱਟ ਲੋਕ ਉਨ੍ਹਾਂ ਦੀ ਗਤੀਸ਼ੀਲਤਾ ਨੂੰ ਅਨੁਭਵ ਕਰ ਸਕੇ। ਇਸ ਨੂੰ ਬਣਾਉਣ ਵਾਲੇ ਵੀ ਪੂਰਨ ਤੌਰ ਤੇ ਸੁਤੰਤਰ ਨਹੀਂ ਸਨ। ਉਨ੍ਹਾਂ ਨੂੰ ਪਹਿਲਾਂ ਹੀ ਕੀਤੇ ਜਾ ਚੁੱਕੇ ਸਮਝੌਤਿਆਂ ਦਾ ਵੀ ਪਾਸ ਰੱਖਣਾ ਲਾਜ਼ਮੀ ਸੀ। ਇਸ ਵਿਚ ਸ਼ਾਮਲ ਹੋਣ ਵਾਲੀਆਂ ਤਾਕਤਾਂ ਦੇ ਵਿਰੋਧੀ ਹਿੱਤਾਂ ਸੰਬੰਧੀ ਸਮਝੌਤਾ ਕਰਨ ਦੀ ਵੀ ਜ਼ਰੂਰਤ ਸੀ। ਸਮੁੱਚੇ ਤੌਰ ਤੇ ਸਮਝੌਤਾ ਮੁਨਾਸਿਬ ਸੀ। ਇਸ ਨੇ ਯੂਰਪ ਵਿਚ ਅਗਲੇ

ਪੰਜਾਹ ਸਾਲ ਤਕ ਸ਼ਾਂਤੀ ਸਥਾਪਿਤ ਕੀਤੀ। ਇਸ ਬਾਰੇ ਫ਼ੀਫ (Fyffee) ਦਾ ਕਥਨ ਹੈ, "ਇਹ ਦੋ ਸਦੀਆਂ ਵਿਚਾਲੇ ਸੀਮਾ ਲਾਈਨ ਸੀ, ਇਹ ਇਤਿਹਾਸ ਵਿਚ ਇਕ ਮੀਲ ਪੱਥਰ ਸੀ।" ਇਹ ਸਮਝੌਤੇ ਦਾ ਠੀਕ ਨਿਰਧਾਰਣ ਸਨ।

ਵਿਆਨਾ ਸਮਝੌਤੇ ਦੀਆਂ ਮੁੱਖ ਖਾਮੀਆਂ ਨਿਮਨ ਲਿਖਤ ਸਨ :–

1. ਸਮਝੌਤੇ ਵਿਚ ਸਦੀਵੀਪਣ ਨਹੀਂ ਸੀ ਅਤੇ ਉਸ ਦਾ ਬਹੁਤ ਕੁਝ ਆਰਜ਼ੀ ਸੀ। ਬਹੁਤ ਸਾਰੀਆਂ ਵਿਵਸਥਾਵਾਂ ਥੋੜਚਿਰੀਆਂ ਸਾਬਤ ਹੋਈਆਂ ਅਤੇ ਸਮੇ ਦੇ ਬੀਤਣ ਨਾਲ ਖ਼ਤਮ ਹੋ ਗਈਆਂ। ਬੈਲਜੀਅਮ ਅਤੇ ਹਾਲੈਂਡ ਨੂੰ ਨੇਦਰਲੈਂਡ ਦੇ ਰਾਜ ਦਾ ਭਾਗ ਬਣਾਇਆ ਗਿਆ ਸੀ। 1830 ਵਿਚ ਦੋਵੇਂ ਦੇਸ਼ ਫੇਰ ਅੱਡ ਅੱਡ ਹੋ ਗਏ।

   ਇਸੇ ਤਰ੍ਹਾਂ ਸਵੀਡਨ ਅਤੇ ਨਾਰਵੇ ਏਕੀਕਰਨ 1904 ਵਿਚ ਖ਼ਤਮ ਹੋ ਗਿਆ। ਸਵੀਡਨ ਤੋਂ ਰੂਸ ਨੂੰ ਫਿਨਲੈਂਡ ਦਾ ਦਿਵਾਇਆ ਹੋਇਆ ਇਲਾਕਾ, 1917 ਵਿਚ ਸੁਤੰਤਰ ਦੇਸ਼ ਬਣ ਗਿਆ। ਜਰਮਨੀ ਅਤੇ ਇਟਲੀ ਦਾ ਸੁਮੇਲ ਪ੍ਰਬੰਧ ਬਿਸਮਾਰਕ ਅਤੇ ਕੈਵੂਰ ਨੀਤੀਆਂ ਅਤੇ ਕੰਮਾਂ ਨਾਲ 1870 ਤਕ ਖ਼ਤਮ ਹੋ ਗਿਆ।

2. ਇਸ ਸਮਝੌਤੇ ਵਿਚ ਪੋਲੈਂਡ, ਜਰਮਨੀ ਅਤੇ ਇਟਲੀ ਦੀਆਂ ਰਾਸ਼ਟਰੀ ਲਹਿਰਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਸੀ। ਪੋਲੈਂਡ 1919 ਵਿਚ ਆਜ਼ਾਦ ਹੋਇਆ। ਜਰਮਨੀ ਦੇ ਏਕੀਕਰਨ ਦਾ ਸੁਪਨਾ 1870 ਵਿਚ ਸਾਕਾਰ ਹੋਇਆ। ਭਾਵੇਂ ਇਟਲੀ ਲਈ ਮੁਸੀਬਤ ਹੀ ਇਕ ਵਰਦਾਨ ਸਾਬਤ ਹੋਈ। 1815 ਵਿਚ ਜੇਨੋਆ, ਪੀਡਮਾਂਡ ਅਤੇ ਸਾਰਡੀਨੀਆ ਦੀ ਯੂਨੀਅਨ ਦਿੱਤੀ ਗਈ। ਸਾਰਡੀਨੀਆ ਨੇ ਕੈਵੂਰ ਦੀ ਅਗਵਾਈ ਹੇਠ ਇਟਲੀ ਦੇ ਏਕੀਕਰਨ ਨੂੰ ਪੂਰਾ ਕਰਨ ਵਿਚ ਯੋਗਦਾਨ ਪਾਇਆ। ਗੈਰੀਬਾਲਡੀ ਜਿਹੜਾ ਜੇਨੋਆ ਦਾ ਰਹਿਣ ਵਾਲਾ ਸੀ, ਨੇ ਨੇਪਲਜ਼ ਅਤੇ ਸਿਸਲੀ ਦੇ ਇਲਾਕਿਆਂ ਨੂੰ ਇਟਲੀ ਨਾਲ ਜੋੜਿਆ।

3. ਇਸ ਸਮਝੌਤੇ ਨੇ ਆਪਣੇ ਦੇਸ਼ ਵਿਚ ਪ੍ਰਤਿਕਿਰਿਆਵਾਦੀ ਹਕੂਮਤਾਂ ਸਥਾਪਿਤ ਕਰਕੇ ਉਦਾਰਵਾਦੀਆਂ ਨੂੰ ਨਿਰਾਸ਼ ਕਰ ਦਿੱਤਾ। ਇਸ ਦੀ ਪ੍ਰਤਿਕਿਰਿਆ ਹਰ ਪਾਸੇ ਹੋਈ। ਨੇਪਲਜ਼ ਅਤੇ ਸਪੇਨ ਨੂੰ ਸਭ ਤੋ ਵਧ ਹਾਨੀ ਹੋਈ।

4. ਇਨਸਾਨਾਂ ਨੂੰ ਸਮਝੌਤਾਕਾਰਾਂ ਦੀ ਵਿਉਂਤ ਅਨੁਸਾਰ ਇਕ ਜਾਂ ਦੂਜੇ ਰਾਜ ਵਿਚ ਮਿਲਾਇਆ ਜਾ ਸਕਦਾ ਸੀ। ਇਨ੍ਹਾਂ ਰਾਜਾਂ ਨੂੰ ਉਤਨੀ ਹੀ ਆਬਾਦੀ ਮੁਹੱਈਆ ਕਰਨੀ ਸੀ ਜਿੰਨੀ ਕਿ ਕ੍ਰਾਂਤੀ ਤੋ ਪਹਿਲਾਂ ਉਨ੍ਹਾਂ ਦੇ ਰਾਜ ਅਧੀਨ ਸੀ।

5. ਰਾਜਿਆਂ ਦਾ ਰਿਆਸਤਾਂ ਸੰਬੰਧੀ ਜਾਇਜ਼ਪੁਣੇ ਦਾ ਸਿਧਾਂਤ ਲਾਗੂ ਕੀਤਾ ਗਿਆ, ਪ੍ਰੰਤੂ ਇਹ ਗਣਰਾਜਾਂ ਤਕ ਨਾ ਵਧਾਇਆ ਗਿਆ। ਜਨੇਵਾ ਅਤੇ ਵੀਨਿਸ ਨੂੰ ਉਨ੍ਹਾਂ ਦੇ ਰੀਪਬਲਿਕ ਰਾਜ ਬਹਾਲ ਨਹੀਂ ਕੀਤੇ ਗਏ।

6. ਕਾਂਗਰਸ ਨੇ ਪੂਰਬੀ ਪ੍ਰਸ਼ਨ ਨੂੰ ਨਿਪਟਾਉਣ ਦਾ ਯਤਨ ਨਹੀਂ ਕੀਤਾ ਸਗੋ ਇਸ ਨੂੰ ਹੋਰ ਵੀ ਪੇਚੀਦਾ ਬਣਾ ਦਿੱਤਾ। ਕੈਸਲਰੇ ਨੇ ਇਕ ਵਾਰ ਅਲੈਗਜ਼ੈਂਡਰ ਪਹਿਲੇ ਨਾਲ ਇਸ ਨੂੰ ਨਜਿਠਣ ਦੀ ਕੋਸ਼ਿਸ਼ ਕੀਤੀ ਅਤੇ ਪਰ ਬੁਚਾਰਸਟ ਦੀ 1813 ਦੀ ਸੰਧੀ ਇਸ ਵਿਚ ਰੋੜਾ ਬਣ ਗਈ।

ਵਿਆਨਾ ਸਮਝੌਤੇ ਨੂੰ ਤਿਆਰ ਕਰਨ ਵਾਲੇ ਸਿਆਸਤਦਾਨਾਂ ਨੇ ਬਹੁਤ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖਿਆ, ਪਰ ਉਹ ਆਉਣ ਵਾਲੇ ਸਮੇ ਦੀਆਂ ਉਲਝਣਾਂ ਦਾ ਅਨੁਮਾਨ ਨਹੀਂ ਲਾ

ਸਕੇ। ਉਨ੍ਹਾਂ ਤਾਕਤਾਂ ਦਾ ਮੁੱਖ ਉਦੇਸ਼ ਯੂਰਪ ਦੀ ਖੋਈ ਹੋਈ ਸ਼ਾਂਤੀ ਨੂੰ ਮੁੜ ਬਹਾਲ ਕਰਨਾ ਸੀ। ਭਾਵੇਂ ਇਹ ਤਾਕਤਾਂ ਸਮੇਂ ਸਮੇਂ ਆਪਣੇ ਹਿੱਤਾਂ ਨੂੰ ਤਿਆਗ ਨਹੀਂ ਸਕੀਆਂ ਪਰ ਇਸ ਸਮਝੌਤੇ ਨੇ ਯੂਰਪ ਨੂੰ ਅਗਲੇ ਪੰਜਾਹ ਸਾਲਾਂ ਤਕ ਸ਼ਾਂਤੀ ਜ਼ਰੂਰ ਪ੍ਰਦਾਨ ਕੀਤੀ।

## ਪ੍ਰਸ਼ਨ

1. ਵਿਆਨਾ ਕਾਂਗਰਸ ਦੇ ਉਦੇਸ਼ਾਂ ਦਾ ਵਰਨਣ ਕਰੋ। ਇਸ ਨੇ ਉਨ੍ਹਾਂ ਦੀ ਪ੍ਰਾਪਤੀ ਲਈ ਕੀ ਸਿਧਾਂਤ ਅਪਣਾਏ ?

## SUGGESTED BOOKS


1. Ketelby, C.D.M. : *A History of Modern Times from 1789, pp. 145-202*
2. Stephens, H. Morse : *Revolutionary Europe (1789 to 1815), pp. 300 36.*
3. Schevill, Ferdinand : *A History of Europe from the Reformation to the Present day, pp. 448-53*
4. Webster, Charles : *The Congress of Vienna*
5. Thomas, David : *Europe Since Napoleon pp. 54, 64-67*
6. Hazen, C.D. : *Modern Europe upto 1945, pp. 234-39*
7. Stell, H.R. : *European History (Bell Series)*
8. ਰਾਜਿੰਦਰ ਸਿੰਘ : *ਯੂਰਪ ਦਾ ਇਤਿਹਾਸ (1789–1870)*
9. ਅਰੋੜਾ, ਏ. ਸੀ. : *ਵਿਸ਼ਵ ਦਾ ਇਤਿਹਾਸ (1500–1950)*